# Charan Electric Enterprises



ਸ. ਕੁਲਵੰਤ ਸਿੰਘ ਦਿਓਲ

*IT Consulting Services
*LAN/WAN Design and Impementation
*Data Center Design and Build Out
*Data/Telephony Cabling
*Security Solutions
*Application Development and Optimization

Job Opportunities Available

Charan Electric Enterprises

25 Years of Experience

*ਆਈ ਟੀ ਕੰਸਲਟਿੰਗ ਸਰਵਿਸਜ਼
*ਲੈਨ/ਵੈਨ ਡਿਜ਼ਾਇਨ ਅਤੇ ਇੰਪਲੀਮੈਂਟੇਸ਼ਨ
*ਡਾਟਾ ਸੈਂਟਰ ਡਿਜ਼ਾਇਨ ਅਤੇ ਬਿਲਡ ਆਊਟ
*ਡਾਟਾ/ਟੈਲੀਫੋਨੀ ਕੇਬਲਿੰਗ, ਸਕਿਊਰਿਟੀ ਸਲਿਊਸ਼ਨਜ਼
*ਐਪਲੀਕੇਸ਼ਨ ਡਿਵੈਲਪਮੈਂਟ ਅਤੇ ਓਪਟੀਮਾਈਜ਼ੇਸ਼ਨ

Our depth of expertise ranges from New Construction Design and Build, to HVAC, Fire Alarm Systems, Power Generation Systems,

Tel: 718 706 9612, Fax: 718 706 9614
Email: electricdeol@msn.com, website: www.charanelectric.com



Twenty-Sixth Year of Publication   ਨਿਊਯਾਰਕ ਐਡੀਸ਼ਨ   Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 04; January 24, 2026   20451 N. Plum Grove Rd., Palatine, IL 60074   Ph:847-359-0746, Fax:847-705-9388


# ਪੰਜਾਬ ਸਰਕਾਰ ਵਲੋਂ ਕਿਸਾਨਾਂ ਲਈ ਵੱਡੇ ਤੋਹਫ਼ੇ

## ਨੌਕਰੀਆਂ ਦੇ ਨਿਯਮਾਂ ਵਿਚ ਤਬਦੀਲੀ ਨੂੰ ਵੀ ਪ੍ਰਵਾਨਗੀ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਵਿਸ਼ੇਸ਼ ਤੌਰ 'ਤੇ ਕਿਸਾਨ-ਭਲਾਈ ਲਈ ਫੈਸਲੇ ਲੈਣ 'ਤੇ ਕੇਂਦਰਤ ਰਹੀ, ਜਿਸ ਦੌਰਾਨ ਕੈਬਨਿਟ ਵੱਲੋਂ ਨਿਰਧਾਰਤ ਅਟੇਟ ਐਗਰੀਡ ਪ੍ਰਾਈਸ ਵਿੱਚੋਂ 68.50 ਪ੍ਰਤੀ ਕੁਇੰਟਲ ਸਿੱਧੀ ਸਬਸਿਡੀ ਦੀ ਮਨਜ਼ੂਰੀ ਦਿੱਤੀ ਗਈ, ਜਿਸ ਨਾਲ ਪੰਜਾਬ ਸੂਬਾ ਗੰਨਾ ਕਿਸਾਨਾਂ ਨੂੰ ਦੇਸ਼ ਵਿੱਚ ਗੰਨੇ ਦਾ ਸਭ ਤੋਂ ਵੱਧ ਭਾਅ ਦੇਣ ਵਿੱਚ ਲਗਾਤਾਰ ਮੋਹਰੀ ਚੱਲ ਰਿਹਾ ਹੈ।ਇਹ ਫੈਸਲਾ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਿਆ ਗਿਆ, ਜਿਸ ਵਿੱਚ ਸਿਹਤ ਖੇਤਰ 'ਚ ਵੱਖ-ਵੱਖ ਸੁਧਾਰਾਂ ਦੇ ਨਾਲ ਲੋਕਾਂ ਦੀ ਤੰਦਰੁਸਤ ਸਿਹਤ ਸਬੰਧੀ, ਪਹਿਲਕਦਮੀਆਂ ਅਤੇ ਸ਼ਹਿਰੀ ਪ੍ਰਸ਼ਾਸਨ ਵਿੱਚ ਵੱਖ-ਵੱਖ ਸੁਧਾਰਾਤਮਕ ਕਦਮ ਚੁੱਕਣ ਸਬੰਧੀ ਪ੍ਰਵਾਨਗੀਆਂ ਸ਼ਾਮਲ ਹਨ, ਜੋ ਪੰਜਾਬ ਸਰਕਾਰ ਦੀ ਨਿਰਣਾਇਕ ਅਤੇ ਨਤੀਜਾ ਆਧਾਰਤ ਪਹੁੰਚ ਨੂੰ ਦਰਸਾਉਂਦਾ ਹੈ।ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫ਼ਤਰ ਨੇ ਬੁਲਾਰੇ ਨੇ ਕਿਹਾ ਕਿ ਨਿੱਜੀ ਖੰਡ ਮਿੱਲਾਂ ਦੀ ਤਰਫ਼ੋਂ ਗੰਨਾ ਕਿਸਾਨਾਂ ਨੂੰ 2025-26 ਪਿੜਾਈ ਸੀਜ਼ਨ ਲਈ ਨਿਰਧਾਰਤ ਸਟੇਟ ਐਗਰੀਡ, ਪ੍ਰਾਈਜ਼ ਵਿੱਚੋਂ 68.50 ਪ੍ਰਤੀ ਕੁਇੰਟਲ ਸਬਸਿਡੀ ਸਿੱਧੇ ਤੌਰ 'ਤੇ ਅਦਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਪਹਿਲਾਂ ਹੀ ਦੇਸ਼ ਵਿੱਚ ਗੰਨੇ ਲਈ ਸਭ ਤੋਂ ਵੱਧ 416 ਪ੍ਰਤੀ ਕੁਇੰਟਲ ਸਟੇਟ ਐਗਰੀਡ ਪ੍ਰਾਈਸ ਦੇ ਰਿਹਾ ਹੈ, ਜੋ ਪਿਛਲੇ ਸਾਲ ਨਾਲੋਂ 15 ਰੁਪਏ ਦਾ ਵਾਧਾ ਦਰਸਾਉਂਦਾ ਹੈ। ਇਹ ਪੰਜਾਬ ਦੇ ਗੰਨਾ ਕਾਸ਼ਤਕਾਰਾਂ ਨੂੰ ਦੇਸ਼ ਭਰ ਵਿੱਚੋਂ ਸਭ ਤੋਂ ਵੱਧ ਭਾਅ ਮਿਲਣਾ ਯਕੀਨੀ ਬਣਾਉਣ ਦੇ ਨਾਲ-ਨਾਲ ਕਿਸਾਨਾਂ ਲਈ ਆਮਦਨ ਸੁਰੱਖਿਆ ਨੂੰ ਹੋਰ ਮਜ਼ਬੂਤ ਕਰੇਗਾ।ਜਨਤਕ ਸਿਹਤ ਅਤੇ ਤੰਦਰੁਸਤੀ 'ਤੇ ਨਿਰੰਤਰ ਧਿਆਨ ਕੇਂਦਰਿਤ ਕਰਦਿਆਂ ਮੰਤਰੀ ਮੰਡਲ ਨੇ 'ਸੀਐਮ ਦੀ ਯੋਗਸ਼ਾਲਾ' ਪ੍ਰਾਜੈਕਟ ਅਧੀਨ ਯੋਗਾ ਟ੍ਰੇਨਰਾਂ ਦੀਆਂ 1,000 ਵਾਧੂ ਅਸਾਮੀਆਂ ਦੀ ਸਿਰਜਣਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੀਟਿੰਗ ਦੌਰਾਨ ਇਹ ਵੀ ਦੱਸਿਆ ਗਿਆ ਕਿ ਵਿੱਤੀ ਸਾਲ 2026-27 ਦੌਰਾਨ ਇਸ ਪਹਿਲਕਦਮੀ ਲਈ 35 ਕਰੋੜ ਦਾ ਬਜਟ ਪ੍ਰਬੰਧ ਕੀਤਾ ਜਾਵੇਗਾ, ਜਿਸ ਦਾ ਉਦੇਸ਼ ਇੱਕ ਸਿਹਤਮੰਦ ਅਤੇ ਤੰਦਰੁਸਤ ਪੰਜਾਬ ਦੀ ਸਿਰਜਣਾ ਨੂੰ ਯਕੀਨੀ ਬਣਾਉਣਾ ਹੈ।ਸਿਹਤ ਸੰਭਾਲ ਸੇਵਾਵਾਂ ਨੂੰ ਮਜ਼ਬੂਤੀ ਦੇਣ ਦੇ ਇੱਕ ਹੋਰ ਮਹੱਤਵਪੂਰਨ ਫੈਸਲੇ ਵਿੱਚ ਮੰਤਰੀ ਮੰਡਲ ਨੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਬਾਦਲ, ਤਰਨ ਤਾਰਨ ਜ਼ਿਲ੍ਹੇ ਦੇ ਖਡੂਰ ਸਾਹਿਬ, ਕਮਿਊਨਿਟੀ ਹੈਲਥ ਸੈਂਟਰ ਜਲਾਲਾਬਾਦ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਟਰਸ਼ਰੀ ਕੇਅਰ ਸੈਂਟਰ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀਐਫਯੂਐਚਐਸ), ਫ਼ਰੀਦਕੋਟ ਵਿੱਚ ਪੂਰੀ ਤਰ੍ਹਾਂ ਤਬਦੀਲ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਇਸ ਤਬਦੀਲੀ ਨਾਲ ਇਨ੍ਹਾਂ ਖੇਤਰਾਂ ਦੇ ਵਸਨੀਕ ਯੂਨੀਵਰਸਿਟੀ ਦੇ ਉੱਨਤ ਮੈਡੀਕਲ ਬੁਨਿਆਦੀ ਢਾਂਚੇ ਅਤੇ ਮੁਹਾਰਤ ਦਾ ਲਾਭ ਉਠਾ ਕੇ ਬਿਹਤਰ ਇਲਾਜ ਅਤੇ ਜਾਂਚ ਸੇਵਾਵਾਂ ਤੱਕ ਪਹੁੰਚ ਕਰ ਸਕਣਗੇ।

ਮੰਤਰੀ ਮੰਡਲ ਨੇ ਪੰਜਾਬ ਮੈਨੇਜਮੈਂਟ ਐਂਡ ਟਰਾਂਸਫਰ ਮਿਊਂਸੀਪਲ ਐਕਟ, 2020 ਦੀ ਧਾਰਾ 4 ਅਧੀਨ ਨਿਰਦੇਸ਼ਾਂ ਦੇ ਗਠਨ ਅਤੇ ਨੋਟੀਫਿਕੇਸ਼ਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦਾ ਉਦੇਸ਼ ਪੰਜਾਬ ਸਰਕਾਰ ਦੇ ਵਿਭਾਗਾਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਜਨਤਕ ਖੇਤਰ ਦੇ ਹੋਰ ਅਦਾਰਿਆਂ ਨਾਲ ਸਬੰਧਤ ਮਿਊਂਸੀਪਲ ਜਾਇਦਾਦਾਂ ਨੂੰ ਜਨਤਕ ਉਦੇਸ਼ਾਂ ਲਈ ਤਬਦੀਲ ਕਰਨ ਦੀ ਸਹੂਲਤ ਪ੍ਰਦਾਨ ਕਰਨਾ ਹੈ। ਇਹ ਫੈਸਲੇ ਸੂਬੇ ਭਰ ਵਿੱਚ ਵਿਕਾਸ ਪ੍ਰਾਜੈਕਟਾਂ ਨੂੰ ਨਵੀਂ ਗਤੀ ਦੇਣ ਦੇ ਨਾਲ-ਨਾਲ ਜ਼ਮੀਨ ਦੀ ਵੰਡ ਵਿੱਚ

(ਬਾਕੀ ਸਫ਼ਾ 6 'ਤੇ)

# ਮੈਨੂੰ ਨੋਬਲ ਨਹੀਂ ਮਿਲਿਆ, ਮੇਰੇ ਲਈ ਸ਼ਾਂਤੀ ਜ਼ਰੂਰੀ ਨਹੀਂ: ਟਰੰਪ

**ਨਵੀਂ ਦਿੱਲੀ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਣ ਕਰਕੇ ਨਾਰਾਜ਼ਗੀ ਹੁਣ ਖੁੱਲ੍ਹ ਕੇ ਸਾਹਮਣੇ ਆਉਣ ਲੱਗੀ ਹੈ। ਉਨ੍ਹਾਂ ਨੇ ਨਾਰਵੇ ਦੇ ਪ੍ਰਧਾਨ ਬਰੀ ਜੈਨਾਸ ਗਹਿਰ ਸਟੋਏਰੇ ਨੂੰ ਭੇਜੇ ਇਕ ਦੇਸ਼ 'ਚ ਕਿਹਾ ਹੈ ਕਿ ਕਿਉਂਕਿ ਉਨ੍ਹਾਂ ਨੂੰ ਪੁਰਸਕਾਰ ਤੋਂ ਵਾਂਝੇ ਰੱਖਿਆ ਗਿਆ, ਇਸ ਲਈ ਜਾਤੀ ਤੀ ਹੁਣ ਉਨ੍ਹਾਂ ਦੀ ਤਰਜੀਹ ਨਹੀਂ ਰਹਿ ਗਈ। ਟਰੰਪ ਨੇ ਇਸੇ ਪੱਤਰ 'ਚ ਇਹ ਵੀ ਦਬਾਅ ਬਣਾਇਆ ਕਿ ਨਾਰਵੇ, ਡੈਨਮਾਰਕ ਨੂੰ ਕਹੇ ਕਿ ਉਹ ਗ੍ਰੀਨਲੈਂਡ ਨੂੰ ਅਮਰੀਕਾ ਨੂੰ ਸੌਂਪ ਦੇਵੇ। ਇਸ ਘਟਨਾਕ੍ਰਮ ਵਿਚਾਲੇ ਯੂਰਪੀ ਦੇਸ਼ਾਂ ਨੇ ਟਰੰਪ ਦੀ ਸੰਭਾਵਿਤ ਟੈਰਿਫ਼ ਨੀਤੀ ਨਾਲ ਨਜਿੱਠਣ ਲਈ ਜਵਾਬੀ ਕਦਮਾਂ 'ਤੇ ਵਿਚਾਰ ਤੇਜ਼ ਕਰ ਦਿੱਤਾ ਹੈ।



ਨਾਰਵੇ ਦੇ ਪ੍ਰਧਾਨ ਮੰਤਰੀ ਸਟੋਏਰੇ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਟਰੰਪ ਦਾ ਸੰਦੇਸ਼ ਮਿਲਿਆ ਹੈ। ਫੇਨਲੈਂਡ ਦੇ ਰਾਸ਼ਟਰਪਤੀ ਐਲਗਜ਼ੈਂਡਰ ਸਟੱਬ ਵੀ ਸੰਬੋਧਨ ਇਸ ਪੱਤਰ 'ਚ ਟਰੰਪ ਨੇ ਲਿਖਿਆ ਕਿ ਤੁਹਾਡੇ ਦੇਸ਼ ਨੇ ਅੱਠ ਜੰਗਾਂ ਨੂੰ ਰੋਕਣ ਦੀਆਂ ਮੇਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਮੈਨੂੰ ਨੋਬਲ ਸ਼ਾਂਤੀ ਪੁਰਸਕਾਰ ਨਹੀਂ ਦਿੱਤਾ, ਇਸ ਲਈ ਹੁਣ ਮੈਨੂੰ ਸਿਰਫ਼ ਸ਼ਾਂਤੀ ਦੇ ਬਾਰੇ ਸੋਚਣ ਦੀ ਲੋੜ ਨਹੀਂ ਹੈ। ਸ਼ਾਂਤੀ ਮਹੱਤਵਪੂਰਣ ਰਹੇਗੀ, ਪਰ ਹੁਣ ਮੈਂ ਇਹ ਦੇਖਣ ਲਈ ਸੁਤੰਤਰ ਹਾਂ ਕਿ ਅਮਰੀਕਾ ਲਈ ਕੀ ਸਹੀ ਹੈ। ਟਰੰਪ ਨੇ ਪੱਤਰ

'ਚ ਗ੍ਰੀਨਲੈਂਡ ਨੂੰ ਲੈ ਕੇ ਹਮਲਾਵਰ ਰੁਖ਼ ਅਪਣਾਉਂਦੇ ਹੋਏ ਕਿਹਾ ਡੈਨਮਾਰਕ ਰੂਸ ਜਾਂ ਚੀਨ ਤੋਂ ਗ੍ਰੀਨਲੈਂਡ ਦੀ ਰੱਖਿਆ ਕਰਨ 'ਚ ਸਮਰੱਥ ਨਹੀਂ ਹੈ। ਉਨ੍ਹਾਂ ਦਲੀਲ ਦਿੱਤੀ ਕਿ ਡੈਨਮਾਰਕ ਕੋਲ ਮਲਕੀਅਤ ਦਾ ਕੋਈ ਠੋਸ ਕਾਨੂੰਨੀ ਦਸਤਾਵੇਜ਼ ਨਹੀਂ ਹੈ ਤੇ ਇਤਿਹਾਸਕ ਆਧਾਰ ਬਹੁਤ ਕਮਜ਼ੋਰ ਹੈ। ਟਰੰਪ ਦਾ ਕਹਿਣਾ ਹੈ। ਕਿ ਅਮਰੀਕਾ ਦੀ ਮੌਜੂਦਗੀ ਨਾਲ ਗ੍ਰੀਨਲੈਂਡ ਨੂੰ ਅਸਲੀ ਸੁਰੱਖਿਆ ਮਿਲੇਗੀ। ਇਹ ਪਹਿਲਾ ਮੌਕਾ ਨਹੀਂ ਹੈ ਜਦੋਂ ਟਰੰਪ ਨੇ ਨੋਬਲ ਪੁਰਸਕਾਰ ਨੂੰ ਲੈ ਕੇ ਨਾਰਵੇ 'ਤੇ ਨਿਸ਼ਾਨਾ ਬੰਨ੍ਹਿਆ ਹੈ। ਹਾਲਾਂਕਿ ਸਟੋਏਰੇ ਕਈ ਵਾਰੀ ਸਪੱਸ਼ਟ ਕਰ ਚੁੱਕੇ ਹਨ ਕਿ ਪੁਰਸਕਾਰ ਦਾ ਫ਼ੈਸਲਾ ਨਾਰਵੇ ਸਰਕਾਰ ਨਹੀਂ, ਬਲਕਿ ਓਸਲੋ ਸਥਿਤ ਸੁਤੰਤਰ ਨੋਬਲ ਕਮੇਟੀ ਕਰਦੀ ਹੈ। ਕਮੇਟੀ ਵਲੋਂ ਟਰੰਪ ਦੇ ਤਾਜ਼ਾ ਬਿਆਨ 'ਤੇ ਹਾਲੇ ਕੋਈ ਪ੍ਰਤੀਕ੍ਰਿਆ ਨਹੀਂ ਆਈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਦਾ ਨੋਬਲ ਸ਼ਾਂਤੀ ਪੁਰਸਕਾਰ ਵੈਨੇਜ਼ੁਏਲਾ ਦੀ ਵਿਰੋਧੀ ਆਗੂ ਮਾਰੀਆ ਕੋਰਿਨਾ ਮਚਾਡੋ ਨੂੰ ਦਿੱਤਾ ਗਿਆ ਸੀ, ਜਿਨ੍ਹਾਂ ਨੇ ਬਾਅਦ 'ਚ ਇਹ ਸਨਮਾਨ ਟਰੰਪ ਨੂੰ ਭੇਟ ਕਰ ਦਿੱਤਾ ਸੀ।


GoldenKey LENDING

Grow your business with our Strategic
COMERCIAL LOAN SOLUTIONS

Partner with us for expert guidance and support

Contact Us at
317-620-4100
www.goldenkeylending.com

We speak your Language
English • ਪੰਜਾਬੀ • हिंदी • اردو

325 S. College Avenue, Indianapolis, Indiana 46202



NMLS 147421

Corporate NMLS# 68434
AZ License# BK-0945946



Sistar Mortgage
A Nationwide Lender

Balbir (Bill) Grewal
MORTGAGE LOAN OFFICER
NMLS# 353442

Over 2 Decades of experience providing high level servicing for new and experienced borrowers!


Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਕੇਂਦਰ ਸਰਕਾਰ ਵਲੋਂ ਪੰਜਾਬ ਲਈ ਵੱਡੇ ਤੋਹਫ਼ੇ ਦੀ ਤਿਆਰੀ

**ਚੰਡੀਗੜ੍ਹ:**ਕੇਂਦਰ ਸਰਕਾਰ ਪੰਜਾਬ ਨੂੰ ਵੱਡੀ ਰਾਹਤ ਦੇਣ ਦੀ ਤਿਆਰੀ ਵਿਚ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਮੋਗਾ ਵਿਖੇ ਹੋਣ ਵਾਲੀ ਭਾਜਪਾ ਦੀ ਵਿਸ਼ਾਲ ਰੈਲੀ ਦੌਰਾਨ ਪੰਜਾਬ ਨਾਲ ਜੁੜੇ ਕਈ ਅਹਿਮ ਅਤੇ ਸੰਵੇਦਨਸ਼ੀਲ ਮੁੱਦਿਆਂ 'ਤੇ ਵੱਡੇ ਐਲਾਨ ਕਰ ਸਕਦੇ ਹਨ। ਇਸ ਸੰਭਾਵਨਾ ਨੇ ਸੂਬੇ ਦੀ ਸਿਆਸਤ 'ਚ ਹਲਚਲ ਤੇਜ਼ ਕਰ ਦਿੱਤੀ ਹੈ। ਭਰੋਸੇਯੋਗ ਸੂਤਰਾਂ ਮੁਤਾਬਿਕ ਕੇਂਦਰ ਸਰਕਾਰ ਵਲੋਂ ਕਿਸਾਨਾਂ ਲਈ ਕਰਜ਼ਾ ਮੁਆਫ਼ੀ, ਬੰਦੀ ਸਿੰਘਾਂ ਦੀ ਰਿਹਾਈ ਅਤੇ ਫ਼ਸਲਾਂ 'ਤੇ ਕਾਨੂੰਨੀ ਤੌਰ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਿੱਤੇ ਜਾਣ ਵਰਗੇ ਅਹਿਮ ਮੁੱਦਿਆਂ 'ਤੇ ਵੱਡੀ ਰਾਹਤ ਦਾ ਐਲਾਨ ਹੋ ਸਕਦਾ ਹੈ। ਇਹ ਉਹ ਮਸਲੇ ਹਨ, ਜੋ ਲੰਮੇ ਸਮੇਂ ਤੋਂ ਪੰਜਾਬ ਦੀ ਸਿਆਸਤ ਅਤੇ ਜਨਤਾ ਦੀਆਂ ਉਮੀਦਾਂ ਦਾ ਕੇਂਦਰ ਬਣੇ ਹੋਏ ਹਨ। ਜੇਕਰ ਮੋਗਾ ਰੈਲੀ ਦੌਰਾਨ ਇਨ੍ਹਾਂ ਮੁੱਦਿਆਂ 'ਤੇ ਠੋਸ ਐਲਾਨ ਹੁੰਦੇ ਹਨ ਤਾਂ ਇਹ ਭਾਜਪਾ ਲਈ ਪੰਜਾਬ 'ਚ ਆਪਣੀ ਸਿਆਸੀ ਪਕੜ ਮਜ਼ਬੂਤ ਕਰਨ ਵ ਵੱਡਾ ਕਦਮ ਸਾਬਤ ਹੋ ਸਕਦਾ ਹੈ। ਖ਼ਾਸ ਕਰਕ ਮਾਲਵਾ ਖੇਤਰ ਨੂੰ ਕੇਂਦਰ ਵਿਚ ਰੱਖ ਕੇ ਘੜੀ ਜਾ ਰਹੀ ਇਹ ਰਣਨੀਤੀ 2027 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖੀ ਜਾ ਰਹੀ ਹੈ। ਇਸੇ ਕੜੀ ਤਹਿਤ ਭਾਜਪਾ ਵਲੋਂ



ਮਾਲਵਾ ਇਲਾਕੇ 'ਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਲਗਾਤਾਰ ਸਿਆਸੀ ਕਦਮ ਚੁੱਕੇ ਜਾ ਰਹੇ ਹਨ।

ਬੀਤੇ ਦਿਨੀਂ ਜਗਮੀਤ ਸਿੰਘ ਬਰਾੜ, ਰਿਪਜੀਤ ਸਿੰਘ ਬਰਾੜ, ਚਰਨਜੀਤ ਸਿੰਘ ਬਰਾੜ ਅਤੇ ਓਂਕਾਰ ਸਿੰਘ ਸਿੱਧੂ ਵਰਗੇ ਪ੍ਰਮੁੱਖ ਆਗੂਆਂ ਦਾ ਭਾਜਪਾ ਵਿਚ ਸ਼ਾਮਿਲ ਹੋਣਾ ਇਸ ਦੀ ਤਾਜ਼ਾ ਮਿਸਾਲ ਹੈ। ਇਨ੍ਹਾਂ ਆਗੂਆਂ ਦੀ ਮਾਲਵਾ ਖੇਤਰ 'ਚ ਚੰਗੀ ਪੈਠ ਅਤੇ ਲੋਕਪ੍ਰਿਯਤਾ ਮੰਨੀ ਜਾਂਦੀ ਹੈ, ਜਿਸ ਦਾ ਸਿਆਸੀ ਲਾਭ ਲੈਣ ਦੀ ਭਾਜਪਾ ਕੋਸ਼ਿਸ਼ ਕਰ ਰਹੀ ਹੈ। ਦੱਸਣਯੋਗ ਹੈ ਕਿ ਮਾਲਵਾ ਖੇਤਰ 'ਚ ਪੰਜਾਬ ਵਿਧਾਨ ਸਭਾ ਦੀਆਂ ਕੁੱਲ 69 ਸੀਟਾਂ ਹਨ, ਜੋ ਸੱਤਾ ਦੀ ਕੁੰਜੀ ਮੰਨੀਆਂ ਜਾਂਦੀਆਂ ਹਨ। ਜੇਕਰ ਭਾਜਪਾ ਇਸ ਖੇਤਰ 'ਚ ਆਪਣੀ ਪਕੜ ਮਜ਼ਬੂਤ ਕਰਨ ਵਿਚ ਕਾਮਯਾਬ ਰਹਿੰਦੀ ਹੈ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਲਈ ਸੱਤਾ ਹਾਸਲ ਕਰਨ ਦਾ ਰਾਹ ਹੋਰ ਵੀ ਸੁਖਾਲਾ ਹੋ ਸਕਦਾ ਹੈ।

ਭਾਜਪਾ ਦੇ ਸੂਬਾ ਆਗੂਆਂ ਦਾ ਦਾਅਵਾ ਹੈ ਕਿ ਕੇਂਦਰ ਸਰਕਾਰ ਪੰਜਾਬ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਹੈ ਅਤੇ ਸੂਬੇ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਲਈ ਠੋਸ ਫ਼ੈਸਲੇ ਲਏ ਜਾਣਗੇ। ਦੂਜੇ ਪਾਸੇ ਵਿਰੋਧੀ ਧਿਰਾਂ ਨੇ ਵੀ ਮੋਗਾ ਰੈਲੀ 'ਤੇ ਨਜ਼ਰ ਟਿਕਾਈ ਹੋਈ ਹੈ ਅਤੇ ਸੰਭਾਵਿਤ ਐਲਾਨਾਂ ਨੂੰ ਲੈ ਕੇ ਆਪਣੀ ਰਣਨੀਤੀ ਤਿਆਰ ਕਰ ਰਹੀਆਂ ਹਨ।

## ਬੰਗਲਾਦੇਸ਼ 'ਚ ਹਿੰਦੂਆਂ 'ਤੇ ਹਿੰਸਾ ਨੂੰ ਗ਼ੈਰ ਫ਼ਿਰਕੂ ਦੱਸਿਆ

**ਢਾਕਾ:**ਬੰਗਲਾਦੇਸ਼ ਸਰਕਾਰ ਨੇ 2025 'ਚ ਗ਼ੈਰ-ਮੁਸਲਮਾਨਾਂ ਦੀ ਹੱਤਿਆ ਤੇ ਮੰਦਰਾਂ ਤੇ ਹੋਰ ਪੂਜਾ ਸਥਾਨਾਂ 'ਤੇ ਹਮਲਿਆਂ ਦੇ ਮਾਮਲਿਆਂ ਨੂੰ ਗ਼ੈਰ-ਫਿਰਕੂ ਦੱਸਿਆ ਹੈ। ਇਸ 'ਚ ਕਿਹਾ ਗਿਆ ਹੈ ਕਿ ਉਸ ਸਮੇਂ ਦੌਰਾਨ ਹੋਈ ਜ਼ਿਆਦਾਤਰ ਹਿੰਸਾ ਕਿਸੇ ਖਾਸ ਧਰਮ ਦੇ ਵਿਰੁੱਧ ਨਹੀਂ ਸੀ ਬਲਕਿ ਇੱਕ ਅਪਰਾਧਿਕ ਕਾਰਵਾਈ ਸੀ।




ਬੰਗਲਾਦੇਸ਼ ਸਰਕਾਰ ਦਾ ਇਹ ਬਿਆਨ ਭਾਰਤ ਦੇ ਉਸ ਬਿਆਨ ਦੇ ਜਵਾਬ 'ਚ ਆਇਆ ਹੈ ਜਿਸ 'ਚ ਘੱਟ ਗਿਣਤੀਆਂ 'ਤੇ ਹਮਲਿਆਂ 'ਚ ਸ਼ਾਮਲ ਲੋਕਾਂ ਵਿਰੁੱਧ ਤੇਜ਼ ਤੇ ਸਪੱਸ਼ਟ ਕਾਰਵਾਈ ਦੀ ਮੰਗ ਕੀਤੀ ਗਈ ਸੀ। 9 ਜਨਵਰੀ ਨੂੰ ਆਪਣੇ ਬਿਆਨ 'ਚ, ਭਾਰਤ ਸਰਕਾਰ ਨੇ ਸਥਿਤੀ ਨੂੰ ਚੁਣੌਤੀਪੂਰਨ ਦੱਸਿਆ ਸੀ। ਭਾਰਤ ਸਰਕਾਰ ਦਾ ਇਹ ਬਿਆਨ ਹਾਲ ਹੀ ਦੇ ਹਫਤਿਆਂ 'ਚ ਵੱਖ-ਵੱਖ ਘਟਨਾਵਾਂ 'ਚ ਕਈ ਹਿੰਦੂਆਂ ਦੀ ਹੱਤਿਆ ਤੋਂ ਬਾਅਦ ਆਇਆ ਹੈ। ਬੰਗਲਾਦੇਸ਼ ਸਰਕਾਰ ਨੇ ਕਿਹਾ ਕਿ ਜਨਵਰੀ ਤੋਂ ਦਸੰਬਰ 2025 ਦੇ ਵਿਚਕਾਰ ਵਾਪਰੀਆਂ 645 ਘਟਨਾਵਾਂ ਦੀ ਸਮੀਖਿਆ ਤੋਂ ਪਤਾ ਲੱਗਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਅਪਰਾਧਿਕ ਕਾਰਵਾਈਆਂ ਸਨ। ਬੰਗਲਾਦੇਸ਼ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਮੁਹੰਮਦ ਯੂਨਸ ਦੇ ਦਫ਼ਤਰ ਮੁਤਾਬਕ, ਇਨ੍ਹਾਂ ਘਟਨਾਵਾਂ ਪਿੱਛੇ ਕੋਈ ਫਿਰਕੂ ਉਦੇਸ਼ ਨਹੀਂ ਸੀ।

ਬੰਗਲਾਦੇਸ਼ ਨੇ ਕਿਹਾ ਹੈ ਕਿ ਦੇਸ਼ 'ਚ ਵਾਪਰੀ ਹਰ ਅਣਸੁਖਾਵੀ ਘਟਨਾ ਚਿੰਤਾਜਨਕ ਹੈ, ਪਰ ਇਸਦੇ ਮੂਲ ਕਾਰਨਾਂ ਦੀ ਜਾਂਚ ਕਰਨਾ ਵੀ ਅਹਿਮ ਹੈ। ਬਿਆਨ 'ਚ ਕਿਹਾ ਗਿਆ ਹੈ ਕਿ 645 ਘਟਨਾਵਾਂ 'ਚੋਂ 71 'ਚ ਫਿਰਕੂ ਕਾਰਨ ਪਾਏ ਗਏ। ਇਨ੍ਹਾਂ 'ਚ ਮੰਦਰਾਂ ਦੀ ਭੰਨਤੋੜ ਦੀਆਂ 38 ਘਟਨਾਵਾਂ, ਮੰਦਰਾਂ ਨੂੰ ਅੱਗ ਲਗਾਉਣ ਦੀਆਂ ਅੱਠ ਘਟਨਾਵਾਂ ਤੇ ਚੋਰੀ ਦੀ ਇੱਕ ਘਟਨਾ ਸ਼ਾਮਲ ਹੈ। ਇਸ ਤੋਂ ਇਲਾਵਾ, 23 ਘਟਨਾਵਾਂ 'ਚ ਮੰਦਰਾਂ 'ਚ ਮੂਰਤੀਆਂ ਤੋੜਣ ਦੀਆਂ ਧਮਕੀਆਂ, ਭੜਕਾਊ ਇੰਟਰਨੈੱਟ ਮੀਡੀਆ ਪੋਸਟਾਂ ਤੇ ਪੂਜਾ ਸਥਾਨਾਂ ਨੂੰ ਨੁਕਸਾਨ ਪਹੁੰਚਾਉਣਾ ਸ਼ਾਮਲ ਸੀ। ਇਨ੍ਹਾਂ ਘਟਨਾਵਾਂ 'ਚ ਇੱਕ ਵਿਅਕਤੀ ਦੀ ਹੱਤਿਆ ਵੀ ਕੀਤੀ ਗਈ ਸੀ। ਬਿਆਨ 'ਚ ਕਿਹਾ ਗਿਆ ਹੈ ਕਿ ਇਨ੍ਹਾਂ ਘਟਨਾਵਾਂ ਲਈ ਪੁਲਿਸ ਸਟੇਸ਼ਨਾਂ ਵਿੱਚ 50 ਮਾਮਲੇ ਦਰਜ ਕੀਤੇ ਗਏ ਸਨ। ਬੰਗਲਾਦੇਸ਼ ਨੇ ਦੱਸਿਆ ਕਿ 574 ਘਟਨਾਵਾਂ ਅਪਰਾਧਿਕ ਜਾਂ ਸਮਾਜਿਕ ਕਾਰਨਾਂ ਕਰਕੇ ਹੋਈਆਂ ਸਨ। ਇਨ੍ਹਾਂ ਮਾਮਲਿਆਂ 'ਚ ਗੁਆਂਢੀਆਂ ਵਿਚਕਾਰ ਲੜਾਈਆਂ, ਜ਼ਮੀਨੀ ਵਿਵਾਦ, ਚੋਰੀ, ਨਿੱਜੀ ਦੁਸ਼ਮਣੀ ਤੇ ਬਲਾਤਕਾਰ ਵਰਗੇ ਅਪਰਾਧ ਸ਼ਾਮਲ ਸਨ। ਇਨ੍ਹਾਂ ਘਟਨਾਵਾਂ 'ਚ 172 ਗ਼ੈਰ-ਕੁਦਰਤੀ ਮੌਤਾਂ ਹੋਈਆਂ।

## ਸਪੇਨ ਵਿਚ ਦੋ ਟ੍ਰੇਨਾਂ ਵਿਚਾਲੇ ਟੱਕਰ-39 ਮੌਤਾਂ, 122 ਜਣੇ ਜ਼ਖ਼ਮੀ

**ਅਦਾਮੂਜ:**ਸਪੇਨ 'ਚ ਐਤਵਾਰ ਸ਼ਾਮ ਨੂੰ ਦੋ ਤੇਜ਼ ਰਫ਼ਤਾਰ ਟ੍ਰੇਨਾਂ ਦੀ ਟੱਕਰ 'ਚ 39 ਲੋਕਾਂ ਦੀ ਮੌਤ ਹੋ ਗਈ। ਇਕ ਤੇਜ਼ ਰਫਤਾਰ ਟ੍ਰੇਨ ਲੀਹ ਤੋਂ ਲੱਥ ਗਈ ਤੇ ਸਾਹਮਣੇ ਤੋਂ ਆ ਰਹੀ ਦੂਜੀ ਟ੍ਰੇਨ ਨਾਲ ਟਕਰਾ ਗਈ। ਇਹ 2013 ਤੋਂ ਬਾਅਦ ਦੇਸ਼ 'ਚ ਹੋਇਆ ਸਭ ਤੋਂ ਭਿਆਨਕ ਰੇਲ ਹਾਦਸਾ ਹੈ।ਹਾਦਸਾ ਸ਼ਾਮ 7.45 ਵਜੇ ਕਾਰਡੋਬਾ ਸੂਬੇ ਦੇ ਆਦਮੁਜ ਦੇ ਨਜ਼ਦੀਕ ਵਾਪਰਿਆ, ਜਿਹੜਾ ਮੈਡ੍ਰਿਡ ਤੋਂ 360 ਕਿਲੋਮੀਟਰ ਦੱਖਣੀ 'ਚ ਸਥਿਤ ਹੈ। ਹਾਦਸੇ 'ਚ 122 ਲੋਕ ਜ਼ਖਮੀ ਹੋਏ, ਜਿਨ੍ਹਾਂ 'ਚੋਂ 48 ਹਾਲੇ ਵੀ ਹਸਪਤਾਲ 'ਚ ਦਾਖ ਹਨ ਤੇ 12 ਆਈਸੀਯੂ 'ਚ ਹਨ। ਹਾਦਸੇ ਨੂੰ ਦੇਖਦੇ ਹੋਏ ਸੋਮਵਾਰ ਨੂੰ ਮੈਡ੍ਰਿਡ ਤੇ ਦੱਖਣੀ ਅੰਡਾਲੂਸੀਆ ਖੇਤਰ ਦਰਮਿਆਨ ਚੱਲਣ ਵਾਲੀਆਂ 200 ਤੋਂ ਜ਼ਿਆਦਾ ਟ੍ਰੇਨਾਂ ਰੱਦ ਕਰ ਦਿੱਤੀਆਂ ਗਈਆਂ। ਇੰਟਰਨੈੱਟ ਮੀਡੀਆ 'ਤੇ ਵੀਡੀਓ ਫੁੱਟੇਜ 'ਚ ਘਟਨਾ ਵਾਲੀ ਥਾਂ 'ਤੇ ਬੋਗੀਆਂ ਇਕ ਪਾਸੇ ਪਲਟੀਆਂ ਨਜ਼ਰ ਆ ਰਹੀਆਂ ਹਨ। ਕੁਝ ਯਾਤਰੀ ਟੁੱਟੀਆਂ ਜਾ ਖਿੜਕੀਆਂ ਤੋਂ ਬਾਹਰ ਨਿਕਲ ਰਹੇ ਹਨ, ਪੁਏਤ ਜਦਕਿ ਹੋਰਨਾਂ ਨੂੰ ਸਟ੍ਰੇਚਰ 'ਤੇ ਲਿਜਾਇਆ ਜਾ ਰਿਹਾ ਹੈ। ਟਰਾਂਸਪੋਰਟ ਮੰਤਰੀ ਆਸਕਰ ਪੁਏਤੇ ਨੇ ਸੋਮਵਾਰ ਨੂੰ ਕਿਹਾ ਕਿ ਉਹ ਕਾਰਡੋਬਾ ਲਈ ਰਵਾਨਾ ਹੋ ਰਹੇ ਹਨ। ਉਨ੍ਹਾਂਕਿਹਾ ਕਿ ਉਹ ਦੁੱਖਦਾਈ ਸਮੇਂ 'ਚ ਪੀੜਤਾਂ ਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਆਪਣਾ ਦੁੱਖ ਪ੍ਰਗਟ ਕਰ ਰਹੇ ਹਨ। ਸਰਕਾਰੀ ਰੇਲ ਆਪ੍ਰੇਟਰ ਰੇਨਫੇ ਦੇ ਮੁਤਬਾਕ, ਇਰਯੋ ਤੇ ਅਲਬੀਆ ਵਲੋਂ ਆਪ੍ਰੇਟ ਹੋਣ ਵਾਲੀਆਂ ਦੋ ਟ੍ਰੇਨਾਂ 'ਚ ਲਗਪਗ 400 ਯਾਤਰੀ ਸਵਾਰ ਸਨ। ਇਨ੍ਹਾਂ 'ਚੋਂ ਜ਼ਿਆਦਾਤਰ ਸ਼ਨਿਚਰਵਾਹ ਿਦੇ ਬਾਅਦ ਮੈਡ੍ਰਿਡ ਆਉਣ-ਜਾਣ ਵਾਲੇ ਸਪੈਨਿਸ਼



ਨਾਗਰਿਕ ਸਨ। ਇਰਯੋ ਟ੍ਰੇਨ ਮਲਾਗਾ ਤੋਂ ਮੈਡ੍ਰਿਡ ਜਾ ਰਹੀ ਸੀ। ਅਖਬਾਰ ਐੱਲ ਪੇਸ ਮੁਤਾਬਕ, ਦੂਜੀ ਟ੍ਰੇਨ ਹੁਏਲਵਾ ਵੱਲ ਜਾ ਰਹੀ ਸੀ ਤੇ ਟੱਕਰ ਦੇ ਸਮੇਂ ਲਗਪਗ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲ ਰਹੀ ਸੀ। ਹਾਦਸੇ ਦਾ ਸ਼ਿਕਾਰ ਹੋਈ ਟ੍ਰੇਨ 'ਚ ਸਵਾਰ ਲੁਕਾਸ ਨਾ ਦੇ ਯਾਤਰੀ ਨੇ ਕਿਹਾ ਕਿ ਇਹ ਇਕ ਡਰਾਉਣੀ ਫਿਲਮ ਵਾਂਗ ਲੱਗ ਰਿਹਾ ਹੈ। ਸਾਡੀ ਗੱਡੀ ਨੂੰ ਪਿਛਲੇ ਪਾਸਿਓਂ ਵੱਡਾ ਝਟਕਾ ਲੱਗਿਆ। ਪੂਰੀ ਟ੍ਰੇਨ ਹਿੱਲ ਗਈ। ਰੇਲ ਗੱਡੀ 'ਚ ਸਵਾਰ ਇਕ ਪੱਤਰਕਾਰ ਨੇ ਦੱਸਿਆ ਕਿ ਟੱਕਰ ਮਗਰੋਂ ਇੰਝ ਲੱਗਿਆ ਜਿਵੇਂ ਭੂਚਾਲ ਆ ਗਿਆ ਹੋਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਾਲ 2013 'ਚ ਇਕ ਵੱਡਾ ਰੇਲ ਹਾਦਸਾ ਵਾਪਰਿਆ ਸੀ। ਇਸ ਹਾਦਸੇ 'ਚ 80 ਲੋਕਾਂ ਦੀ ਮੌਤ ਹੋ ਗਈ।

### ਭਾਰਤ 'ਚ ਦਾਖ਼ਲ ਹੁੰਦਾ ਪਾਕਿਸਤਾਨੀ ਕਾਬੂ

**ਡੇਰਾ ਬਾਬਾ ਨਾਨਕ:**ਬੀ.ਐਸ.ਐਫ. ਨੇ ਗੁਰਦਾਸਪੁਰ ਦੇ ਘਣੀਆਂ ਕੇ ਦੇ ਨੇੜਿਓ ਭਾਰਤੀ ਸਰਹੱਦ 'ਚ ਦਾਖਲ ਹੁੰਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਦੀ ਪਛਾਣ ਜਬੀਰ ਸੈਦੂਲ ਖਾਨ (60) ਪੁੱਤਰ ਔਬੁਲਾ ਖਾਨ ਪਿੰਡ ਬੇਗਮਪੁਰਾ ਪਾਕਿਸਤਾਨ ਵਜੋਂ ਹੋਈ। ਉਸ ਨੇ ਕਾਲੇ ਰੰਗ ਦਾ ਕੁੜਤਾ ਤੇ ਹਲਕੇ ਭੂਰੇ ਰੰਗ ਦਾ ਪਜਾਮਾ, ਨੀਲੇ ਰੰਗ ਦਾ ਬਲੇਜ਼ਰ ਪਾਇਆ ਹੋਇਆ ਸੀ।




## 'ਹਿਸਟੋਰੀਕਲ ਸਿੱਖ ਸ਼ਰਾਈਨਜ਼' ਕਿਤਾਬ ਖਰੀਦੋ

## HISTORICAL SIKH SHRINES

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੀਕ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਇਤਿਹਾਸ, ਪਿੰਡ/ਨਗਰ ਦਾ ਨਕਸ਼ਾ ਅਤੇ ਰੰਗੀਨ ਤਸਵੀਰਾਂ ਦੀ ਇੱਕੋ-ਇਕ ਕਿਤਾਬ।

ਦਰਅਸਲ ਇਹ ਸਾਰੇ ਇਤਿਹਾਸਕ ਗੁਰਦੁਆਰਿਆਂ ਦਾ ਐਨਸਾਈਕਲੋਪੀਡੀਆ ਹੈ।

ਇਹੋ ਜਿਹੀ ਕਿਤਾਬ ਨਾ ਪਹਿਲਾਂ ਛਪੀ ਹੈ ਤੇ ਇਹ ਐਡੀਸ਼ਨ ਖ਼ਤਮ ਹੋਣ ਮਗਰੋਂ ਦੋਬਾਰਾ ਛਪਣ ਦਾ ਕੋਈ ਪਤਾ ਨਹੀਂ।

ਇਸ ਕਰ ਕੇ ਅੱਜ ਹੀ ਇਸ ਦਾ ਆਰਡਰ ਦਿਓ ਤੇ ਆਪਣੇ ਘਰ ਬੈਠੇ ਹਾਸਿਲ ਕਰੋ।

ਇਹ ਕਿਤਾਬ ਆਰਟ ਪੇਪਰ 'ਤੇ ਚਾਰ ਰੰਗੀ ਛਪਾਈ ਵਿਚ ਛਪੀ ਹੈ। ਇਸ ਦੀ ਬਹੁਤ ਵਧੀਆ ਜਿਲਦ ਹੈ ਅਤੇ ਇਹ ਇਕ ਖ਼ੂਬਸੂਰਤ ਮਜ਼ਬੂਤ ਡੱਬੇ ਵਿਚ ਭੇਜੀ ਜਾਂਦੀ ਹੈ। ਇਹ ਏਡੀ ਵੱਡੀ ਕਿਤਾਬ ਹੈ ਕਿ ਇਸ ਦੀ ਇਕ ਕਾਪੀ ਦਾ ਭਾਰ 4 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 3500 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 125 ਡਾਲਰ ਵਿਚ ਮਿਲੇਗੀ


*ਨਵਾਂ ਤੇ ਵੱਡਾ ਮਹਾਨ ਕੋਸ਼*

ਚਾਰ ਜਿਲਦਾਂ ਵਿਚ, 2748 ਸਫ਼ੇ ਦੀ ਇਹ ਮਹਾਨ ਰਚਨਾ ਇਸ ਸਦੀ ਦੀ ਸਭ ਤੋਂ ਵੱਡੀ ਤੇ ਮਹੱਤਵਪੂਰਨ ਕਿਤਾਬ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਦੇ ਇਕ-ਇਕ ਲਫ਼ਜ਼ ਤੇ ਸ਼ਬਦ ਦੇ ਅਰਥ ਅਤੇ ਉਸ ਲਫ਼ਜ਼ ਦਾ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ, ਸੰਸਕ੍ਰਿਤ, ਫ਼ਾਰਸੀ ਤੇ ਅਰਬੀ ਬੋਲੀਆਂ ਦਾ ਪਿਛੋਕੜ ਵੀ ਦੱਸਿਆ ਗਿਆ ਹੈ।

ਇਸ ਵਿਚ 2500 ਦੇ ਕਰੀਬ ਜੀਵਨੀਆਂ ਹਨ। ਇਸ ਵਿਚ 1000 ਤੋਂ ਵਧ ਗੁਰਦੁਆਰਿਆਂ, ਮੰਦਰਾਂ, ਸ਼ਹਿਰਾਂ ਅਤੇ ਦੇਸ਼ਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਵਿਚ ਹਰ ਇਕ ਸਿੱਖ ਸਿਧਾਂਤ (ਫ਼ਿਲਾਸਫ਼ੀ) ਬਾਰੇ ਤਫ਼ਸੀਲ ਨਾਲ ਬਿਆਨ ਕੀਤਾ ਹੋਇਆ ਮਿਲਦਾ ਹੈ। ਇਸ ਸੈਟ ਦਾ ਭਾਰ ਸਾਢੇ 8 ਕਿਲੋ ਹੈ। ਇਸ ਨੂੰ ਕੋਰੀਅਰ ਰਾਹੀਂ ਭੇਜਣ ਦਾ ਖ਼ਰਚ 7000 ਰੁਪੈ ਹੈ। ਅਮਰੀਕਾ ਵਿਚ ਇਹ ਤੁਹਾਨੂੰ ਸਿਰਫ਼ 135 ਡਾਲਰ ਵਿਚ ਮਿਲੇਗੀ।

**ਕਿਸੇ ਵੀ ਕਿਤਾਬ/ਕਿਤਾਬਾਂ ਨੂੰ ਖ਼ਰੀਦਣਾ ਚਾਹੁਣ ਵਾਲੇ ਹੇਠ ਲਿਖੇ ਪਤੇ 'ਤੇ ਰਕਮ ਜਮ੍ਹਾਂ ਕਰਵਾ ਕੇ ਕਿਤਾਬਾਂ ਹਾਸਲ ਕਰ ਸਕਦੇ ਹਨ:**

**ਜਸਪ੍ਰੀਤ ਕੌਰ, ਫੋਨ: 224-422-4773**



## ਕਾਰ ਹੋਲਰ ਕੰਪਨੀ ਲਈ ਡਰਾਈਵਰਾਂ ਦੀ ਲੋੜ ਹੈ

ਟੈਕਸਸ ਦੀ ਐਮ.ਡੀ.ਕੇ. ਟਰਾਂਸਪੋਰਟ ਕਾਰ ਹੋਲਰ ਕੰਪਨੀ ਲਈ ਡਰਾਈਵਰਾਂ ਦੀ ਲੋੜ ਹੈ

*ਤਜਰਬਾ ਘੱਟੋ-ਘੱਟ 2 ਸਾਲ

* 75 ਸੈਂਟ ਪ੍ਰਤੀ ਮਾਈਲ ਤਨਖਾਹ ਦਿੱਤੀ ਜਾਵੇਗੀ

ਚਾਹਵਾਨ ਸੰਪਰਕ ਕਰਨ

ਫੋਨ: 945-227-4370

ਈ-ਮੇਲ: jaspal247@yahoo.com

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ

* ਜੋੜੇ ਨੂੰ ਪਹਿਲ

## Restaurant Help Wanted

Immediately hiring Chef and Tandoori Chef for Indian restaurant in Murfreesboro, TN.

*Good salary, free accommodation & Food. * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ

Direct call or What's up call 615-482-5158

## ਕਰੀ ਕੁੱਕ ਦੀ ਫੌਰੀ ਲੋੜ ਹੈ



ਇੰਡਿਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਰੀ ਕੁੱਕ ਦੀ ਫੌਰੀ ਲੋੜ ਹੈ।

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

**Restaurant Help Needed**

**Immediately hiring Curry Cook for Indian Restaurant in Indiana.**

*** Good Salary and Free Accommodation.**

ਚਾਹਵਾਨ ਸੰਪਰਕ ਕਰੋ: ਟੋਨੀ

ਫੋਨ: 317-340-1470

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।

*ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ

ਚਾਹਵਾਨ ਕਾਲ ਕਰੋ:

ਕਾਲ ਮਿ. ਸਿੰਘ

ਫੋਨ: 515-291-1961

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

847-359-0746

To Advertise In Punjab Times

Call: 847-359-0746

# Matrimonials

## ਲੜਕੇ ਦੀ ਲੋੜ ਹੈ

Jat Sikh Grewal family looking for a compatible match for their US born and raised sweet, homely MD working daughter, age 31, height 5' 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 25 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-10" ਲੜਕਾ ਕੇਸ਼ਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਲੜਕੇ ਦਾ ਪੂਰਾ ਪਰਿਵਾਰ ਯੂ ਐਸ ਗ੍ਰੀਨ ਕਾਰਡ ਹੋਲਡਰ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈਮੇਲ gillco1977@gmail.com

---

ਜੱਟ ਸਿੱਖ ਪਰਿਵਾਰ ਨੂੰ ਆਪਣੇ ਅਮਰੀਕਾ ਰਹਿੰਦੇ 34 ਸਾਲਾ, 5'11" ਪੁੱਤਰ ਲਈ ਯੂ.ਐਸ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਹੈ। ਪਿਤਾ ਭਾਰਤ ਵਿਚ ਸਰਕਾਰੀ ਨੌਕਰੀ ਤੋਂ ਰਿਟਾਇਰਡ ਹੋਏ ਹਨ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-610-7391 (ਫੁੱਫੜ), 510-620-4170 (ਭਰਾ), ਪਿਤਾ +91-98783-42510 (ਭਾਰਤ)।

4-11

---

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

---

Jat/Sikh Family looking for a suitable match for threir U.S. Citizen 1994 born, Height 5' 10" son. He has done Bachelor's Degree in Information Systems and working as an IT analyst. We prefer a well educated girl lives in the US or Canada with good values, loving, and caring. Contact us at: 240-702-4375

51-3

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

## UMA TRAVELS



2541 W. Devon Ave., Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

**Call: 773-338-5603**

## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

*EARLY BIRD SALE!!!!*

Domestic fares available

# ਯੂਰਪੀ ਦੇਸ਼ਾਂ ਦਾ ਟਰੰਪ ਨੂੰ ਸਖ਼ਤ ਜਵਾਬ-ਧਮਕੀਆਂ ਤੋਂ ਨਹੀਂ ਡਰਦੇ


ਯੂਰਪੀ ਸੰਘ (ਈਯੂ) ਦੀ ਮੁਖੀ ਰੌਬਰਟਾ ਮੈਟਸੋਲਾ

**ਨਵੀਂ ਦਿੱਲੀ:**ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਮੁੱਦੇ ਨੂੰ ਲੈ ਕੇ ਡੈਨਮਾਰਕ ਸਮੇਤ ਅੱਠ ਯੂਰਪੀ ਦੇਸ਼ਾਂ 'ਤੇ ਭਾਰੀ ਟੈਰਿਫ ਲਗਾਉਣ ਦੀ ਧਮਕੀ ਦੇਣ ਤੋਂ ਬਾਅਦ ਅਮਰੀਕਾ ਅਤੇ ਯੂਰਪ ਵਿਚਾਲੇ ਵੱਡਾ ਤਣਾਅ ਪੈਦਾ ਹੋ ਗਿਆ ਹੈ। ਯੂਰਪੀ ਸੰਘ (ਈਯੂ) ਦੀ ਮੁਖੀ ਰੌਬਰਟਾ ਮੈਟਸੋਲਾ ਨੇ ਸਖ਼ਤ ਸ਼ਬਦਾਂ 'ਚ ਕਿਹਾ ਹੈ ਕਿ ਗ੍ਰੀਨਲੈਂਡ ਵਿਕਰੀ ਲਈ ਉਪਲਬਧ ਨਹੀਂ ਹੈ ਅਤੇ ਇਸ ਦੀ ਖੁਦਮੁਖਤਿਆਰੀ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਟੈਰਿਫ ਦਾ ਕੋਈ ਖ਼ਤਰਾ ਇਸ ਹਕੀਕਤ ਨੂੰ ਨਹੀਂ ਬਦਲ ਸਕਦਾ। ਮੈਟਸੋਲਾ ਨੇ ਇਸ ਨੂੰ ਆਰਕਟਿਕ ਖੇਤਰ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਦੱਸਿਆ। ਇਸ ਦੇ ਨਾਲ ਹੀ ਅੱਠ ਯੂਰਪੀਅਨ ਦੇਸ਼ਾਂ ਨੇ ਡੈਨਮਾਰਕ ਅਤੇ ਗ੍ਰੀਨਲੈਂਡ ਦੇ ਲੋਕਾਂ ਨਾਲ ਇਕਜੁੱਟਤਾ ਜ਼ਾਹਰ ਕਰਦੇ ਹੋਏ ਇਕ ਸਾਂਝਾ ਬਿਆਨ ਜਾਰੀ ਕੀਤਾ ਅਤੇ ਟਰੰਪ ਦੇ ਟੈਰਿਫ ਖਤਰੇ ਦੀ ਸਖ਼ਤ ਆਲੋਚਨਾ ਕੀਤੀ। ਡੈਨਮਾਰਕ, ਫਿਨਲੈਂਡ, ਫਰਾਂਸ, ਜਰਮਨੀ, ਨੀਦਰਲੈਂਡਜ਼, ਨਾਰਵੇ, ਸਵੀਡਨ ਅਤੇ ਯੂਨਾਈਟਿਡ ਕਿੰਗਡਮ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਉਹ ਗ੍ਰੀਨਲੈਂਡ ਦੇ ਨਾਲ ਹਨ। ਟੈਰਿਫ ਦਾ ਖ਼ਤਰਾ ਟ੍ਰਾਂਸ-ਐਟਲਾਂਟਿਕ ਸਬੰਧਾਂ ਨੂੰ ਕਮਜ਼ੋਰ ਕਰੇਗਾ।

ਵਿਵਾਦ ਦੇ ਦੌਰਾਨ ਯੂਰਪੀ ਸੰਘ ਨੇ ਜੁਲਾਈ 2025 ਵਿਚ ਘੋਸਿਤ ਕੀਤੇ ਈਯੂ- ਅਮਰੀਕਾ ਵਪਾਰ ਸਮਝੌਤੇ ਦੀ ਪੁਸ਼ਟੀ ਪ੍ਰਕਿਰਿਆ ਰੱਦ ਕਰ ਦਿੱਤੀ ਹੈ। ਯੂਰਪੀ ਸੰਸਦ 'ਚ ਅਮਰੀਕਾ ਖਿਲਾਫ ਐਂਟੀ-ਕੋਹੇਰਸ਼ਨ ਇੰਸਟ੍ਰੂਮੈਂਟ (ਏਸੀਆਈ) ਲਾਗੂ ਕਰਨ ਦੀ ਮੰਗ ਤੇਜ਼ ਹੋ ਗਈ ਹੈ, ਜਿਸ ਦੇ ਜ਼ਰੀਏ ਕਿਸੇ ਵੀ ਕਿਸਮ ਦੇ ਆਰਥਿਕ ਦਬਾਅ ਦਾ ਜਵਾਬ ਦਿੱਤਾ ਜਾ ਸਕਦਾ ਹੈ। ਬ੍ਰਿਟੇਨ, ਫਰਾਂਸ, ਜਰਮਨੀ, ਨੀਦਰਲੈਂਡ ਸਮੇਤ ਕਈ ਯੂਰਪੀ ਦੇਸ਼ਾਂ ਨੇ ਟਰੰਪ ਦੇ ਰਵੱਈਏ ਦੀ ਤਿੱਖੀ ਨਿਖੇਧੀ ਕੀਤੀ ਹੈ। ਸਥਿਤੀ 'ਤੇ ਵਿਚਾਰ ਕਰਨ ਲਈ ਈਯੂ ਦੇ 27 ਮੈਂਬਰ ਦੇਸ਼ਾਂ ਦੇ ਰਾਜਦੂਤਾਂ ਦੀ ਐਮਰਜੈਂਸੀ ਮੀਟਿੰਗ ਬੁਲਾਈ ਗਈ ਹੈ।

## ਬਲੈਕਮੇਲ ਨਹੀਂ ਕਰ ਸਕਦੇ ਟਰੰਪ

ਸਵੀਡਨ ਦੇ ਪ੍ਰਧਾਨ ਮੰਤਰੀ ਉਲਫ਼


ਸਵੀਡਨ ਦੇ ਪ੍ਰਧਾਨ ਮੰਤਰੀ ਉਲਫ਼ ਕ੍ਰਿਸਟਰਸਨ

ਕ੍ਰਿਸਟਰਸਨ ਨੇ ਟਰੰਪ ਦੀ ਨੀਤੀ ਨੂੰ "ਬਲੈਕਮੇਲ" ਦੱਸਿਆ ਹੈ। ਫਿਨਲੈਂਡ ਅਤੇ ਨਾਰਵੇ ਦੇ ਨੇਤਾਵਾਂ ਨੇ ਕਿਹਾ ਕਿ ਸਹਿਯੋਗੀਆਂ ਦਰਮਿਆਨ ਫਰਕ ਸੰਵਾਦ ਰਾਹੀਂ ਸੁਲਝਣੇ ਚਾਹੀਦੇ ਹਨ, ਧਮਕੀਆਂ ਨਾਲ ਨਹੀਂ। ਜਰਮਨੀ ਦੇ ਵਿੱਤ ਮੰਤਰੀ ਅਤੇ ਵਾਈਸ ਚਾਂਸਲਰ ਲਾਰਸ ਕਲਿੰਗਬੇਲ ਨੇ ਕਿਹਾ ਕਿ ਜਰਮਨੀ ਅਤੇ ਉਸਦੇ ਯੂਰਪੀ ਸਾਥੀਆਂ ਨੂੰ ਬਲੈਕਮੇਲ ਨਹੀਂ ਕੀਤਾ ਜਾ ਸਕਦਾ। ਨੀਦਰਲੈਂਡ ਦੇ ਵਿਦੇਸ਼ ਮੰਤਰੀ ਡੇਵਿਡ ਵੈਨ ਵਿੱਲ ਨੇ ਵੀ ਟਰੰਪ ਦੇ ਰਵੱਈਏ ਨੂੰ ਬਲੈਕਮੇਲ ਕਿਹਾ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਹੀ ਗ੍ਰੀਨਲੈਂਡ ਦਾ ਭਲਾ ਹੋਵੇਗਾ ਅਤੇ ਨਾ ਹੀ ਨਾਟੋ ਦਾ। ਯੂਰਪ ਗਰੀਨਲੈਂਡ ਦੀ ਸੁਰੱਖਿਆ 'ਚ ਸਹਿਯੋਗ ਲਈ ਤਿਆਰ ਹੈ, ਪਰ ਧਮਕੀ ਦੇ ਆਧਾਰ 'ਤੇ ਕੋਈ ਸਮਝੌਤਾ ਸੰਭਵ ਨਹੀਂ ਹੈ। ਡੈਨਮਾਰਕ ਦੇ ਵਿਦੇਸ਼ ਮੰਤਰੀ ਲਾਰਸ ਲੋਕਕੇ ਰਾਸਮੂਸਨ ਨੇ ਕਿਹਾ ਕਿ ਉਹ ਟਰੰਪ ਦੀ ਧਮਕੀ ਤੋਂ ਹੈਰਾਨ ਹਨ ਅਤੇ ਯੂਰਪੀ ਯੂਨੀਅਨ ਦੇ ਨਾਲ ਮਿਲ ਕੇ ਅੱਗੇ ਦੀ ਰਣਨੀਤੀ ਬਣਾ ਰਹੇ ਹਨ। ਨੋਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗੇਹਰ ਸਟੋਰ ਨੇ ਵੀ ਕਿਹਾ ਕਿ ਸਹਿਯੋਗੀਆਂ ਵਿਚ ਅਜਿਹੀ ਭਾਸ਼ਾ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਮੈਕਰੋਂ ਨੇ ਦੁਹਰਾਇਆ ਕਿ ਟੈਰਿਫ ਦੀਆਂ ਧਮਕੀਆਂ ਪੂਰੀ ਤਰ੍ਹਾਂ ਨਾਮਨਜ਼ੂਰ ਹਨ ਅਤੇ ਜ਼ਰੂਰਤ ਪੈਣ 'ਤੇ ਯੂਰਪ ਸਾਂਝੇ ਤੌਰ 'ਤੇ ਜਵਾਬ ਦੇਵੇਗਾ।

## ਟਰੰਪ ਦੀ ਧਮਕੀ

ਟਰੰਪ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਜੇ ਗ੍ਰੀਨਲੈਂਡ ਦੀ "ਪੂਰੀ ਖਰੀਦ" 'ਤੇ ਸਹਿਮਤੀ ਨਹੀਂ ਬਣਦੀ ਤਾਂ ਇੱਕ ਫਰਵਰੀ 2026 ਤੋਂ ਡੈਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਬ੍ਰਿਟੇਨ, ਨੈਦਰਲੈਂਡਜ਼ ਅਤੇ ਫਿਨਲੈਂਡ ਤੋਂ ਅਮਰੀਕਾ ਆਉਣ ਵਾਲੇ ਸਾਰੇ ਸਮਾਨ 'ਤੇ 10 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ, ਜਿਸ ਨੂੰ ਇਕ ਜੂਨ 2026 ਤੋਂ ਵਧਾ ਕੇ 25 ਪ੍ਰਤੀਸ਼ਤ ਕਰ ਦਿੱਤਾ ਜਾਵੇਗਾ।

ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਨਾਟੋ ਦੀ ਸਾਂਝੀ ਸੁਰੱਖਿਆ ਲਈ ਸਹਿਯੋਗੀਆਂ 'ਤੇ ਟੈਰਿਫ ਲਗਾਉਣਾ ਗਲਤ ਹੈ। ਗ੍ਰੀਨਲੈਂਡ ਦਾ ਭਵਿੱਖ ਓਥੇ ਦੇ ਲੋਕਾਂ ਤੇ ਡੈਨਮਾਰਕ ਨੂੰ ਤੈਅ ਕਰਨਾ ਚਾਹੀਦਾ ਹੈ। ਆਇਰਲੈਂਡ ਦੇ ਪੀਐੱਮ ਮਾਈਕਲ ਮਾਰਟਿਨ ਨੇ ਕਿਹਾ ਕਿ ਟਰੰਪ ਨੂੰ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ।


ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ

## ਅਮਰੀਕਾ 'ਚ ਵੀ ਵਿਰੋਧ

ਟਰੰਪ ਦੀ ਇਸ ਨੀਤੀ ਨੂੰ ਅਮਰੀਕਾ 'ਚ ਵੀ ਹਮਾਇਤ ਨਹੀਂ ਮਿਲ ਰਹੀ ਹੈ। ਐਰੀਜ਼ੋਨਾ ਦੇ ਡੈਮੋਕ੍ਰੇਟ ਸੀਨੇਟਰ ਮਾਰਕ ਕੇਲੀ ਨੇ ਕਿਹਾ ਕਿ ਇਸ ਨਾਲ ਸਹਿਯੋਗੀਆਂ 'ਚ ਫਰਕ ਪਵੇਗਾ ਅਤੇ ਅਮਰੀਕੀ ਨਾਗਰਿਕਾਂ ਉੱਤੇ ਆਰਥਿਕ ਭਾਰ ਵੱਧੇਗਾ। ਓਹਨਾਂ ਚਿਤਾਵਨੀ ਦਿੱਤੀ ਕਿ ਜੇ ਯੂਰਪੀ ਦੇਸ਼ ਗ੍ਰੀਨਲੈਂਡ ਲਈ ਅਮਰੀਕਾ ਦੇ ਖ਼ਿਲਾਫ ਖੜ੍ਹੇ ਹੋਏ ਤਾਂ ਇਹ ਰਣਨੀਤਕ ਆਫ਼ਤ ਹੋਵੇਗੀ। ਕੇਲੀ ਅਨੁਸਾਰ ਟਰੰਪ ਦੀ ਨੀਤੀ ਨੇ ਅਮਰੀਕੀ ਰਿਸ਼ਤਿਆਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ।


ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ

## ਯੂਰਪ ਦੀ ਤਿੱਖੀ ਪ੍ਰਤੀਕਿਰਿਆ

ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਫਾਨ ਡੇਰ ਲੇਅਨ ਅਤੇ ਯੂਰਪੀ ਅਖੰਡਤਾ ਸਮਿਤੀ ਦੇ ਪ੍ਰਧਾਨ ਐਂਟੋਨਿਓ ਕੋਸਤਾਏ ਸੰਯੁਕਤ ਬਿਆਨ 'ਚ ਕਿਹਾ ਕਿ ਯੂਰਪ ਆਪਣੀ ਪ੍ਰਭੁਤਾ ਦੀ ਰੱਖਿਆ ਕਰਨ ਲਈ ਇਕਜੁਟ ਰਹੇਗਾ। ਯੂਰਪੀ ਸੰਘ ਦੀ ਵਿਦੇਸ਼ ਨੀਤੀ ਮੁਖੀ ਕਾਜਾ ਕਾਲਾਸ ਨੇ ਕਿਹਾ ਕਿ ਟਰੰਪ ਦੀ ਧਮਕੀ ਤੋਂ ਚੀਨ ਅਤੇ ਰੂਸ ਸਭ ਤੋਂ ਵੱਧ ਖੁਸ਼ ਹੋਣਗੇ, ਕਿਉਂਕਿ ਸਹਿਯੋਗੀਆਂ 'ਚ ਵੰਡ ਦਾ ਲਾਭ ਉਹਨਾਂ ਨੂੰ ਮਿਲੇਗਾ। ਉਨ੍ਹਾਂ ਨੇ ਟੈਰਿਫ ਯੁੱਧ ਚੇਤਾਵਨੀ ਦਿੱਤੀ ਹੈ।


ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਫਾਨ ਡੇਰ ਲੇਅਨ

## ਸਿਰਫ਼ ਪੁਤਿਨ ਹੋਣਗੇ ਖੁਸ਼

ਸਪੇਨ ਦੇ ਪ੍ਰਧਾਨ ਮੰਤਰੀ ਪੇਟ੍ਰੋ ਸਾਂਚੇਜ਼ ਨੇ ਕਿਹਾ ਕਿ ਜੇ ਅਮਰੀਕਾ ਗ੍ਰੀਨਲੈਂਡ 'ਤੇ ਕਿਸੇ ਵੀ ਤਰ੍ਹਾਂ ਦੀ ਹਮਲਾਵਰ ਕਾਰਵਾਈ ਕਰਦਾ ਹੈ ਤਾਂ ਇਸ ਨਾਲ ਸਭ ਤੋਂ ਜ਼ਿਆਦਾ ਖੁਸ਼ੀ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਹੋਵੇਗੀ। ਉਨ੍ਹਾਂ ਦੇ ਅਨੁਸਾਰ, ਅਜਿਹਾ ਕਦਮ ਨਾਟੋ ਦੇ ਤਾਬੂਤ ਵਿੱਚ ਆਖਰੀ ਕਿੱਲ ਸਾਬਿਤ ਹੋਵੇਗਾ ਅਤੇ ਯੂਕਰੇਨ 'ਤੇ ਰੂਸ ਦੇ ਹਮਲੇ ਨੂੰ ਹਕੀਕਤ 'ਚ ਬਦਲੇਗਾ।

# ਟਰੰਪ ਨੇ 60 ਦੇਸ਼ਾਂ ਨੂੰ 'ਬੋਰਡ ਆਫ ਪੀਸ' ਵਿਚ ਸ਼ਾਮਲ ਹੋਣ ਦਾ ਦਿੱਤਾ ਸੱਦਾ



**ਵਾਸ਼ਿੰਗਟਨ:**ਗਾਜ਼ਾ 'ਚ ਸੰਘਰਸ਼ ਖਤਮ ਕਰਨ ਅਤੇ ਦੂਸਰੇ ਪੜਾਅ ਦੇ ਅਮਨ ਸਮਝੌਤੇ ਨੂੰ ਲਾਗੂ ਕਰਨ ਲਈ ਬਣਾਏ 'ਬੋਰਡ ਆਫ ਈਸ' 'ਚ ਸ਼ਾਮਿਲ ਹੋਣ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 60 ਦੇਸ਼ਾਂ ਨੂੰ ਸੱਦਾ ਦਿੱਤਾ ਹੈ। ਹਾਲਾਂਕਿ, ਇਸਦਾ ਮਕਸਦ ਗਾਜ਼ਾ ਦੇ ਮੁੜ ਨਿਰਮਾਣ ਤੋਂ ਕਾਫ਼ੀ ਅੱਗੇ ਮੰਨਿਆ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਅੱਗੇ ਚੱਲ ਕੇ ਇਹ ਵਿਸ਼ਵ ਭਰ ਦੇ ਸੰਘਰਸ਼ਾਂ ਦਾ ਹੱਲ ਕਰੇਗਾ। ਇਸਨੂੰ ਦੇਖਦਿਆਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨੇ ਸਾਵਧਾਨੀ ਨਾਲ ਪ੍ਰਤਿਕਿਰਿਆ ਦਿੱਤੀ ਹੈ।

ਸਿਆਸੀ ਆਗੂਆਂ ਦਾ ਕਹਿਣਾ ਹੈ ਕਿ ਇਹ ਯੋਜਨਾ ਸੰਯੁਕਤ ਰਾਸ਼ਟਰ ਦੇ ਕਾਰਜਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਸਿਰਫ ਹੰਗਰੀ ਦੇ ਨੇਤਾ ਨੇ ਸਪੱਸ਼ਟ ਤੌਰ 'ਤੇ ਇਸ ਸੱਦੇ ਨੂੰ ਸਵੀਕਾਰ ਕੀਤਾ ਹੈ। ਡਰਾਫਟ ਚਾਰਟਰ ਦੀ ਇਕ ਕਾਪੀ ਦੇ ਅਨੁਸਾਰ, ਬੋਰਡ ਦੀ ਪ੍ਰਧਾਨਗੀ ਟਰੰਪ ਤਾਉਮਰ ਕਰਨਗੇ ਅਤੇ ਗਾਜ਼ਾ ਸੰਘਰਸ਼ ਦੇ ਹੱਲ ਨਾਲ ਸ਼ੁਰੂ ਹੋਣਗੇ ਅਤੇ ਫਿਰ ਹੋਰ ਸੰਘਰਸ਼ਾਂ ਨਾਲ ਨਜਿੱਠਣ ਲਈ ਵਿਸਥਾਰ ਕਰਨਗੇ। ਜਾਣਕਾਰੀ ਮੁਤਾਬਕ ਬਲੂਮਬਰਗ ਨਿਊਜ਼ ਨੇ ਰਿਪੋਰਟ ਦਿੱਤੀ ਕਿ ਟਰੰਪ ਪ੍ਰਸ਼ਾਸਨ ਚਾਹੁੰਦਾ ਹੈ ਕਿ ਦੇਸ਼ ਸ਼ਾਂਤੀ ਬੋਰਡ 'ਚ ਬਣੇ ਰਹਿਣ ਲਈ ਇਕ ਅਰਬ ਡਾਲਰ ਦਾ ਭੁਗਤਾਨ ਕਰੇ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਹਰੇਕ ਮੈਂਬਰ ਦੇਸ਼ ਇਸ ਚਾਰਟਰ ਦੇ ਲਾਗੂ ਹੋਣ ਦੀ ਮਿਤੀ ਤੋਂ ਵੱਧ ਤੋਂ ਵੱਧ ਤਿੰਨ ਸਾਲਾਂ ਲਈ ਮੈਂਬਰ ਰਹੇਗਾ, ਜਿਸ ਨੂੰ ਰਾਸ਼ਟਰਪਤੀ ਦੁਆਰਾ ਨਵੀਨੀਕਰਣ ਕੀਤਾ ਜਾ ਸਕਦਾ ਹੈ।

ਵ੍ਹਾਈਟ ਹਾਊਸ ਨੇ ਇਸ ਰਿਪੋਰਟ ਨੂੰ 'ਗੁੰਮਰਾਹਕੁੰਨ ਦੱਸਿਆ ਅਤੇ ਕਿਹਾ ਕਿ ਸ਼ਾਂਤੀ ਬੋਰਡ 'ਚ ਸ਼ਾਮਲ ਹੋਣ ਲਈ ਘੱਟੋ-ਘੱਟ ਮੈਂਬਰਸ਼ਿਪ ਫੀਸ ਨਹੀਂ ਹੈ।

# ਔਰਤਾਂ ਦੇ ਪੇਟ 'ਚ ਦਰਦ ਰਹਿਣ ਦਾ ਕਾਰਨ ਲੱਭਿਆ



**ਨਵੀਂ ਦਿੱਲੀ:**ਇਕ ਅਧਿਐਨ 'ਚ ਪਤਾ ਲੱਗਿਆ ਹੈ ਕਿ ਔਰਤਾਂ ਨੂੰ ਵੱਧ ਪੇਟ ਦਰਦ ਜ਼ਿਆਦਾ ਕਿਉਂ ਹੁੰਦਾ ਹੈ। ਇਸ 'ਚ ਦੱਸਿਆ ਗਿਆ ਹੈ ਕਿ ਐਸਟ੍ਰੋਜਨ ਅੰਤੜੀਆਂ ਦੇ ਹਾਰਮੋਨ ਦੇ ਰਿਸਾਵ ਨੂੰ ਵਧਾ ਦਿੰਦਾ ਹੈ, ਜਿਸ ਨਾਲ ਸੇਰੋਟੋਨਿਨ ਵਧਦਾ ਹੈ ਅਤੇ ਅੰਤੜੀਆਂ ਸੰਵੇਦਨਸ਼ੀਲ ਹੋ ਜਾਂਦੀਆਂ ਹਨ, ਜੋ ਦਰਦ ਪੈਦਾ ਕਰਦੀਆਂ ਹਨ।

ਸਾਇੰਸ ਜਰਨਲ 'ਚ ਪ੍ਰਕਾਸ਼ਿਤ ਨਤੀਜਿਆਂ ਮੁਤਾਬਕ, ਦੱਖਣੀ ਆਸਟ੍ਰੇਲੀਆਈ ਸਿਹਤ ਅਤੇ ਮੈਡੀਕਲ ਅਧਿਐਨ ਸੰਸਥਾਨ ਅਤੇ ਕੈਲਿਫੋਰਨੀਆ ਯੂਨੀਵਰਸਿਟੀ ਦੇ ਖੋਜੀਆਂ ਵੱਲੋਂ ਕੀਤੇ ਗਏ ਨਰ ਅਤੇ ਮਾਦਾ ਚੂਹੇ ਮਾਡਲ ਦੇ ਤੁਲਨਾਤਮਕ ਅਧਿਐਨ ਤੋਂ ਇਕ ਐਸਟ੍ਰੋਜਨ-ਨਿਰਭਰ ਰਾਹ ਦਾ ਪਤਾ ਲੱਗਿਆ ਹੈ ਜੋ ਇਸ ਸੰਵੇਦਨਸ਼ੀਲਤਾ ਨੂੰ ਵਧਾਉਂਦਾ ਹੈ। ਖੋਜੀ ਸਟੂਅਰਟ ਬ੍ਰਾਇਰਲੀ ਨੇ ਕਿਹਾ, 'ਐਸਟ੍ਰੋਜਨ ਅੰਤੜੀਆਂ 'ਚ ਇੱਕ ਮਾਰਗ ਨੂੰ ਗਤੀਸ਼ੀਲ ਕਰਦਾ ਹੈ, ਜੋ ਅੰਤੜੀਆਂ ਦੇ ਹਾਰਮੋਨ ਪੀਵਾਈਵਾਈ ਦੇ ਰਿਸਾਅ ਨੂੰ ਵਧਾਉਂਦਾ ਹੈ।' ਪੀਵਾਈਵਾਈ ਫਿਰ ਆਲੇ ਦੁਆਲੇ ਦੇ ਸੇਰੋਟੋਨਿਨ ਪੈਦਾ ਕਰਨ ਵਾਲੇ ਐਂਟਰੋਕੋਮਾਫਿਨ ਸੈੱਲਾਂ ਨੂੰ ਉਤੇਜਿਤ ਕਰਦਾ ਹੈ, ਸੇਰੋਟੋਨਿਨ ਦੇ ਉਤਪਾਦਨ ਨੂੰ ਵਧਾਉਂਦਾ ਹੈ ਅਤੇ ਦਿਮਾਗ ਦਰਦ ਦੇ ਸੰਦੇਸ਼ ਭੇਜਣ ਵਾਲੀਆਂ ਨਸਾਂ ਸੰਵੇਦਨਸ਼ੀਲ ਬਣਾਉਂਦਾ ਹੈ। ਇਸ ਦਰਦ ਵਿਕਾਰ ਔਰਤਾਂ ਵਿਚ ਆਮ ਹਨ, ਪਰ ਉਨ੍ਹਾਂ ਦੇ ਕਾਰਨਾਂ ਨੂੰ ਅਜੇ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਹੈ।

ਇਸ ਅਧਿਐਨ ਨੇ ਇਹ ਵੀ ਦਿਖਾਇਆ ਕਿ ਐਸਟ੍ਰੋਜਨ ਸ਼ਾਰਟ-ਚੇਨ ਫੈਟੀ ਐਸਿਡ ਦੇ ਪ੍ਰਤੀ ਅੰਤੜੀਆਂ ਦੀ ਪ੍ਰਤੀਕ੍ਰਿਆ ਨੂੰ ਵਧਾਉਂਦਾ ਹੈ, ਜੋ ਕਿ ਭੋਜਨ ਦੇ ਪਾਚਨ ਦੌਰਾਨ ਬੈਕਟੀਰੀਆ ਦੁਆਰਾ ਪੈਦਾ ਕੀਤੇ ਜਾਂਦੇ ਹਨ।

# 200 ਮੀਟਰ ਹੋਰ ਅੱਗੇ ਜਾਵੇਗੀ ਕੰਡਿਆਲੀ ਤਾਰ: ਧਾਲੀਵਾਲ




**ਅੰਮ੍ਰਿਤਸਰ:**ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਕਰ ਕੇ ਸਰਹੱਦੀ ਕਿਸਾਨਾਂ ਦਾ ਦਹਾਕਿਆਂ ਪੁਰਾਣਾ ਮਸਲਾ ਹੱਲ ਕਰਵਾਉਣ ਲਈ ਧੰਨਵਾਦ ਕੀਤਾ ਹੈ। ਪ੍ਰੈੱਸ ਕਾਨਫਰੰਸ ਦੌਰਾਨ ਵਿਧਾਇਕ ਧਾਲੀਵਾਲ ਤੇ 'ਆਪ' ਆਗੂ ਗੁਰਪ੍ਰਤਾਪ ਸਿੰਘ ਨੇ ਦੱਸਿਆ ਕਿ ਸਰਹੱਦ 'ਤੇ ਲੱਗੀ ਕੰਡਿਆਂ ਵਾਲੀ ਤਾਰ ਨੂੰ ਹੁਣ ਅੰਤਰਰਾਸ਼ਟਰੀ ਬਾਰਡਰ ਦੇ ਹੋਰ ਨੇੜੇ (200 ਮੀਟਰ ਤੱਕ) ਕਰ ਦਿੱਤਾ ਜਾਵੇਗਾ। ਇਸ ਇਤਿਹਾਸਕ ਫ਼ੈਸਲੇ ਨਾਲ ਪੰਜਾਬ ਦੀ 532 ਕਿੱਲੋਮੀਟਰ ਲੰਬੀ ਸਰਹੱਦ ਨਾਲ ਲੱਗਦੀ ਹਜ਼ਾਰਾਂ ਏਕੜ ਜ਼ਮੀਨ ਹੁਣ ਤਾਰ ਦੇ ਅੰਦਰ ਆ ਜਾਵੇਗੀ, ਜਿਸ ਨਾਲ ਕਿਸਾਨਾਂ ਨੂੰ ਖੇਤੀ ਕਰਨ ਵੇਲੇ ਹੋਣ ਵਾਲੀ ਖੱਜਲ-ਖੁਆਰੀ ਅਤੇ ਸਖ਼ਤ ਚੈਕਿੰਗ ਤੋਂ ਰਾਹਤ ਮਿਲੇਗੀ। ਧਾਲੀਵਾਲ ਨੇ ਕਿਹਾ ਕਿ ਪਹਿਲਾਂ ਕਿਸਾਨਾਂ ਨੂੰ ਆਪਣੀ ਜ਼ਮੀਨ ਵਾਹੁਣ ਲਈ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਦਾ ਸੀਮਤ ਸਮਾਂ ਦਿੱਤਾ ਜਾਂਦਾ ਸੀ ਅਤੇ ਔਰਤਾਂ ਸਮੇਤ ਸਾਰੇ ਕਾਮਿਆਂ ਨੂੰ ਸਖ਼ਤ ਤਲਾਸ਼ੀ ਵਿੱਚੋਂ ਗੁਜ਼ਰਨਾ ਪੈਂਦਾ ਸੀ। ਤਾਰ ਦੇ ਦੂਜੇ ਪਾਸੇ ਕੋਈ ਟਿਊਬਵੈੱਲ ਕਨੈਕਸ਼ਨ ਨਾ ਹੋਣ ਕਾਰਨ ਕਿਸਾਨਾਂ ਨੂੰ ਭਾਰੀ ਨੁਕਸਾਨ ਹੁੰਦਾ ਸੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਮਜੀਠਾ ਵਿਚ ਰੈਲੀ ਕਰਨਗੇ ਤੇ ਭਲਕੇ ਅਜਨਾਲਾ ਵਿਖੇ ਨਵੇਂ ਕਾਲਜ ਦਾ ਨੀਂਹ ਪੱਥਰ ਰੱਖਣਗੇ। ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਮੀਟਿੰਗ ਦੌਰਾਨ ਪੰਜਾਬ ਦੇ 10,000 ਕਰੋੜ ਰੁਪਏ ਦੇ ਰੁਕੇ ਹੋਏ ਆਰਡੀਐੱਫ ਫੰਡ ਦਾ ਮੁੱਦਾ ਵੀ ਚੁੱਕਿਆ ਅਤੇ ਤੁਰੰਤ 25 ਫੀਸਦੀ ਰਕਮ ਜਾਰੀ ਕਰਨ ਦੀ ਮੰਗ ਕੀਤੀ, ਜਿਸ 'ਤੇ ਕੇਂਦਰ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਮੁਖ ਮੰਤਰੀ ਨੇ ਇਸ ਮੀਟਿੰਗ ਦੌਰਾਨ ਕੇਂਦਰ ਦੇ ਨਵੇਂ 'ਬੀਜ ਬਿੱਲਾ ਦਾ ਸਖ਼ਤ ਵਿਰੋਧ ਕੀਤਾ ਹੈ ਕਿਉਂਕਿ ਇਹ ਕਿਸਾਨਾਂ ਦੀ ਬਜਾਏ ਕਾਰਪੋਰੇਟ ਘਰਾਣਿਆਂ ਦੇ ਫਾਇਦੇ ਲਈ ਲਿਆਂਦਾ ਜਾ ਰਿਹਾ ਹੈ।

# ਦੋ ਦਹਾਕਿਆਂ ਤੋਂ ਸਥਾਪਨਾ ਦੀ ਉਡੀਕ ਵਿੱਚ ਹੈ ਨੰਦ ਲਾਲ ਨੂਰਪੁਰੀ ਦਾ ਬੁੱਤ

**ਜਲੰਧਰ:**ਮਾਂ ਬੋਲੀ ਪੰਜਾਬੀ ਦੀ ਝੋਲੀ ਲੋਕ ਗੀਤ, ਕਵਿਤਾਵਾਂ, ਗ਼ਜ਼ਲਾਂ ਤੇ ਧਾਰਮਿਕ ਗੀਤਾਂ ਨਾਲ ਭਰਨ ਵਾਲੇ ਮਹਾਨ ਗੀਤਕਾਰ ਨੰਦ ਲਾਲ ਨੂਰਪੁਰੀ ਦੀ ਯਾਦਗਾਰ ਉਸਾਰਣ ਲਈ ਰੱਖਿਆ ਗਿਆ ਨੀਂਹ ਪੱਥਰ ਤੇ ਪਾਰਕ 'ਚ ਲਾਉਣ ਲਈ ਤਿਆਰ ਕੀਤਾ ਗਿਆ ਪੱਥਰ ਦਾ ਬੁੱਤ ਪਿਛਲੇ ਦੋ ਦਹਾਕਿਆਂ ਦੀ ਉਡੀਕ 'ਚ ਖਾਲੀਪਣ ਦਾ ਸ਼ਿਕਾਰ ਹੋ ਕੇ ਪਥਰਾਏ ਹੋਏ ਜਾਪ ਰਹੇ ਹਨ। ਹਾਲਾਂਕਿ ਸਰਕਾਰਾਂ ਤੇ ਪ੍ਰਸ਼ਾਸਨ ਵੱਲੋਂ ਵਿਸਾਰ ਦਿੱਤੇ ਗਏ ਮਾਂ ਬੋਲੀ ਦੇ ਮਾਣ ਇਸ ਮਹਾਨ ਗੀਤਕਾਰ ਦੇ ਪਰਿਵਾਰਕ ਮੈਂਬਰ ਤੇ ਮੁਹੱਲਾ ਵਾਸੀ ਅੱਜ ਵੀ ਉਨ੍ਹਾਂ ਵੱਲੋਂ ਗਾਏ ਗੀਤਾਂ, ਕਵਿਤਾਵਾਂ ਤੇ ਗ਼ਜ਼ਲਾਂ ਨੂੰ ਗੁਣਗੁਣਾਉਂਦੇ ਹੋਏ ਨੰਦ ਲਾਲ ਨੂਰਪੁਰੀ ਨੂੰ ਦਿਲਾਂ 'ਚ ਵਸਾਈ ਬੈਠੇ ਹਨ।

ਇਸ ਗੀਤਕਾਰ ਵੱਲੋਂ ਸਾਹਿਤ ਦੀ ਝੋਲੀ 'ਚ ਪਾਏ ਗਏ ਸਦਾਬਹਾਰ ਗੀਤ 'ਗੋਰੀ ਦੀਆ ਝਾਂਜਰਾਂ ਬੁਲਾਉਂਦੀਆਂ ਗਈਆਂ, 'ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ ਅਤੇ 'ਦਾਤਾ ਦੀਆਂ ਬੇਪਰਵਾਹੀਆਂ' ਸਦਕਾ ਅੱਜ ਵੀ ਉਹ ਲੋਕਾਂ ਦੇ ਦਿਲਾਂ 'ਚ ਵਸਦੇ ਹਨ। ਨੂਰਪੁਰੀ ਦੇ ਲਿਖੇ ਗੀਤਾਂ ਨੂੰ ਮਹਾਨ ਗਾਇਕ ਮੁਹੰਮਦ ਰਫ਼ੀ ਤੇ ਗਾਇਕਾਵਾਂ ਨਰਿੰਦਰ ਬੀਬਾ, ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਨੇ ਆਪਣੀ ਆਵਾਜ਼ ਦਿੱਤੀ ਤੇ ਗਾਇਕੀ ਦੇ ਸਿਖ਼ਰਾਂ 'ਤੇ ਪਹੁੰਚੇ ਪਰ ਅੱਜ ਨਾ ਸਿਰਫ਼ ਨੰਦ ਲਾਲ ਨੂਰਪੁਰੀ ਬਲਕਿ ਇਸ ਮਹਾਨ ਸ਼ਾਇਰ ਦਾ ਪਰਿਵਾਰ ਵੀ ਗੁਮਨਾਮੀ ਤੇ ਗ਼ੁਰਬਤ ਦੇ ਹਨੇਰੇ 'ਚ ਗੁਆਚਿਆ ਹੋਇਆ ਹੈ। ਇਸ ਮਹਾਨ ਸ਼ਾਇਰ ਦੀ ਵੱਡੀ ਨੂੰਹ ਸੁਦੇਸ਼ ਕੁਮਾਰੀ ਤੇ ਛੋਟੀ ਨੂੰਹ ਸੁਖਜਿੰਦਰ ਕੌਰ ਨੇ ਦੱਸਿਆ ਕਿ 31 ਜੁਲਾਈ 2006 'ਚ ਤਤਕਾਲੀਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਚੌਧਰੀ ਜਗਜੀਤ ਸਿੰਘ ਨੇ ਨੰਦ ਲਾਲ ਨੂਰਪੁਰੀ ਸਮਾਰਕ ਬਣਾਉਣ ਲਈ ਉਸੇ ਖੂਹ ਵਾਲੀ ਥਾਂ ਜਿੱਥੇ ਉਨ੍ਹਾਂ ਨੇ ਖ਼ੁਦਕੁਸ਼ੀ ਕੀਤੀ ਸੀ, 'ਤੇ ਨੀਂਹ ਪੱਥਰ ਰੱਖਿਆ ਸੀ। ਉਨ੍ਹਾਂ ਨੇ ਹੀ ਮਰਹੂਮ ਸ਼ਾਇਰ ਦਾ ਬੁੱਤ ਵੀ ਤਿਆਰ ਕਰਵਾਇਆ ਸੀ ਜੋ ਕਿ ਨੰਦ ਲਾਲ ਨੂਰਪੁਰੀ ਪਾਰਕ 'ਚ ਲਾਇਆ ਜਾਣਾ ਸੀ। ਦੋਵਾਂ ਨੂੰਹਾਂ ਨੇ ਬੜੇ ਹੀ ਭਰੇ ਮਨ ਨਾਲ ਕਿਹਾ ਕਿ ਇਸ ਨੀਂਹ ਪੱਥਰ ਨੂੰ ਰੱਖੇ ਹੋਏ ਕਰੀਬ 20 ਸਾਲ ਹੋ ਗਏ ਹਨ ਪਰ ਚੌਧਰੀ ਜਗਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਇਲਾਕੇ ਦੇ ਕਿਸੇ ਵੀ ਵਿਧਾਇਕ ਜਾਂ ਮੰਤਰੀ ਨੇ ਸਮਾਰਕ ਦੀ ਉਸਾਰੀ 'ਤੇ ਧਿਆਨ ਨਹੀਂ ਦਿੱਤਾ। ਹੌਲ਼ੀ-ਹੌਲ਼ੀ ਉਕਤ ਥਾਂ 'ਤੇ ਮੁਹੱਲਾ ਵਾਸੀਆਂ ਨੇ ਬੱਚਿਆਂ ਲਈ ਖੇਡਣ ਦੀ ਥਾਂ ਬਣਾ ਲਈ ਅਤੇ ਕੁਝ ਥਾਂ 'ਤੇ ਆਸ-ਪਾਸ ਦੇ ਲੋਕਾਂ ਨੇ ਆਪਣੀਆਂ ਗੱਡੀਆਂ ਖੜ੍ਹੀਆਂ ਕਰਨ ਲਈ ਪਾਰਕਿੰਗ ਬਣਾ ਲਈ। ਸਮਾਰਕ ਲਈ ਰੱਖੇ ਗਏ ਨੀਂਹ ਪੱਥਰ ਦੀਆਂ ਹੁਣ ਇੱਟਾਂ ਵੀ ਭੁਰਨੀਆਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਬੁੱਤ ਘਰ ਦੇ ਇਕ ਕੋਨੇ 'ਚ ਪਿਆ ਹੋਇਆ ਹੈ। ਪਰਿਵਾਰਦੇ ਨਾਲ-ਨਾਲ ਪੱਥਰ ਦਾ ਇਹ ਬੁੱਤ ਵੀ ਮਹਾਨ ਸ਼ਾਇਰ ਵੱਲੋਂ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਏ ਗਏ ਮਹਾਨ ਸਾਹਿਤਕ ਵਿਰਸੇ ਦੇ ਕਦਰਦਾਨ ਦੀ ਉਡੀਕ ਕਰ ਰਿਹਾ ਹੈ। ਇਲਾਕੇ 'ਚ ਨੰਦ ਲਾਲ ਨੂਰਪੁਰੀ ਦੇ ਨਾਂ 'ਤੇ ਬਣਾਇਆ ਗਿਆ ਪਾਰਕ ਵੀ ਕੂੜੇ ਦਾ ਡੰਪ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਲਗਦਾ ਹੈ ਕਿ ਇਸ ਸ਼ਾਇਰ ਦੇ ਨਾਲ ਹੀ ਇਸ ਪਾਰਕ ਨੂੰ ਵੀਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ। ਪਾਰਕ ਦੀ ਮੰਦੀ ਹਾਲਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਦੇ ਗੇਟ 'ਤੇ ਲਿਖਿਆ ਨੰਦ ਲਾਲ ਨੂਰਪੁਰੀ ਦਾ ਨਾਂ ਵੀ ਅਧੂਰਾ ਰਹਿ ਗਿਆ ਹੈ। ਮੁਹੱਲਾ ਵਾਸੀਆਂ ਮੁਤਾਬਕ ਸਾਫ਼-ਸਫ਼ਾਈ ਦਾ ਕੋਈ ਪ੍ਰਬੰਧ ਨਾ ਹੋਣ ਕਰਕੇ ਆਸ-ਪਾਸ ਦੇ ਲੋਕ ਵੀ ਇੱਥੇ ਆਉਣ ਤੋਂ ਪਾਸਾ ਵੱਟਦੇ ਹਨ।



### ਮੂੰਹ ਭਾਰ ਖੂਹ 'ਚ ਪਈ ਸੀ ਦੇਹ, ਨਹੀਂ ਭੁੱਲਦਾ ਉਹ ਦ੍ਰਿਸ਼

ਪੰਜਾਬੀ ਮਾਂ-ਬੋਲੀ ਦੀ ਇੰਨੀ ਸੇਵਾ ਕਰਨ ਵਾਲੇ ਇਸ ਮਹਾਨ ਸ਼ਾਇਰ ਨੂੰ ਆਪਣੀ ਜ਼ਿੰਦਗੀ ਦੇ ਆਖ਼ਰੀ ਦਿਨਾਂ 'ਚ ਬੇਹੱਦ ਗ਼ਰੀਬੀ ਤੇ ਤੰਗੀ ਦਾ ਸਾਹਮਣਾ ਕਰਨਾ ਪਿਆ। 13 ਮਈ 1966 ਨੂੰ ਆਰਥਿਕ ਤੰਗੀ ਤੋਂ ਪਰੇਸ਼ਾਨ ਹੋ ਕੇ ਉਨ੍ਹਾਂ ਨੇ ਮਾਡਲ ਹਾਊਸ ਸਥਿਤ ਆਪਣੇ ਘਰ ਨੇੜੇ ਵਿਰਾਨ ਪਏ ਖੂਹ 'ਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਸ ਖੂਹ ਦੇ ਐਨ ਸਾਹਮਣੇ ਘਰ 'ਚ ਰਹਿਣ ਵਾਲੀ ਗੁਰਬਚਨ ਕੌਰ ਨੇ ਦੱਸਿਆ ਕਿ ਜਦੋਂ ਉਸ ਰਾਤ ਨੂਰਪੁਰੀ ਜੀ ਨੇ ਜਾਨ ਦਿੱਤੀ ਸੀ ਤਾਂ ਉਹ ਆਪਣੇ ਘਰ ਅੰਦਰ ਪੜ੍ਹ ਰਹੀ ਸੀ। ਇਕਦਮ ਖੂਹ 'ਚ ਕੁਝ ਭਾਰੀ ਚੀਜ਼ ਡਿੱਗਣ ਦੀ ਆਵਾਜ਼ ਆਈ ਪਰ ਰਾਤ ਜ਼ਿਆਦਾ ਹੋਣ ਕਰਕੇ ਕਿਸੇ ਨੇ ਵੀ ਦੇਖਣ ਦਾ ਯਤਨ ਨਹੀਂ ਕੀਤਾ। ਸਵੇਰ ਉਸ ਨੇ ਖ਼ੁਦ ਜਾ ਕੇ ਦੇਖਿਆ ਸੀ ਕਿ ਨੂਰਪੁਰੀ ਜੀ ਦੀ ਦੇਹ ਮੂੰਹ ਭਾਰ ਪਈ ਹੋਈ ਸੀ ।

ਉਨ੍ਹਾਂ ਦੀ ਮੌਤ ਨਾਲ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ। ਗੁਰਬਚਨ ਕੌਰ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਖੂਹ 'ਤੇ ਜਿਹੜਾ ਰੁੱਖ ਹੈ, ਉਹ ਇੰਝ ਜਾਪਦਾ ਹੈ ਜਿਵੇਂ ਨੰਦ ਲਾਲ ਨੂਰਪੁਰੀ ਦੀ ਪਿੱਠ 'ਤੇ ਉੱਗਿਆ ਹੋਵੇ।

### ਠਾਣੇਦਾਰ ਦੇ ਘਰ ਜਾਣੈ ! ਅਗਲੀ ਗਲੀ ਦੇ ਮੋੜ 'ਤੇ ਖੱਬੇ ਹੱਥ

ਮੌਜੂਦਾ ਸਮੇਂ 'ਚ ਬਹੁਤੇ ਲੋਕਾਂ ਨੂੰ ਮਰਹੂਮ ਸ਼ਾਇਰ ਨੰਦ ਲਾਲ ਨੂਰਪੁਰੀ ਬਾਰੇ ਪਤਾ ਨਹੀਂ ਹੋਵੇਗਾ। ਉਹ ਮਾਡਲ ਹਾਊਸ 'ਚ ਰਹਿੰਦੇ ਸਨ। ਮੁਹੱਲਾ ਵਾਸੀ ਅੱਜ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਨ। ਮੀਡੀਆ ਮੁਲਾਜ਼ਮਾਂ ਨੇ ਜਦੋਂ ਮੁਹੱਲੇ 'ਚ ਘਰ ਦੇ ਬਾਹਰ ਬੈਠੇ ਇਕ ਬਜ਼ੁਰਗ ਕੋਲੋਂ ਪੁੱਛਿਆ ਕਿ ਗੀਤਕਾਰ ਨੰਦ ਲਾਲ ਨੂਰਪੁਰੀ ਦਾ ਘਰ ਕਿਹੜਾ ਹੈ ਤਾਂ ਉਨ੍ਹਾਂ ਨੇ ਅੱਗੋਂ ਇਹ ਕਿਹਾ 'ਕੀ ਠਾਣੇਦਾਰ ਦੇ ਘਰ ਜਾਣਾ ਹੈ।'' ਹਾਂ ਕਹਿਣ 'ਤੇ ਉਕਤ ਬਜ਼ੁਰਗ ਨੇ ਬੜੇ ਹੀ ਅਦਬ ਨਾਲ ਦੱਸਿਆ ਕਿ ਠਾਣੇਦਾਰ ਨੰਦ ਲਾਲ ਨੂਰਪੁਰੀ ਦਾ ਘਰ ਅਗਲੀ ਗਲੀ ਦੇ ਮੋੜ 'ਤੇ ਖੱਬੇ ਹੱਥ 86 ਨੰਬਰ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਮੁਹੱਲੇ ਦੇ ਬਜ਼ੁਰਗ ਅੱਜ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਨ।

# ਵਿਕਸਿਤ ਭਾਰਤ ਜੀ-ਰਾਮਜੀ ਲਾਗੂ ਹੋਣ ਤੱਕ ਚਲਦੀ ਰਹੇਗੀ ਮਨਰੇਗਾ

**ਨਵੀਂ ਦਿੱਲੀ:**ਵਿਕਸਿਤ ਭਾਰਤ ਜੀ-ਰਾਮਜੀ ਯੋਜਨਾ ਦੇ ਵਿਰੋਧ 'ਚ ਕਾਂਗਰਸ ਦੇ ਦੇਸ਼ ਪੱਧਰੀ ਅੰਦੋਲਨ ਨੂੰ ਕੇਂਦਰੀ ਗ੍ਰਾਮੀਣ ਵਿਕਾਸ ਅਤੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਝੂਠ ਤੇ ਫ਼ਰੇਬ ਦੱਸ ਕੇ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਨੇ ਕਾਂਗਰਸੀ ਆਗੂਆਂ ਮੱਲਿਕਾਰਜੁਨ ਖੜਗੇ ਤੇ ਰਾਹੁਲ ਗਾਂਧੀ 'ਤੇ ਗ਼ਲਤ ਜਾਣਕਾਰੀ ਦੇ ਕੇ ਅਫ਼ਵਾਹ ਫੈਲਾਉਣ ਦਾ ਦੋਸ਼ ਲਗਾਇਆ ਤੇ ਦਾਅਵਾ ਕੀਤਾ ਕਿ ਨਵਾਂ ਕਾਨੂੰਨ ਕੰਮ ਦੀ ਗਾਰੰਟੀ ਨੂੰ ਵੱਧ ਮਜ਼ਬੂਤ ਕਰੇਗਾ। ਜੀ-ਰਾਮਜੀ 'ਤੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ਕਰ ਕੇ ਸ਼ਿਵਰਾਜ ਨੇ ਕਾਂਗਰਸ ਦੇ ਇਕ-ਇਕ ਦੋਸ਼ ਦਾ ਜਵਾਬ ਦਿੱਤਾ। ਕਿਹਾ ਕਿ ਨਵਾਂ ਕਾਨੂੰਨ ਛੇ ਮਹੀਨੇ ਦੇ ਅੰਦਰ ਲਾਗੂ ਹੋਵੇਗਾ। ਤਦ ਤੱਕ ਪੁਰਾਣੀ ਯੋਜਨਾ ਦੇ ਤਹਿਤ ਹੀ ਕੰਮ ਹੁੰਦਾ ਰਹੇਗਾ। ਕੰਮ 'ਚ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਮੋਦੀ ਸਰਕਾਰ ਨੇ ਮਜ਼ਦੂਰਾਂ ਦੇ ਅਧਿਕਾਰ ਦੀ ਸਮੁੱਚੀ ਸੁਰੱਖਿਆ ਦੀ ਵਿਵਸਥਾ ਕੀਤੀ ਹੈ।



ਕਾਂਗਰਸ ਦੇ ਇਸ ਦੋਸ਼ ਨੂੰ ਵੀ ਕੇਂਦਰੀ ਮੰਤਰੀ ਨੇ ਖਾਰਜ ਕੀਤਾ ਕਿ ਨਵੀਂ ਯੋਜਨਾ ਸਿਰਫ਼ ਚੋਣਵੀਆਂ ਪੰਚਾਇਤਾਂ ਤੱਕ ਸੀਮਤ ਰਹੇਗੀ। ਕਿਹਾ ਕਿ ਜੀ-ਰਾਮਜੀ ਦੇਸ਼ ਦੀ ਹਰ ਪੰਚਾਇਤ 'ਚ ਇਕੱਠੀ ਲਾਗੂ ਹੋਵੇਗੀ ਤੇ ਕੋਈ ਵੀ ਪੰਚਾਇਤ ਇਸ ਦੇ ਘੇਰੇ ਤੋਂ ਬਾਹਰ ਨਹੀਂ ਰਹੇਗੀ। ਯੋਜਨਾ ਦੇ ਤਹਿਤ ਕੰਮ ਉੱਪਰੋਂ ਥੋਪੇ ਨਹੀਂ ਜਾਣਗੇ, ਬਲਕਿ ਗ੍ਰਾਮ ਸਭਾ ਤੇ ਗ੍ਰਾਮ ਪੰਚਾਇਤ ਵੱਲੋਂ ਤੈਅ ਕੀਤੇ ਜਾਣਗੇ। ਵਿਕਸਿਤ ਗ੍ਰਾਮ ਪੰਚਾਇਤ ਯੋਜਨਾ ਰਾਹੀਂ ਜ਼ਰੂਰਤਾਂ ਮੁਤਾਬਕ ਕੰਮਾਂ ਦੀ ਚੋਣ ਹੋਵੇਗੀ ਤੇ ਘੱਟੋ ਘੱਟ 50 ਫ਼ੀਸਦੀ ਕੰਮ ਪੰਚਾਇਤਾਂ ਦੇ ਰਾਹੀਂ ਹੀ ਕਰਵਾਏ ਜਾਣਗੇ, ਨਾ ਕਿ ਠੇਕੇਦਾਰਾਂ ਦੇ ਰਾਹੀਂ। ਸ਼ਿਵਰਾਜ ਨੇ ਸਪੱਸ਼ਟ ਕੀਤਾ ਕਿ ਜੀ-7 ਰਾਮਜੀ ਨੂੰ ਲੈ ਕੇ ਕਾਂਗਰਸ ਵੱਲੋਂ ਪ ਫੈਲਾਇਆ ਜਾ ਰਿਹਾ ਭੁਲੇਖਾ ਪੂਰੀ ਤਰ੍ਹਾਂ ਬੇਬੁਨਿਆਦ ਹੈ। ਇਹ ਗਾਂਧੀ ਜੀ ਦਾ ਸੱਚ ਨਹੀਂ ਹੈ। ਕਾਂਗਰਸ ਪ੍ਰਚਾਰ ਕਰ ਰਹੀ ਹੈ ਕਿ ਨਵੀਂ ਯੋਜਨਾ ਨਾਲ ਕੰਮ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ, ਜਦਕਿ ਸੱਚਾਈ ਇਸ ਦੇ ਉਲਟ ਹੈ। ਨਵੇਂ ਕਾਨੂੰਨ ਦੇ ਤਹਿਤ ਮਜ਼ਦੂਰਾਂ ਨੂੰ ਸਾਲ 'ਚ 25 ਦਿਨ ਵੱਧ ਕੰਮ ਤੇ ਬੇਰੁਜ਼ਗਾਰੀ ਭੱਤੇ ਦੀ ਗਾਰੰਟੀ ਹੈ। ਜੇ ਕਿਸੇ ਨੂੰ ਕੰਮ ਮੰਗਣ ਤੋਂ ਬਾਅਦ ਤੈਅ ਸਮੇਂ 'ਚ ਕੰਮ ਨਹੀਂ ਮਿਲਦਾ ਤਾਂ ਉਸ ਨੂੰ 15 ਦਿਨਾਂ ਦੇ ਅੰਦਰ ਬੇਰੁਜ਼ਗਾਰੀ ਭੱਤਾ ਮਿਲੇਗਾ। ਅਗਲੇ ਬਜਟ 'ਚ ਜੀ-ਰਾਮਜੀ ਲਈ 1,51,282 ਕਰੋੜ ਰੁਪਏ ਦੀ ਵਿਵਸਥਾ ਹੈ, ਜਿਸ 'ਚ ਕੇਂਦਰ ਸਰਕਾਰ ਦਾ ਹਿੱਸਾ 95 ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ। ਖੇਤੀਬਾੜੀ ਮੰਤਰੀ ਨੇ ਕਿਹਾ ਕਿ 60:40 ਦੇ ਅਨੁਪਾਤ ਨੂੰ ਲੈ ਕੇ ਸੂਬਿਆਂ 'ਤੇ ਵਾਧੂ ਭਾਰ ਪੈਣ ਦੀ ਗੱਲ ਵੀ ਗ਼ਲਤ ਹੈ। ਕੇਂਦਰ ਸਰਕਾਰ ਪਹਿਲਾਂ ਤੋਂ ਵੱਧ ਸਾਧਨ ਉਪਲੱਬਧ ਕਰਵਾ ਰਹੀ ਹੈ, ਜਿਸ ਨਾਲ ਸੂਬਿਆਂ ਨੂੰ ਪਿੰਡਾਂ 'ਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਚ ਮਦਦ ਮਿਲੇਗੀ।

ਸ਼ਿਵਰਾਜ ਨੇ ਕਿਹਾ ਕਿ ਇਸ ਯੋਜਨਾ ਨਾਲ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਸਿੱਧਾ ਲਾਭ ਮਿਲੇਗਾ। ਬਿਜਾਈ ਤੇ ਕਟਾਈ ਦੇ ਸਮੇਂ ਉਪਲੱਬਧ ਮਜ਼ਦੂਰਾਂ ਨਾਲ ਖੇਤੀ ਕਾਰਜਾਂ 'ਚ ਤੇਜ਼ੀ ਆਏਗੀ ਤੇ ਉਤਪਾਦਨ ਵਧੇਗਾ।

# ਪਤੀ ਤੇ ਛੇ ਪੁੱਤਰਾਂ ਨੂੰ ਨਿਗਲ ਗਿਆ ਨਸ਼ੇ ਦਾ ਦੈਂਤ

**ਲੁਧਿਆਣਾ:**ਨਸ਼ਾ ਨਾਸੂਰ ਹੈ। ਇਕ ਵਾਰ ਜਕੜ ਲੈਂਦਾ ਹੈ ਤਾਂ ਫਿਰ ਅਨਮੋਲ ਜ਼ਿੰਦਗੀ ਨੂੰ ਲੈ ਕੇ ਹੀ ਛੱਡਦਾ ਹੈ। ਸਿਧਵਾਂ ਬੇਟ ਦੇ ਪਿੰਡ ਸ਼ੇਰਵਾਲ ਦੇ ਇਕ ਪਰਿਵਾਰ ਨੂੰ ਨਸ਼ੇ ਨੇ ਅਜਿਹਾ ਦਰਦ ਦਿੱਤਾ ਕਿ ਇਹ ਮਾਮਲਾ ਸਾਰਿਆਂ ਨੂੰ ਹਿਲਾ ਦੇਵੇਗਾ। ਔਰਤ ਸ਼ਿੰਦਰ ਕੌਰ ਨੇ 14 ਸਾਲਾਂ 'ਚ ਪਤੀ ਤੇ ਛੇ ਪੁੱਤਰਾਂ ਨੂੰ ਨਸ਼ੇ ਦੇ ਕਾਰਨ ਆਪਣੀਆਂ ਅੱਖਾਂ ਦੇ ਸਾਹਮਣੇ ਤਿਲ-ਤਿਲ ਮਰਦੇ ਦੇਖਿਆ।

ਪਤੀ ਤੇ ਪੁੱਤਰਾਂ ਦੇ ਗ਼ਮ 'ਚ ਮੁਰਝਾ ਚੁੱਕੀ ਸ਼ਿੰਦਰ ਕੌਰ ਨੇ ਕਿਹਾ ਕਿ ਅਸੀਂ ਗ਼ਰੀਬ ਸੀ, ਪਰ ਟੁੱਟੇ ਨਹੀਂ। ਇਸ ਨਾਮੁਰਾਦ ਨਸ਼ੇ ਨੇ ਸਾਰਾ ਕੁਝ ਖ਼ਤਮ ਕਰ ਦਿੱਤਾ। ਕਿਸਾਨੀ ਤੇ ਮਜ਼ਦੂਰੀ ਕਰ ਕੇ ਪਰਿਵਾਰ ਪਾਲਦੇ ਸੀ। ਘਰ 'ਚ ਪਤੀ ਮੁਖਤਿਆਰ ਸਿੰਘ ਦੇ ਨਾਲ ਛੇ ਪੁੱਤਰਾਂ ਦਾ ਹੱਸਦਾ-ਵਸਦਾ ਪਰਿਵਾਰ ਸੀ। ਸਾਦੀ ਜ਼ਿੰਦਗੀ ਸੀ, ਪਰ ਸਕੂਨ ਸੀ। ਪੁੱਤਰ ਵੀ ਇਹੀ ਕਹਿੰਦੇ ਸਨ ਕਿ ਸਖ਼ਤ ਮਿਹਨਤ ਕਰ ਕੇ ਪਰਿਵਾਰ 'ਚ ਸਾਰੀਆਂ ਖ਼ੁਸ਼ੀਆਂ ਲੈ ਕੇ ਆਵਾਂਗੇ। ਪਰ ਸਾਲ 2012 'ਚ ਪਰਿਵਾਰ ਦੀਆਂ ਖ਼ੁਸ਼ੀਆਂ 'ਤੇ ਨਸ਼ੇ ਦਾ ਗ੍ਰਹਿਣ ਲੱਗਗਿਆ। ਪਤੀ ਮੁਖਤਿਆਰ ਸਿੰਘ ਦੀ ਨਸ਼ੇ ਦੇ ਕਾਰਨ ਮੌਤ ਹੋ ਗਈ ਤੇ ਪਰਿਵਾਰ ਦੀ ਨੀਂਹ ਹਿੱਲ ਗਈ। ਸ਼ਿੰਦਰ ਕੌਰ ਨੇ ਕਿਹਾ ਕਿ ਪਤੀ ਦੀ ਮੌਤ ਤੋਂ ਬਾਅਦ ਬੱਚਿਆਂ ਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕੀਤੀ। ਉਸ ਨੇ ਹੱਥ ਜੋੜ ਕੇ ਪੁੱਤਰਾਂ ਨੂੰ ਸਮਝਾਇਆ ਕਿ ਨਸ਼ਾ ਜ਼ਹਿਰ ਹੈ, ਜਿਸ ਨੇ ਉਨ੍ਹਾਂ ਦੇ ਪਿਤਾ ਦੀ ਜਾਨ ਲਈ।

ਇਸ ਤੋਂ ਦੂਰ ਹੀ ਰਹਿਣਾ ਪਰ ਪਿੰਡ ਤੇ ਆਸ-ਪਾਸ ਦੇ ਇਲਾਕਿਆਂ 'ਚ ਸ਼ਰੇਆਮ ਵਿਕਣ ਵਾਲੇ ਨਸ਼ੇ ਦੀ ਗ੍ਰਿਫ਼ਤ 'ਚ ਉਸ ਦੇ ਪੁੱਤਰ ਵੀ ਆ ਗਏ। ਮਜ਼ਦੂਰੀ ਦੀ ਕਮਾਈ ਨਸ਼ੇ 'ਚ ਉੱਡਣ ਲੱਗੀ।



ਇਕ ਸਾਲ ਬਾਅਦ ਹੀ 2013 'ਚ 34 ਸਾਲ ਦਾ ਪੁੱਤਰ ਕੁਲਵੰਤ ਨਸ਼ੇ ਦੀ ਗ੍ਰਿਫ਼ਤ 'ਚ ਫਸ ਕੇ ਜ਼ਿੰਦਗੀ ਹਾਰ ਗਿਆ। ਇਸ ਤੋਂ ਬਾਅਦ ਘਰੋਂ ਅਰਥੀਆਂ ਉੱਠਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮਾਰਚ 2021 'ਚ ਦੂਜੇ ਪੁੱਤਰ ਗੁਰਦੀਪ ਦੀ ਨਸ਼ੇ ਨਾਲ ਮੌਤ ਹੋ ਗਈ।

ਦੋ ਪੁੱਤਰਾਂ ਦਾ ਗ਼ਮ ਹਾਲੇ ਘੱਟ ਵੀ ਨਹੀਂ ਹੋਇਆ ਸੀ ਕਿ ਚਾਰ ਮਹੀਨੇ ਬਾਅਦ ਹੀ ਜੁਲਾਈ, 2021 'ਚ ਤੀਜੇ ਪੁੱਤਰ ਜਸਵੰਤ ਦੀ ਵੀ ਨਸ਼ੇ ਕਾਰਨ ਜਾਨ ਚਲੀ ਗਈ। ਇਸ ਤੋਂ ਬਾਅਦ ਨਵੰਬਰ 2022 'ਚ ਚੌਥੇ ਪੁੱਤਰ ਰਾਜੂ ਤੇ ਮਾਰਚ 2023 'ਚ ਪੰਜਵੇਂ ਪੁੱਤਰ ਬਲਜੀਤ ਸਿੰਘ ਦੀ ਨਸ਼ੇ ਨੇ ਜਾਨ ਲੈ ਲਈ। ਘਰ ਦਾ ਆਖਰੀ ਸਹਾਰਾ ਛੇਵਾਂ ਪੁੱਤਰ 20 ਸਾਲਾ ਜਸਵੀਰ ਸੀ। ਉਸ ਦੀ ਵੀ 15 ਜਨਵਰੀ ਨੂੰ ਪਿੰਡ ਮਲਸੀਆਂ ਬਾਜਨ 'ਚ ਨਸ਼ੇ ਦੇ ਕਾਰਨ ਮੌਤ ਹੋ ਗਈ। ਹੁਣ ਘਰ ਵਿਚ ਸਿਰਫ਼ ਛੋਟਾ ਪੋਤਰਾ ਤੇ ਵਿਧਵਾ ਨੂੰਹ ਹੈ। ਕਮਾਉਣ ਵਾਲਾ ਵੀ ਕੋਈ ਨਹੀਂ ਰਿਹਾ। ਇਸ ਹਾਲਤ 'ਚ ਸ਼ਿੰਦਰ ਕੌਰ ਕਿਵੇਂ ਆਪਣੇ ਪਰਿਵਾਰ ਨੂੰ ਚਲਾ ਰਹੀ ਹੈ, ਇਹ ਸਵਾਲ ਸਾਡੇ ਸਮਾਜ ਤੇ ਸਰਕਾਰ ਨੂੰ ਪਰੇਸ਼ਾਨ ਕਰਨਾ ਚਾਹੀਦਾ ਹੈ ਪਰ ਕਰਦਾ ਨਹੀਂ।

### ਨਸ਼ਾ ਵਿਕਦਾ ਰਹਿੰਦਾ ਹੈ ਤੇ ਪਰਿਵਾਰ ਉੱਜੜਦੇ ਰਹਿੰਦੇ ਹਨ

ਅੱਖਾਂ 'ਚ ਵਹਿੰਦੇ ਅੱਥਰੂਆਂ ਨਾਲ ਸ਼ਿੰਦਰ ਕੌਰ ਨੇ ਕਿਹਾ ਕਿ ਨਸ਼ਾ ਵੇਚਣ ਵਾਲੇ ਫੜੇ ਜਾਂਦੇ ਹਨ, ਪਰ ਛੁੱਟ ਵੀ ਛੇਤੀ ਹੀ ਜਾਂਦੇ ਹਨ। ਨਸ਼ਾ ਵਿਕਦਾ ਰਹਿੰਦਾ ਹੈ ਤੇ ਪਰਿਵਾਰ ਉੱਜੜਦੇ ਰਹਿੰਦੇ ਹਨ।

ਉਨ੍ਹਾਂ ਨੇ ਸਿਸਟਮ ਤੇ ਸਰਕਾਰ ਤੋਂ ਜਵਾਬ ਮੰਗਿਆ ਕਿ ਕੀ ਉਨ੍ਹਾਂ ਦੇ ਪੁੱਤਰਾਂ ਨੂੰ ਮੌਤ ਵੰਡਣ ਵਾਲਿਆਂ ਨੂੰ ਸਜ਼ਾ ਮਿਲੇਗੀ ਜਾਂ ਨਸ਼ੇ ਦੀ ਇਹ ਖੇਡ ਇਵੇਂ ਹੀ ਜਾਰੀ ਰਹੇਗੀ। ਸਰਕਾਰਾਂ ਸਿਰਫ਼ ਛੋਟੇ ਤਸਕਰਾਂ 'ਤੇ ਕਾਰਵਾਈ ਕਰਦੀਆਂ ਹਨ, ਜਦਕਿ ਵੱਡੇ ਮਗਰਮੱਛ ਧੜੱਲੇ ਨਾਲ ਨਸ਼ੇ ਦਾ ਕਾਰੋਬਾਰ ਕਰ ਰਹੇ ਹਨ। ਸਰਕਾਰ ਹਰ ਨਸ਼ਾ ਤਸਕਰ 'ਤੇ ਸਖ਼ਤੀ ਕਰੇ, ਤਾਂ ਜੋ ਉਸ ਵਾਂਗ ਕੋਈ ਹੋਰ ਪਰਿਵਾਰ ਨਾ ਉੱਜੜੇ।

# ਜੇਕਰ ਖਾਮਨੇਈ 'ਤੇ ਹਮਲਾ ਹੋਇਆ ਤਾਂ ਛਿੜ ਜਾਏਗੀ ਜੰਗ

**ਤਹਿਰਾਨ:**ਅਮਰੀਕਾ ਨੇ ਜੇਕਰ ਈਰਾਨ ਦੇ ਸੁਪਰੀਮ ਆਗੂ ਅਲੀ ਖਾਮਨੇਈ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਈਰਾਨ ਦੇ ਖ਼ਿਲਾਫ਼ ਜੰਗ ਮੰਨਿਆ ਜਾਏਗਾ ਤੇ ਈਰਾਨੀ ਫ਼ੌਜ ਉਸ ਦਾ ਕਰਾਰਾ ਜਵਾਬ ਦੇਵੇਗੀ। ਇਹ ਗੱਲ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜੇਸ਼ਕਿਆਨ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਤਾਜ਼ਾ ਬਿਆਨ ਦੇ ਜਵਾਬ 'ਚ ਕਹੀ ਹੈ। ਟਰੰਪ ਨੇ ਇਕ ਮੈਗਜ਼ੀਨ ਨੂੰ ਦਿੱਤੀ ਇੰਟਰਵਿਊ 'ਚ ਈਰਾਨ 'ਚ ਲੀਡਰਸ਼ਿਪ ਬਦਲੇ ਜਾਣ ਦੀ ਜ਼ਰੂਰਤ ਪ੍ਰਗਟਾਈ ਸੀ।



ਇਸ ਦੌਰਾਨ ਈਰਾਨ ਦੇ ਸੀਨੀਅਰ ਸੰਸਦ ਮੈਂਬਰ ਇਬਰਾਹੀਮ ਅਜੀਜ਼ੀ ਨੇ ਦੇਸ਼ 'ਚ ਇੰਟਰਨੈੱਟ 'ਤੇ ਲੱਗੀ ਰੋਕ ਦੇ ਛੇਤੀ ਹਟ ਜਾਣ ਦਾ ਸੰਕੇਤ ਦਿੱਤਾ ਹੈ। ਕਰੀਬ ਦੋ ਹਫ਼ਤਿਆਂ ਦੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਬਾਅਦ ਹੁਣ ਤਹਿਰਾਨ ਸਮੇਤ ਦੇਸ਼ ਦੇ ਜ਼ਿਆਦਾਤਰ ਸ਼ਹਿਰਾਂ 'ਚ ਸ਼ਾਂਤੀ ਹੈ। ਈਰਾਨ ਨੇ 28 ਦਸੰਬਰ ਨੂੰ ਮਹਿੰਗਾਈ ਦੇ ਖ਼ਿਲਾਫ਼ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨਾਂ ਦੀ ਹਿੰਸਾ ਨੂੰ ਕਾਬੂ ਕਰਨ ਲਈ ਇਸ ਮਹੀਨੇ ਦੇ ਸ਼ੁਰੂ 'ਚ ਇੰਟਰਨੈੱਟ 'ਤੇ ਰੋਕ ਲਗਾ ਦਿੱਤੀ ਸੀ। ਅਮਰੀਕੀ ਰਾਸ਼ਟਰਪਤੀ ਟਰੰਪ ਦੇ ਵਿਰੋਧ ਪ੍ਰਦਰਸ਼ਨਾਂ ਨੂੰ ਭੜਕਾਉਣ ਵਾਲੇ ਬਿਆਨਾਂ ਤੇ ਸਾਬਕਾ ਕਰਾਊਨ ਪ੍ਰਿੰਸ ਰਜ਼ਾ ਪਹਿਲਵੀ ਦੇ ਈਰਾਨੀ ਜਨਤਾ ਦੇ ਪ੍ਰਦਰਸ਼ਨਾਂ 'ਚ ਸ਼ਾਮਲ ਹੋਣ ਦੇ ਸੱਦੇ ਤੋਂ ਪੈਦਾ ਸਥਿਤੀਆਂ ਨਾਲ ਨਿਪਟਣ ਲਈ ਈਰਾਨ ਨੇ ਇੰਟਰਨੈੱਟ 'ਤੇ ਰੋਕ ਲਗਾਈ ਸੀ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਨਿਤਿਨ ਨਬੀਨ ਬਣੇ ਭਾਜਪਾ ਦੇ ਪ੍ਰਧਾਨ

**ਨਵੀਂ ਦਿੱਲੀ:** ਨਿਤਿਨ ਨਬੀਨ ਨੂੰ ਮੰਗਲਵਾਰ ਨੂੰ ਰਸਮੀ ਤੌਰ 'ਤੇ ਭਾਜਪਾ ਦਾ ਕੌਮੀ ਪ੍ਰਧਾਨ ਐਲਾਨ ਦਿੱਤਾ ਗਿਆ ਹੈ। ਉਹ ਜੇਪੀ ਨੱਢਾ ਦੀ ਥਾਂ ਲੈਣਗੇ ਅਤੇ ਪਾਰਟੀ ਲਈ ਇੱਕ ਨਵਾਂ ਅਧਿਆਇ ਸ਼ੁਰੂ ਕਰਨਗੇ। ਭਾਜਪਾ ਦੇਸ਼ ਦੀ ਰਾਜਨੀਤੀ 'ਤੇ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਿਟਰਨਿੰਗ ਅਫਸਰ ਕੇ. ਲਕਸ਼ਮਣ ਨੇ ਸੰਗਠਨਾਤਮਕ ਚੋਣਾਂ ਦੇ ਨਤੀਜੇ ਐਲਾਨਦਿਆਂ 45 ਸਾਲਾ ਨਬੀਨ ਨੂੰ ਚੋਣ ਦਾ ਸਰਟੀਫਿਕੇਟ ਸੌਂਪਿਆ। ਨਬੀਨ ਪਾਰਟੀ ਦੇ ਇਸ ਸਿਖਰਲੇ ਅਹੁਦੇ 'ਤੇ ਬਿਰਾਜਮਾਨ ਹੋਣ ਵਾਲੇ ਸਭ ਤੋਂ ਘੱਟ ਉਮਰ ਦੇ ਆਗੂ ਹਨ। ਇਸ ਮੌਕੇ ਭਾਜਪਾ ਹੈੱਡਕੁਆਰਟਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੇਪੀ ਨੱਡਾ, ਸੀਨੀਅਰ ਮੰਤਰੀ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ ਸਮੇਤ ਹੋਰ ਆਗੂ ਮੌਜੂਦ ਸਨ। ਭਾਜਪਾ ਪ੍ਰਧਾਨ ਨਿਤਿਨ ਨਬੀਨ ਨੇ ਮੰਗਲਵਾਰ ਨੂੰ ਅਹੁਦਾ ਸੰਭਾਲਣ ਤੋਂ ਬਾਅਦ ਆਪਣੇ ਪਹਿਲੇ ਸੰਬੋਧਨ ਵਿੱਚ ਭਾਰਤੀ ਨੌਜਵਾਨਾਂ ਨੂੰ ਰਾਜਨੀਤੀ ਵਿੱਚ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨ ਸੱਤਾ ਵਿਚ ਆਉਣ, ਪਰ ਸੱਤਾ ਦਾ ਆਨੰਦ ਲੈਣ ਦੀ ਮਾਨਸਿਕਤਾ ਨਾਲ ਨਹੀਂ। ਨਬੀਨ ਨੇ ਕਿਹਾ ਕਿ ਰਾਜਨੀਤੀ ਸੇਵਾ ਦਾ ਸਾਧਨ ਹੈ, ਸੱਤਾ ਦੀ ਲਾਲਸਾ ਨਹੀਂ। ਉਨ੍ਹਾਂ ਦੇਸ਼ ਦੇ ਨੌਜਵਾਨਾਂ ਨੂੰ ਕਿਹਾ, "ਰਾਜਨੀਤੀ ਤੋਂ ਦੂਰੀ ਕੋਈ ਹੱਲ ਨਹੀਂ ਹੈ। ਪਰ ਯਾਦ ਰੱਖੋ, ਰਾਜਨੀਤੀ ਸੱਤਾ ਦੀ ਲਾਲਸਾ ਨਹੀਂ ਹੈ, ਇਹ ਸੇਵਾ ਅਤੇ ਕੁਰਬਾਨੀ ਦਾ ਇੱਕ ਢੰਗ ਹੈ। ਇਹ 100 ਮੀਟਰ ਦੀ ਦੌੜ ਨਹੀਂ ਹੈ। ਇਹ ਇੱਕ ਮੈਰਾਥਨ ਹੈ ਜੋ ਤੁਹਾਡੀ ਰਫ਼ਤਾਰ ਦੀ ਨਹੀਂ ਸਹਿਣਸ਼ੀਲਤਾ ਦੀ ਪਰਖ ਕਰੇਗੀ।" ਨਬੀਨ ਭਾਜਪਾ ਦੇ 12ਵੇਂ ਪ੍ਰਧਾਨ ਬਣੇ ਹਨ। ਭਾਜਪਾ ਦੀ ਸਥਾਪਨਾ 1980 ਵਿੱਚ ਹੋਈ ਸੀ ਤੇ ਉਸੇ ਸਾਲ



ਨਿਤਿਨ ਨਬੀਨ ਦਾ ਜਨਮ ਹੋਇਆ ਸੀ। ਨਬੀਨ ਨੇ ਪਿਛਲੇ ਸਾਲ 14 ਦਸੰਬਰ ਨੂੰ ਭਾਜਪਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਮਗਰੋਂ ਬਿਹਾਰ ਸਰਕਾਰ ਵਿੱਚ ਕਾਨੂੰਨ ਤੇ ਨਿਆਂ, ਸ਼ਹਿਰੀ ਵਿਕਾਸ ਅਤੇ ਰਿਹਾਇਸ਼ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਲਕਸ਼ਮਣ ਨੇ ਚੋਣ ਨਤੀਜੇ ਦਾ ਐਲਾਨ ਕਰਦੇ ਹੋਏ ਕਿਹਾ, "ਇਹ ਚੋਣ ਦਰਸਾਉਂਦੀ ਹੈ ਕਿ ਭਾਜਪਾ ਲੀਡਰਸ਼ਿਪ ਵੰਸ਼ਵਾਦ ਦੇ ਧਿਕਾਰ ਤੋਂ ਨਹੀਂ ਬਲਕਿ ਸਖ਼ਤ ਮਿਹਨਤ ਅਤੇ ਸਮਰਪਣ ਤੋਂ ਉੱਭਰੀ ਹੈ।" ਸਾਬਕਾ ਪ੍ਰਧਾਨ ਜੇਪੀ ਨੱਢਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅੱਜ ਇੱਕ ਬਹੁਤ ਹੀ ਇਤਿਹਾਸਕ ਮੌਕਾ ਹੈ, ਜਦੋਂ ਸਾਡੇ ਨੌਜਵਾਨ, ਊਰਜਾਵਾਨ ਅਤੇ ਪ੍ਰਤਿਭਾਸ਼ਾਲੀ ਨਿਤਿਨ ਨਬੀਨ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ, ਭਾਜਪਾ ਦੇ ਕੌਮੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਰਹੇ ਹਨ। ਮੈਂ ਆਪਣੀ ਵੱਲੋਂ ਅਤੇ ਕਰੋੜਾਂ ਵਰਕਰਾਂ ਵੱਲੋਂ ਉਨ੍ਹਾਂ ਨੂੰ ਦਿਲੋਂ ਵਧਾਈ ਦਿੰਦਾ ਹਾਂ।"

# ਮਜਾਰਾ ਰਾਜਾ ਸਾਹਿਬ ਦੇ ਦਰਬਾਰ ਦਾ ਪਾਵਨ ਸਰੂਪਾਂ ਸੰਬੰਧੀ ਮਾਮਲਾ ਸੁਲਝਿਆ

**ਨਵਾਂਸ਼ਹਿਰ:** ਪਿੰਡ ਮਜਾਰਾ ਨੂੰ ਆਬਾਦ ਦੇ ਪਾਵਨ ਅਸਥਾਨ ਰਸਖਾਨਾ ਸ੍ਰੀ ਨਾਭ ਕਮਲ ਰਾਜਾ ਸਾਹਿਬ (ਜ਼ਿਲ੍ਹਾ ਐਸ ਐਸ ਨਗਰ ਦੇ ਚੱਲ ਰਹੇ ਪਾਵਨ ਸਰੂਪਾਂ ਦਾ ਮਾਮਲਾ ਉਸ ਸਮੇਂ ਸੁਲਝ ਗਿਆ, ਜਦੋਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਸਿੱਖਿਆ ਮੰਤਰੀ ਹਰਜੀਤ ਸਿੰਘ ਬੈਂਸ ਅਤੇ ਹਲਕਾ ਅਨੰਦਪੁਰ ਸਾਹਿਬ ਦੇ ਮਾਲਵਿੰਦਰ ਸਿੰਘ ਕੰਗ ਪੁੱਜੇ। ਉਨ੍ਹਾਂ ਮੁੱਖ ਮੰਤਰੀ ਦੇ ਬਿਆਨ ਤੇ ਪਾਵਨ ਸਰੂਪਾਂ ਸੰਬੰਧੀ ਚੱਲ ਰਹੇ ਵਿਵਾਦ ਦੇ ਸ਼ੰਕੇ ਦੂਰ ਕੀਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਮੀਟਿੰਗ ਦੌਰਾਨ ਇਹ ਭਰੋਸਾ ਦਿੱਤਾ ਗਿਆ ਕਿ ਕਿਸੇ ਵੀ ਮੈਂਬਰ 'ਤੇ ਕੋਈ ਵੀ ਮਾਮਲਾ ਦਰਜ ਨਹੀਂ ਹੈ ਅਤੇ ਦਰਬਾਰ 'ਚ ਪਾਵਨ ਸਰੂਪ ਸਹੀ ਪਾਏ ਗਏ।ਉਪਰੰਤ ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਕਾਫੀ ਲੰਬੇ ਸਮੇਂ ਤੋਂ ਪੰਜਾਬ ਅੰਦਰ 328 ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਾਪਤਾ ਸੰਬੰਧੀ ਸਾਰੀ ਸੰਗਤ 'ਚ ਬੇਚੈਨੀ ਪਾਈ ਗਈ ਸੀ ਕਿ ਉਹ 328 ਸਰੂਪ ਲੱਭੇ ਜਾਣ। ਭਗਵੰਤ ਮਾਨ ਸਰਕਾਰ ਦੁਆਰਾ ਬਣਾਈ ਟੀਮ ਇਥੇ ਰਸ਼ੋਖਾਨਾ ਸ੍ਰੀ ਨਾਭ ਕਮਲ ਰਾਜਾ ਸਾਹਿਬ ਦੇ ਸਥਾਨ 'ਤੇ ਪਹੁੰਚੀ ਤਾਂ ਉਨ੍ਹਾਂ ਨੂੰ 169 ਪਾਵਨ ਸਰੂਪਾਂ ਬਾਰੇ ਦੱਸਿਆ ਗਿਆ, ਜਿਸ ਤੇ ਮੁੱਖ ਮੰਤਰੀ ਵੱਲੋਂ ਬਿਆਨ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਦੇਖਿਆ ਗਿਆ ਕਿ ਪਾਵਨ ਸਰੂਪਾਂ ਸੰਬੰਧੀ ਉਪਜੇ ਸਾਰੇ ਸ਼ੰਕੇ ਦੂਰ ਹੋ ਗਏ ਹਨ, ਕਮੇਟੀ ਉੱਤੇ ਕੋਈ ਮੁਕਦਮਾ ਦਰਜ ਨਹੀਂ ਕੀਤਾ ਗਿਆ ਅਤੇ ਇਸ ਸੰਬੰਧੀ ਸਾਰਾ ਰਿਕਾਰਡ ਦਰੁਸਤ ਪਾਇਆ ਗਿਆ। ਉਨ੍ਹਾਂ ਆਖਿਆ ਕਿ ਇਸ ਸੰਬੰਧੀ ਕਮੇਟੀ ਨਾਲ ਮੀਟਿੰਗ ਕੀਤੀ ਗਈ ਤੇ ਸਾਰਾ ਮਸਲਾ ਸੁਲਝਾ ਲਿਆ ਗਿਆ ਹੈ। ਉਨ੍ਹਾਂ ਆਖਿਆ ਕਿ ਅਸੀਂ ਇਸ ਮਾਮਲੇ 'ਚ ਸੰਗਤਾਂ ਨੂੰ ਪੁੱਜੀ ਠੇਸ



ਪ੍ਰਤੀ ਖਿਮਾ ਜਾਚਨਾ ਕਰਦੇ ਹਾਂ। ਉਨ੍ਹਾਂ ਆਖਿਆ ਕਿ ਸਾਡੀ ਸਾਰਿਆਂ ਦੀ ਆਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚਆਸਥਾ ਰੱਖਦੇ ਹਨ ਅਤੇ ਸਾਡਾ ਕਿਸੇ ਵੀ ਧਾਰਮਿਕ ਸਥਾਨ ਨਾਲ ਕੋਈ ਵਿਰੋਧ ਨਹੀਂ।

ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ ਜਲਦ ਹੀ ਇਥੇ ਪਹੁੰਚਣਗੇ। ਇਸ ਮੌਕੇ ਕੁਲਜੀਤ ਸਿੰਘ ਸਰਹਾਲ ਇੰਚਾਰਜ ਹਲਕਾ ਸ੍ਰੀ ਅਨਦਪੁਰ ਸਾਹਿਬ, ਰੋਬੀ ਕੰਗ, ਹਰਜੋਤ ਕੌਰ ਲੋਹਟੀਆ ਆਦ ਹਾਜ਼ਰ ਸਨ।

# ਅਮਿਤ ਸ਼ਾਹ ਸ਼ਹੀਦੀ ਸ਼ਤਾਬਦੀ ਸਮਾਗਮਾਂ ਵਿਚ ਹੋਣਗੇ ਸ਼ਾਮਿਲ

**ਨਾਂਦੇੜ:** ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਂ 24 ਤੇ 25 ਜਨਵਰੀ ਤਖ਼ਤ ਸਚਖੰਡ ਸ ਹਜ਼ੂਰ ਸਾਹਿਬ ਨਾਂਦੇੜ ਮਹਾਂਰਾਸ਼ਟਰ ਵਿ ਰਾਜ ਪੱਧਰੀ ਹੋ ਰਹੇ ਦੋ ਦਿਨਾ ਸ਼ਤਾਬਦ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਕੇਂਦਰ ਗ੍ਰਹਿ ਅਮਿਤ ਸ਼ਾਹ ਨੂੰ ਵਿਸ਼ੇਸ਼ ਤੌਰ 'ਤੇ ਆ ਸੱਦਾ-ਪੱਤਰ ਦਿੱਤਾ ਗਿਆ। ਮਹਾਂਰਾਸ਼ਟ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧ ਕਮੇਟੀ ਦੇ ਸਰਪ੍ਰਸਤ ਸੰਤ ਗਿਆਨ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਵਲੋਂ ਭੇਜਿਆ ਗਿਆ ਇਹ ਸੱਦਾ ਪੱਤਰ ਮਹਾਂਰਾਸ਼ਟਰ ਤੋਂ ਦਿੱਲੀ ਆਏ ਵਫਦ ਨੇ ਪੂਰੇ ਸਨਮਾਨ ਨਾਲ ਗ੍ਰਹਿ ਮ ਸੌਂਪਿਆ ਅਤੇ ਸ਼ਤਾਬਦੀ ਸਮਾਗਮਾਂ ਆਪਣੀ ਸ਼ਮੂਲੀਅਤ ਨੂੰ ਲਾਜ਼ਮੀ ਬਣਾਉਣ ਦੀ ਬੇਨਤੀ ਕੀਤੀ। ਗ੍ਰਹਿ ਮੰਤਰੀ ਨੇ ਆਏ ਵਫਦ ਦਾ ਸਵਾਗਤ ਕਰਦੇ ਹੋਏ ਪੂਰੇ ਸਤਿਕਾਰ ਨਾਲ ਇਹ ਸੱਦਾ ਪੱਤਰ ਕਬੂਲ ਕੀਤਾ ਤੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ -ਵਿਖੇ ਹੋ ਰਹੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ 'ਚ ਸ਼ਾਮਿਲ ਹੋਣ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਅੰਦਰ ਮਿਸਾਲੀ ਹੈ,ਜਿਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਜ਼ੁਲਮ ਤੇ ਅਨਿਆਂ ਦੇ ਖਿਲਾਫ ਕੁਰਬਾਨੀ ਦੇ ਕੇ ਇਤਿਹਾਸ ਸਿਰਜਿਆ।



ਅਜਿਹੇ ਮਹਾਨ ਗੁਰੂ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣਾ ਸਮੁੱਚੀ ਮਨੁੱਖਤਾ ਦਾ ਧਰਮ ਹੈ। ਉਨ੍ਹਾਂ ਕਿਹਾ ਕਿ ਅਜਿਹੇ ਇਤਿਹਾਸਕ ਸਮਾਗਮਾਂ 'ਚ ਸ਼ਾਮਿਲ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਮਿਲਣਾ ਬੇਹੱਦ ਮਾਣ ਵਾਲੀ ਗੱਲ ਹੈ। ਵਫਦ ਵਿਚ ਮੁੱਖ ਮੰਤਰੀ ਮਹਾਰਾਸ਼ਟਰ ਰਾਹਤ ਫੰਡ ਦੇ ਇੰਚਾਰਜ ਰਾਮੇਸ਼ਵਰ ਨਾਇਕ, ਚਰਨਦੀਪ ਸਿੰਘ ਹੈਪੀ ਮੈਂਬਰ ਘੱਟ ਗਿਣਤੀ ਕਮਿਸ਼ਨ ਮਹਾਰਾਸ਼ਟਰ ਸਰਕਾਰ, ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ, ਵਿਜੇ ਸਤਬੀਰ ਸਿੰਘ ਚੇਅਰਮੈਨ ਸ੍ਰੀ ਹਜ਼ੂਰ ਸਾਹਿਬ ਸੱਚਖੰਡ ਬੋਰਡ, ਸੰਤ ਬਾਬੂ ਸਿੰਘ ਮਹਾਰਾਜ ਔਰਾ ਦੇਵੀ ਮਹੰਤ, ਸੰਤ ਰਾਮ ਸਿੰਘ ਮਹਾਰਾਜ ਲੁਬਾਣਾ ਸਮਾਜ ਤੇ ਤੇਜਾ ਸਿੰਘ ਬਾਵਰੀ ਸ਼ਿਕਲੀਗਰ ਸਮਾਜ ਆਦਿ ਮੌਜੂਦ ਸਨ।

## ਪੰਜਾਬ ਸਰਕਾਰ...

(ਪਹਿਲੇ ਸਫ਼ੇ ਦਾ ਬਾਕੀ)

ਇਕਸਾਰਤਾ ਨੂੰ ਯਕੀਨੀ ਬਣਾਉਣ ਅਤੇ ਸਰਕਾਰੀ ਜ਼ਮੀਨ ਦੀ ਦੁਰਵਰਤੋਂ ਰੋਕਣ ਵਿੱਚ ਵਿਸ਼ੇਸ਼ ਤੌਰ 'ਤੇ ਸਹਾਈ ਹੋਣਗੇ।ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਾਲੀ ਇੱਕ ਕਮੇਟੀ ਅਲਾਟਮੈਂਟ ਪ੍ਰਕਿਰਿਆ ਦੀ ਸਿਫ਼ਾਰਸ਼ ਕਰੇਗੀ, ਜੋ ਸੂਬਾ ਸਰਕਾਰ ਦੀ ਪ੍ਰਵਾਨਗੀ ਦੇ ਅਧੀਨ ਹੋਵੇਗਾ।ਜ਼ਮੀਨੀ ਸਰੋਤਾਂ ਦੀ ਸਰਬੋਤਮ ਵਰਤੋਂ ਰਾਹੀਂ ਵਿਕਾਸ 'ਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਮੰਤਰੀ ਮੰਡਲ ਨੇ ਮਿਊਂਸਪਿਲ ਹੱਦਾਂ ਦੇ ਅੰਦਰ ਸਾਰੇ ਸਰਕਾਰੀ-ਲਾਇਸੈਂਸਸ਼ੁਦਾ ਪ੍ਰਾਜੈਕਟਾਂ, ਅਧੀਨ ਸਥਿਤ ਖਾਲੀ ਛੱਡੇ ਜਾਂ ਵਰਤੇ ਜਾ ਰਹੇ ਰਸਤਿਆਂ ਜਾਂ ਜਲ ਮਾਰਗਾਂ (ਖਾਲਾਂ) ਦੀ ਵਿਕਰੀ ਜਾਂ ਵਟਾਂਦਰੇ ਦੁਆਰਾ ਤਬਦਲੇ ਲਈ ਵੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਨੀਤੀ ਦਾ ਉਦੇਸ਼ ਵਿਕਾਸ ਦੀਆਂ ਸੰਭਾਵਨਾਵਾਂ ਤਲਾਸ਼ਣਾ ਅਤੇ ਸ਼ਹਿਰੀ ਯੋਜਨਾਬੰਦੀ ਦੇ ਨਤੀਜਿਆਂ ਨੂੰ ਬਿਹਤਰ ਬਣਾਉਣਾ ਹੈ।ਮੰਤਰੀ ਮੰਡਲ ਨੇ ਪੀ.ਏ.ਪੀ.ਆਰ.ਏ. (ਪੰਜਾਬ ਕਿਫਾਇਤੀ ਜਾਇਦਾਦ ਰਜਿਸਟ੍ਰੇਸ਼ਨ ਐਕਟ) ਲਾਇਸੈਂਸਸ਼ੁਦਾ ਪ੍ਰਾਜੈਕਟਾਂ ਲਈ ਸਮਾਂ ਮਿਆਦ 1 ਜਨਵਰੀ, 2026 ਤੋਂ 31 ਦਸੰਬਰ, ' 2026 ਤੱਕ ਇੱਕ ਸਾਲ ਵਧਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਹ ਵਾਧਾ ਪ੍ਰਤੀ ਏਕੜ 25,000 ਰੁਪਏ ਦੀ ਐਕਸਟੈਂਸ਼ਨ ਫੀਸ 'ਤੇ ਵੱਧ ਤੋਂ ਵੱਧ ਤਿੰਨ ਸਾਲਾਂ ਤੱਕ ਦੀ ਮਿਆਦ ਲਈ ਦਿੱਤਾ ਜਾਵੇਗਾ ਅਤੇ ਸਬੰਧਤ ਸਮਰੱਥ ਅਧਿਕਾਰੀਆਂ ਦੁਆਰਾ ਪਹਿਲਾਂ ਲਾਗੂ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਇਸ ਦੀ ਆਗਿਆ ਦਿੱਤੀ ਜਾਵੇਗੀ।ਸ਼ਹਿਰੀ ਵਿਕਾਸ ਸਬੰਧੀ ਇੱਕ ਹੋਰ ਫੈਸਲੇ ਵਿੱਚ ਮੰਤਰੀ ਮੰਡਲ ਨੇ ਜਨਵਰੀ 2026 ਤੋਂ ਬਾਅਦ ਨਿਲਾਮੀ ਲਈ ਰੱਖੀਆਂ ਜਾਣ ਵਾਲੀਆਂ ਪ੍ਰਸਤਾਵਿਤ ਜਾਇਦਾਦਾਂ ਲਈ ਵਾਧੂ ਸਤਹੀ ਖੇਤਰ ਅਨੁਪਾਤ ਲਈ ਖਰਚੇ ਨਿਰਧਾਰਿਤ ਕਰਨ ਲਈ ਵਰਤੇ ਜਾਣ ਵਾਲੇ ਫਾਰਮੂਲੇ ਨੂੰ ਪ੍ਰਵਾਨਗੀ ਦੇ ਦਿੱਤੀ। ਇਸ ਦੇ ਨਾਲ ਹੀ 20 ਫਰਵਰੀ, 2025 ਨੂੰ ਨੋਟੀਫਾਈ ਕੀਤੇ ਗਏ ਈ-ਆਕਸ਼ਨ ਨੀਤੀ 2025 ਦੇ ਪੈਰਾ 10.2 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ, ਜਿਸ ਨਾਲ ਭਵਿੱਖ ਵਿੱਚ ਵਿਕਾਸ ਅਧਿਕਾਰੀਆਂ ਦੁਆਰਾ ਨਿਲਾਮ ਕੀਤੀਆਂ ਜਾਣ ਵਾਲੀਆਂ ਸਾਰੀਆਂ ਸ਼੍ਰੇਣੀਆਂ ਦੀਆਂ ਜਾਇਦਾਦਾਂ 'ਤੇ ਲਾਗੂ ਸੋਧੇ ਹੋਏ ਉਪਬੰਧ ਬਣਾਏ ਗਏ।ਮੰਤਰੀ ਮੰਡਲ ਨੇ ਨਿਯਮ 6ੳ ਸ਼ਾਮਲ ਕਰ ਕੇ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਆਮ ਸ਼ਰਤਾਂ) ਨਿਯਮਾਂ, 1994 ਵਿੱਚ ਸੋਧਾਂ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਸੋਧ ਅਨੁਸਾਰ ਘੱਟੋ-ਘੱਟ ਵਿਦਿਅਕ ਅਤੇ ਹੋਰ ਯੋਗਤਾਵਾਂ ਸਮੇਤ ਯੋਗਤਾ ਮਾਪਦੰਡ ਨਿਰਧਾਰਤ ਕਰਨ ਦੀ ਆਖਰੀ ਮਿਤੀ ਅਰਜ਼ੀ ਫਾਰਮ ਜਮ੍ਹਾਂ ਕਰਨ ਦੀ ਆਖਰੀ ਮਿਤੀ ਹੋਵੇਗੀ, ਜਦੋਂ ਤੱਕ ਕਿ ਸਬੰਧਿਤ ਸੇਵਾ ਨਿਯਮਾਂ ਵਿੱਚ ਵਿਸ਼ੇਸ਼ ਤੌਰ 'ਤੇ ਹੋਰ ਮਿਤੀ ਨਿਰਧਾਰਿਤ ਨਾ ਕੀਤੀ ਗਈ ਹੋਵੇ।ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਅਗਾਂਹਵਧੂ ਕਦਮ ਤਹਿਤ ਮੰਤਰੀ ਮੰਡਲ ਨੇ ਪੰਜਾਬ ਦੇ ਬਾਗਬਾਨੀ ਖੇਤਰ ਨੂੰ ਹੋਰ ਮਜ਼ਬੂਤ ਕਰਨ ਲਈ ਜਾਪਾਨੀ ਤਕਨਾਲੋਜੀ ਪੇਸ਼ ਕਰਨ ਲਈ ਜਾਪਾਨ ਇੰਟਰਨੈਸ਼ਨਲ ਕੋਪਰੇਸ਼ਨ ਏਜੰਸੀ ਨਾਲ ਭਾਈਵਾਲੀ ਨੂੰ ਵੀ ਪ੍ਰਵਾਨਗੀ ਦਿੱਤੀ। ਇਹ ਭਾਈਵਾਲੀ ਬਾਗਬਾਨੀ ਵਿਕਾਸ, ਕੋਲਡ ਚੇਨ ਬੁਨਿਆਦੀ ਢਾਂਚੇ, ਪਾਣੀ ਪ੍ਰਬੰਧਨ ਅਤੇ ਹੁਨਰ ਵਿਕਾਸ 'ਤੇ ਕੇਂਦ੍ਰਿਤ ਹੋਵੇਗੀ, ਜਿਸ ਦਾ ਉਦੇਸ਼ ਸੂਬੇ ਦੀ ਆਰਥਿਕਤਾ ਵਿੱਚ ਬਾਗਬਾਨੀ ਖੇਤਰ ਦੇ ਯੋਗਦਾਨ ਨੂੰ ਦੁੱਗਣਾ ਕਰਨਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ ਕਾਂਗਰਸ: ਮੋਦੀ

**ਕਾਲੀਆਬੋਰ:**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਅਸਾਮ ਤੋਂ ਕਾਂਗਰਸ 'ਤੇ ਤਿੱਖਾ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਕਾਂਗਰਸ ਦੇਸ਼ ਦੇ ਵਿਕਾਸ ਲਈ ਕੋਈ ਏਜੰਡਾ ਨਹੀਂ ਦੇ ਸਕੀ, ਇਸੇ ਲਈ ਦੇਸ਼ਵਾਸੀ ਪਾਰਟੀ ਦੀ ਨਾਹ-ਪੱਖੀ ਸਿਆਸਤ ਨੂੰ ਖ਼ਾਰਜ ਕਰ ਰਹੇ ਹਨ। ਹੁਣ ਪਾਰਟੀ ਲੋਕਾਂ ਦਾ ਭਰੋਸਾ ਗੁਆ ਚੁੱਕੀ ਹੈ। ਮਹਾਰਾਸ਼ਟਰ ਵਿਚ ਹੋਈਆਂ ਨਿਗਮ ਚੋਣਾਂ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਚੋਣ ਨਤੀਜੇ ਦਿਖਾਉਂਦੇ ਹਨ ਕਿ ਵੋਟਰ ਸੁਸ਼ਾਸਨ ਤੇ ਵਿਕਾਸ ਦੇ ਨਾਲ-ਨਾਲ ਵਿਰਾਸਤ ਦਾ ਸਨਮਾਨ ਵੀ ਚਾਹੁੰਦੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਅਸਾਮ 'ਚ ਆਪਣੇ ਸ਼ਾਸਨ ਕਾਲ ਦੌਰਾਨ ਕਾਂਗਰਸ ਨੇ ਵੋਟਾਂ ਖ਼ਾਤਰ ਸੂਬੇ ਦੀ ਜ਼ਮੀਨ ਘੁਸਪੈਠੀਆਂ ਦੇ ਹਵਾਲੇ ਕਰ ਦਿੱਤੀ ਸੀ। ਘੁਸਪੈਠੀਏ ਜੰਗਲਾ, ਪਸ਼ੂ ਗਲਿਆਰਿਆ 'ਤੇ ਕਬਜ਼ਾ ਕਰਦੇ ਰਹੇ। ਹੁਣ ਭਾਜਪਾ ਸਰਕਾਰ ਜ਼ਮੀਨਾਂ 'ਤੇ ਕਬਜ਼ਾ ਕਰਨ ਵਾਲੇ ਘੁਸਪੈਠੀਆ ਨੂੰ ਹਟਾ ਕੇ ਅਸਾਮ ਦੀ ਪਛਾਣ ਤੇ ਸੰਸਕ੍ਰਿਤੀ ਦੀ ਰੱਖਿਆ ਕਰ ਰਹੀ ਹੈ।



ਨੌਗਾਓ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਅੱਜ ਭਾਜਪਾ ਪੂਰੇ ਦੇਸ਼ ਵਿਚ ਲੋਕਾਂ ਦੀ ਪਹਿਲੀ ਪਸੰਦ ਬਣ ਗਈ ਹੈ। ਭਾਜਪਾ 'ਤੇ ਦੇਸ਼ ਦਾ ਭਰੋਸਾ ਲਗਾਤਾਰ ਵੱਧ ਰਿਹਾ ਹੈ। ਕੇਰਲ ਵਿਚ ਪਹਿਲੀ ਵਾਰ ਭਾਜਪਾ ਦਾ ਮੇਅਰ ਚੁਣਿਆ ਗਿਆ ਹੈ। ਹਾਲ ਹੀ 'ਚ ਬਿਹਾਰ ਵਿਚ ਚੋਣਾਂ ਹੋਈਆਂ ਸਨ ਅਤੇ 20 ਸਾਲਾਂ ਤੱਕ ਸੱਤਾ ਵਿਚ ਰਹਿਣ ਤੋਂ ਅਦ ਵੀ ਉੱਥੋਂ ਦੇ ਲੋਕਾਂ ਨੇ ਭਾਜਪਾ ਨੂੰ ਰਿਕਾਰਡ ਸੀਟਾਂ ਜਿਤਵਾਈਆਂ। ਮੁੰਬਈ ਸ਼ਹਿਰ ਵਿਚ, ਜਿੱਥੇ ਕਾਂਗਰਸ ਦਾ ਜਨਮ ਹੋਇਆ ਸੀ, ਉਹ ਹੁਣ ਚੌਥੇ ਜਾਂ ਪੰਜਵੇਂ ਨੰਬਰ ਦੀ ਪਾਰਟੀ ਬਣ ਗਈ ਹੈ। ਮਹਾਰਾਸ਼ਟਰ ਵਿਚ ਜਿੱਥੇ ਕਾਂਗਰਸ ਨੇ ਸਾਲਾਂ ਤੱਕ ਰਾਜ ਕੀਤਾ, ਉੱਥੇ ਪਾਰਟੀ ਆਪਣਾ ਆਧਾਰ ਗੁਆ ਚੁੱਕੀ ਹੈ। ਹੁਣ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਅਸਾਮ ਦੀ ਧਰਤੀ ਤੋਂ ਵੀ ਕਾਂਗਰਸ ਨੂੰ ਕਰਾਰਾ ਜਵਾਬ ਮਿਲੇਗਾ।' ਮੋਦੀ ਨੇ ਕਿਹਾ, 'ਅਸਾਮ ਵਿਚ ਘੁਸਪੈਠੀਏ ਡੈਮੋਗ੍ਰਾਫਿਕ ਸੰਤੁਲਨ ਵਿਗਾੜ ਰਹੇ ਹਨ, ਸੰਸਕ੍ਰਿਤੀ 'ਤੇ ਹਮਲਾ ਕਰ ਰਹੇ ਹਨ, ਗਰੀਬਾਂ ਤੇ ਨੌਜਵਾਨਾਂ ਤੋਂ ਨੌਕਰੀਆਂ ਖੋਹ ਰਹੇ ਹਨ ਅਤੇ ਆਦਿਵਾਸੀ ਇਲਾਕਿਆਂ ਵਿਚ ਧੋਖਾਧੜੀ ਨਾਲ ਜ਼ਮੀਨਾਂ 'ਤੇ ਕਬਜ਼ਾ ਕਰ ਰਹੇ ਹਨ ਜੋ ਅਸਾਮ ਤੇ ਦੇਸ਼ ਦੋਵਾਂ ਦੀ ਸੁਰੱਖਿਆ ਲਈ ਗੰਭੀਰ ਖ਼ਤਰਾ ਹੈ। ਉਨ੍ਹਾਂ ਨੇ ਲੋਕਾਂ ਨੂੰ ਕਾਂਗਰਸ ਤੋਂ ਸਾਵਧਾਨ ਰਹਿਣ ਦੀ ਚਿਤਾਵਨੀ ਦਿੱਤੀ ਕਿਉਂਕਿ ਇਸ ਦੀ ਇੱਕੋ-ਇਕ ਨੀਤੀ ਘੁਸਪੈਠੀਆਂ ਦੀ ਰੱਖਿਆ ਕਰਨਾ ਅਤੇ ਸੱਤਾ ਹਾਸਲ ਕਰਨਾ ਹੈ। ਪੂਰੇ ਦੇਸ਼ ਵਿਚ ਕਾਂਗਰਸ ਤੇ ਉਸ ਦੇ ਭਾਈਵਾਲ ਇਹੀ ਕਰ ਰਹੇ ਹਨ।' ਪ੍ਰਧਾਨ ਮੰਤਰੀ ਮੋਦੀ ਨੇ ਨੌਗਾਓ ਜ਼ਿਲ੍ਹੇ ਦੇ ਕਾਲੀਆਬੋਰ ਵਿਚ 6,957 ਕਰੋੜ ਰੁਪਏ ਦੀ ਲਾਗਤ ਵਾਲੇ ਕਾਜ਼ੀਰੰਗਾ ਐਲੀਵੇਟਿਡ ਕਾਰੀਡੋਰ ਪ੍ਰੋਜੈਕਟ (ਐਨਐਚ-715 ਦੇ ਕਾਲੀਆਬੋਰ-ਨੁਮਾਲੀਗੜ੍ਹ ਸੈਕਸ਼ਨ ਦੀ ਚਾਰ-ਲੇਨ) ਦਾ ਨੀਂਹ ਪੱਥਰ ਰੱਖਿਆ। ਨਾਲ ਹੀ ਦੋ ਨਵੀਆਂ ਅੰਮ੍ਰਿਤ ਭਾਰਤ ਐਕਸਪ੍ਰੈੱਸ ਟ੍ਰੇਨਾਂ- ਤੇ ਗੁਹਾਟੀ (ਕਾਮਾਖਿਆ)-ਰੋਹਤਕ ਡਿਬਰੂਗੜ੍ਹ-ਲਖਨਊ (ਗੋਮਤੀ ਨਗਰ) ਨੂੰ ਵਰਚੁਅਲੀ ਹਰੀ ਝੰਡੀ ਦਿਖਾਈ।

## ਕਾਜ਼ੀਰੰਗਾ ਨੈਸ਼ਨਲ ਪਾਰਕ 'ਚ ਨਹੀਂ ਹੋਇਆ ਕਿਸੇ ਗੈਂਡੇ ਦਾ ਸ਼ਿਕਾਰ

ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਸਰਕਾਰ ਦੇ ਯਤਨਾਂ ਨਾਲ 2025 ਵਿਚ ਕਾਜ਼ੀਰੰਗਾ ਨੈਸ਼ਨਲ ਪਾਰਕ ਵਿਚ ਕਿਸੇ ਵੀ ਗੈਂਡੇ ਦਾ ਸ਼ਿਕਾਰ ਨਹੀਂ ਹੋਇਆ। 2013 ਤੇ 2014 ਵਿਚ ਦਰਜਨਾਂ ਇਕ ਸਿੰਗ ਵਾਲੇ ਗੈਂਡੇ ਮਾਰੇ ਗਏ ਸਨ ਪਰ ਭਾਜਪਾ ਸਰਕਾਰ ਨੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ, ਜੰਗਲਾਤ ਵਿਭਾਗ ਨੂੰ ਆਧੁਨਿਕ ਸਰੋਤ ਪ੍ਰਦਾਨ ਕਰਨ, ਨਿਗਰਾਨੀ ਵਧਾਉਣ ਅਤੇ ਵਨ ਦੁਰਗਾ ਜ਼ਰੀਏ ਔਰਤਾਂ ਦੀ ਭਾਈਵਾਲੀ ਵਧਾਉਣ ਦਾ ਫ਼ੈਸਲਾ ਕੀਤਾ। ਭਾਰਤ ਨੇ ਦੁਨੀਆ ਨੂੰ ਦਿਖਾਇਆ ਹੈ ਕਿ ਈਕੋਸਿਸਟਮ ਤੇ ਅਰਥਚਾਰਾ ਦੋਵੇਂ ਇਕੱਠੇ ਅੱਗੇ ਵੱਧ ਸਕਦੇ ਹਨ। ਕਾਜ਼ੀਰੰਗਾ ਵਿਚ ਪਿਛਲੇ ਸਾਲਾਂ ਵਿਚ ਸੈਰ-ਸਪਾਟਾ ਲਗਾਤਾਰ ਵਧਿਆ ਹੈ।

# ਧਾਮੀ ਦਾ ਖ਼ੁਦ ਨੂੰ ਸੁਖਬੀਰ ਦਾ ਸੱਚਾ ਸਿਪਾਹੀ ਕਹਿਣਾ ਮੰਦਭਾਗਾ: ਮਾਨ

**ਮਜੀਠਾ:**ਇਹ ਬੇਹੱਦ ਮੰਦਭਾਗਾ ਹੈ ਕਿ ਆਪਣੀਆਂ ਮੁੱਖ ਜ਼ਿੰਮੇਵਾਰੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਖ਼ੁਦ ਨੂੰ ਗੁਰੂ ਸਾਹਿਬਾਨ ਦਾ ਸੱਚਾ ਸਿਪਾਹੀ ਕਹਿਣ ਦੀ ਬਜਾਏ ਮਾਣ ਨਾਲ ਸੁਖਬੀਰ ਬਾਦਲ ਦਾ ਸਿਪਾਹੀ ਕਹਿੰਦੇ ਹਨ। ਅਜਿਹੇ ਵਿਅਕਤੀ ਤੋਂ ਭਲਾਈ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ। ਇਹ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਨੂੰ ਮਜੀਠਾ ਵਿਚ ਕਹੀ। ਸੂਬਾ ਪੱਧਰੀ ਸਮਾਗਮ ਦੌਰਾਨ 11.32 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ 23 ਪਿੰਡਾਂ ਦੀਆਂ ਲਿੰਕ ਸੜਕਾਂ ਦਾ ਨੀਂਹ ਪੱਥਰ ਰੱਖਦੇ ਹੋਏ ਮੁੱਖ ਮੰਤਰੀ ਕਿਹਾ ਕਿ ਪੰਜਾਬ 'ਚ ਡਰ, ਜਬਰੀ ਵਸੂਲੀ ਤੇ ਅਕਾਲੀਆਂ ਦੀ ਧੱਕੇਸ਼ਾਹੀ ਦਾ ਦੌਰ ਖ਼ਤਮ ਹੋ ਗਿਆ ਹੈ।



ਮਾਨ ਨੇ ਕਿਹਾ ਕਿ ਇਹੀ ਮਜੀਠਾ ਇਲਾਕਾ ਕਦੇ ਉਨ੍ਹਾਂ ਲੋਕਾਂ ਦੇ ਕਬਜ਼ੇ ਵਿਚ ਸੀ ਜਿਨ੍ਹਾਂ ਨੇ 1919 ਵਿਚ ਜੱਲ੍ਹਿਆਂਵਾਲਾ ਬਾਗ਼ ਕਤਲੇਆਮ ਵਾਲੇ ਦਿਨ ਜਨਰਲ ਡਾਇਰ ਨੂੰ ਰਾਤ ਦੇ ਖਾਣੇ 'ਤੇ ਬੁਲਾਇਆ ਸੀ। ਖ਼ੁਦ ਨੂੰ ਇਸ ਇਲਾਕੇ ਦਾ 'ਜਰਨੈਲ' ਦੱਸਣ ਵਾਲੇ ਵਿਅਕਤੀ ਨੇ ਆਮ ਲੋਕਾਂ ਖ਼ਿਲਾਫ਼ ਝੂਠੇ ਕੇਸਾਂ ਨੂੰ ਹਥਿਆਰ ਵਾਂਗ ਵਰਤਿਆ। ਕਾਂਗਰਸ ਤੇ ਅਕਾਲੀ ਦੋਵਾਂ ਸਰਕਾਰਾਂ ਦੀ ਆਪਸੀ ਮਿਲੀਭਗਤ ਨਾਲ ਦਹਿਸ਼ਤ ਭਰੇ ਸੂਬੇ ਦੀ ਸ਼ੁਰੂਆਤ ਹੋਈ ਅਤੇ ਲੋਕ ਸਰਕਾਰ ਖ਼ਿਲਾਫ਼ ਬੋਲਣ ਤੋਂ ਡਰਦੇ ਸਨ। ਇਹ ਡਰ ਹੁਣ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਹੈ ਕਿਉਂਕਿ ਹੁਣ ਲੋਕਾਂ ਦਾ ਰਾਜ ਹੈ ਅਤੇ ਉਨ੍ਹਾਂ ਨੇ ਅਜਿਹੀ ਸੌੜੀ ਸਿਆਸਤ ਨੂੰ ਫ਼ੈਸਲਾਕੁੰਨ ਤੌਰ 'ਤੇ ਸੂਬੇ 'ਚੋਂ ਬਾਹਰ ਦਾ ਰਸਤਾ ਦਿਖਾਇਆ ਹੈ।

### ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਸਾਰਿਆਂ ਤੋਂ ਉੱਪਰ

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੇ ਸਾਰਿਆਂ ਤੋਂ ਉੱਪਰ ਹਨ। ਇਸੇ ਕਾਰਨ ਮੈਂ ਰਾਸ਼ਟਰਪਤੀ ਦੇ ਸਮਾਗਮ ਵਿਚ ਸ਼ਾਮਲ ਹੋਣ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਹੋਇਆ। ਉੱਧਰ, ਅਕਾਲੀਆਂ ਨੇ ਵਾਰ-ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਢਾਹ ਲਗਾਈ। ਜਥੇਦਾਰਾਂ ਨੂੰ ਆਪਣੀ ਮਰਜ਼ੀ ਨਾਲ ਨਿਯੁਕਤ ਕੀਤਾ ਅਤੇ ਅਹੁਦੇ ਤੋਂ ਹਟਾਇਆ ਜਿਸ ਨਾਲ ਇਨ੍ਹਾਂ ਸੰਸਥਾਵਾਂ ਦੀ ਪਵਿੱਤਰਤਾ ਨੂੰ ਭਾਰੀ ਸੱਟ ਵੱਜੀ ਹੈ। ਮਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਐੱਸਜੀਪੀਸੀ ਦੇ ਬੁਰੇ ਕੰਮਾਂ ਕਾਰਨ ਹੀ ਸੂਬਾ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ 328 ਸਰੂਪਾਂ ਦਾ ਪਤਾ ਲਗਾਉਣ ਲਈ ਐੱਸਆਈਟੀ ਬਣਾਉਣ ਲਈ ਮਜਬੂਰ ਹੋਣਾ ਪਿਆ। ਸਾਡਾ ਧਾਰਮਿਕ ਸੰਸਥਾਵਾਂ ਵਿਚ ਦਖ਼ਲ ਦੇਣ ਦਾ ਕੋਈ ਇਰਾਦਾ ਨਹੀਂ। ਸਾਡਾ ਇੱਕੋ-ਇਕ ਮਕਸਦ ਸਰੂਪਾਂ ਦਾ ਪਤਾ ਲਗਾਉਣਾ ਹੈ।

### ਤਲਬੀਰ ਗਿੱਲ ਹੋਣਗੇ ਮਜੀਠਾ ਤੋਂ 'ਆਪ' ਉਮੀਦਵਾਰ

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਮਜੀਠਾ ਤੋਂ 'ਆਪ' ਆਗੂ ਤਲਬੀਰ ਸਿੰਘ ਗਿੱਲ ਪਾਰਟੀ ਦੇ ਉਮੀਦਵਾਰ ਹੋਣਗੇ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਮਜੀਠਾ ਦੇ ਲੋਕ ਮੰਗ ਪੱਤਰ ਸੌਂਪਣ ਤੋਂ ਅੱਗੇ ਵਧ ਕੇ ਖ਼ੁਦ ਫ਼ੈਸਲੇ ਲੈਣੇ ਸ਼ੁਰੂ ਕਰ ਦੇਣ।

# ਸਿੱਖ ਗੁਰੂਆਂ ਵਿਰੁੱਧ ਕਦੇ ਵੀ ਕੋਈ ਅਪਮਾਨਜਨਕ ਟਿੱਪਣੀ ਨਹੀਂ ਕੀਤੀ: ਆਤਿਸ਼ੀ

**ਨਵੀਂ ਦਿੱਲੀ:**ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ, ਜਿਨ੍ਹਾਂ 'ਤੇ ਸਿੱਖ ਗੁਰੂਆਂ ਵਿਰੁੱਧ ਅਪਮਾਨਜਨਕ ਟਿੱਪਣੀਆਂ ਕਰਨ ਦਾ ਦੋਸ਼ ਹੈ, ਨੇ ਸੋਮਵਾਰ ਨੂੰ ਆਪਣੇ ਵਿਰੁੱਧ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਸਦਨ ਦੀ ਕਾਰਵਾਈ ਦੀ ਸੰਪਾਦਿਤ ਵੀਡੀਓ ਰਿਕਾਰਡਿੰਗ ਦੀ ਮੰਗ ਕੀਤੀ। ਉਨ੍ਹਾਂ ਇਹ ਜਵਾਬ ਵਿਸ਼ੇਸ਼ ਅਧਿਕਾਰ ਕਮੇਟੀ ਦੁਆਰਾ ਪਹਿਲਾਂ ਜਾਰੀ ਕੀਤੇ ਗਏ ਨੋਟਿਸ ਦੇ ਜਵਾਬ ਵਿੱਚ ਦਿੱਤਾ। ਇਸ ਮਹੀਨੇ ਦੇ ਸ਼ੁਰੂ ਵਿੱਚ ਸਮਾਪਤ ਹੋਏ ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ, ਸੱਤਾਧਾਰੀ ਭਾਜਪਾ ਵਿਧਾਇਕਾਂ ਨੇ ਦੋਸ਼ ਲਗਾਇਆ ਸੀ ਕਿ ਆਤਿਸ਼ੀ ਨੇ ਗੁਰੂ ਤੇਗ ਬਹਾਦਰ ਜੀ ਵਿਰੁੱਧ ਅਸੰਵੇਦਨਸ਼ੀਲ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗੀ। ਆਤਿਸ਼ੀ ਨੇ ਆਪਣੇ ਪੱਤਰ ਵਿੱਚ ਕਿਹਾ, 'ਸ਼ੁਰੂਆਤ 'ਚ ਹੀ, ਮੈਂ ਪੂਰੀ ਸਪੱਸ਼ਟਤਾ ਅਤੇ ਇਮਾਨਦਾਰੀ ਨਾਲ ਦੱਸਦੀ ਹਾਂ ਕਿ ਮੈਂ ਸਿੱਖ ਗੁਰੂਆਂ ਵਿਰੁੱਧ ਕਦੇ ਵੀ ਕੋਈ ਅਪਮਾਨਜਨਕ ਟਿੱਪਣੀ ਨਹੀਂ ਕੀਤੀ, ਨਾ ਤਾਂ 6 ਜਨਵਰੀ, 2026 ਨੂੰ ਸਦਨ ਵਿੱਚ, ਅਤੇ ਨਾ ਹੀ ਆਪਣੀ ਜ਼ਿੰਦਗੀ ਵਿੱਚ ਕਿਸੇ ਵੀ ਸਮੇਂ। ਮੈਂ ਇਸ ਦੋਸ਼ ਨੂੰ ਪੂਰੀ ਤਰ੍ਹਾਂ ਰੱਦ ਕਰਦੀ ਹਾਂ। ਇਸ ਮਹੀਨੇ ਦੇ ਸ਼ੁਰੂ ਵਿੱਚ, ਦਿੱਲੀ ਵਿਧਾਨ ਸਭਾ ਦੇ ਬ ਸਪੀਕਰ ਵਜਿੰਦਰ ਗੁਪਤਾ ਨੇ ਕਿਹਾ ਸੀ ਕਿ ਵਿਸ਼ੇਸ਼ ਅਧਿਕਾਰ ਕਮੇਟੀ ਨੇ ਇਸ ਮਾਮਲੇ ਵਿੱਚ ਆਤਿਸ਼ੀ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਉਨ੍ਹਾਂ ਨੂੰ 19 ਜਨਵਰੀ ਤੱਕ ਲਿਖਤੀ ਜਵਾਬ ਦੇਣ ਲਈ ਕਿਹਾ ਗਿਆ ਸੀ।




ਇਹ ਮੁੱਦਾ ਭਾਜਪਾ ਵਿਧਾਇਕਾਂ ਨੇ ਪਿਛਲੇ ਨਵੰਬਰ 'ਚ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ 'ਤੇ ਦਿੱਲੀ ਸਰਕਾਰ ਦੇ ਪ੍ਰੋਗਰਾਮ 'ਤੇ ਚਰਚਾ। ਦੌਰਾਨ ਉਠਾਇਆ ਸੀ। ਆਮ ਆਦਮੀ ਪਾਰਟੀ ਦੀ ਵਿਧਾਇਕਾ ਆਤਿਸ਼ੀ ਨੇ ਆਪਣੇ ਪੱਤਰ 'ਚ ਕਿਹਾ ਕਿ ਵਿਧਾਨ ਸਭਾ ਦੇ ਨੋਟਿਸ 'ਚ 'ਸਦਨ 'ਚ ਗੜਬੜ' ਅਤੇ 'ਕਾਰਵਾਈ ਵਿਚ ਰੁਕਾਵਟ' ਵਰਗੇ ਅਸਪੱਸ਼ਟ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ, ਬਿਨਾਂ ਇਹ ਦੱਸੇ ਕਿ ਕੀ ਕਿਹਾ ਗਿਆ ਸੀ, ਕਿਸ ਸੰਦਰਭ 'ਚ, ਜਾਂ ਕਿਸ ਆਧਾਰ 'ਤੇ ਇਸਨੂੰ 'ਅਪਮਾਨਜਨਕ' ਕਿਹਾ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀ ਜਾਣਕਾਰੀ ਦੀ ਅਣਹੋਂਦ 'ਚ, ਮੈਨੂੰ ਇੱਕ ਅਣਪਛਾਤੇ ਅਤੇ ਅਪ੍ਰਮਾਣਿਤ ਦੋਸ਼ ਦਾ ਜਵਾਬ ਦੇਣ ਲਈ ਕਿਹਾ ਜਾ ਰਿਹਾ ਹੈ। ਇਹ ਕੁਦਰਤੀ ਨਿਆਂ ਦੇ ਮੂਲ ਸਿਧਾਂਤਾਂ ਦੇ ਉਲਟ ਹੈ।' ਆਤਿਸ਼ੀ ਨੇ ਆਪਣੇ ਵਿਰੁੱਧ ਸ਼ਿਕਾਇਤ ਦੀ ਇੱਕ ਕਾਪੀ ਅਤੇ 'ਉਸ ਤਰੀਕ ਦੀ ਅਧਿਕਾਰਤ ਕਾਰਵਾਈ ਦੀ ਇੱਕ ਸੰਪਾਦਿਤ ਵੀਡੀਓ ਰਿਕਾਰਡਿੰਗ, ਅਸਲ ਵਿੱਚ, ਸਬੂਤ ਐਕਟ ਦੇ ਤਹਿਤ ਇੱਕ ਸਰਟੀਫਿਕੇਟ ਦੇ ਨਾਲ' ਮੰਗੀ। ਉਨ੍ਹਾਂ ਨੇ ਸਪੀਕਰ ਤੋਂ ਮੀਟਿੰਗ 'ਚ ਸ਼ਾਮਿਲ ਹੋਣ ਅਤੇ ਦੋਸ਼ਾਂ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਪੱਤਰ ਦੀ ਇੱਕ ਕਾਪੀ ਦੀ ਵੀ ਮੰਗ ਕੀਤੀ।

***ਇਸ ਮਹੀਨੇ ਦੇ ਸ਼ੁਰੂ ਵਿੱਚ ਸਮਾਪਤ ਹੋਏ ਦਿੱਲੀ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ, ਸੱਤਾਧਾਰੀ ਭਾਜਪਾ ਵਿਧਾਇਕਾਂ ਨੇ ਦੋਸ਼ ਲਗਾਇਆ ਸੀ ਕਿ ਆਤਿਸ਼ੀ ਨੇ ਗੁਰੂ ਤੇਗ ਬਹਾਦਰ ਜੀ ਵਿਰੁੱਧ ਅਸੰਵੇਦਨਸ਼ੀਲ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗੀ।***

## ਗੁਰਦਾਸਪੁਰ ਦੇ ਨੌਜਵਾਨ ਦੀ ਇੰਗਲੈਂਡ 'ਚ ਮੌਤ



**ਗੁਰਦਾਸਪੁਰ:**ਨੰਗਲ ਬ੍ਰਾਹਮਣਾ ਪਿੰਡ ਦੇ ਨੌਜਵਾਨ ਦੀ ਇੰਗਲੈਂਡ 'ਚ ਸੜਕ 4। ਹਾਦਸੇ ਦੌਰਾਨ ਮੌਤ ਹੋ ਗਈ। ਮ੍ਰਿਤਕ ਦੇ ਚਾਚੇ ਪ੍ਰਵੀਨ ਕੁਮਾਰ ਨੇ ਕਿਹਾ ਕਿ ਕੇਸ਼ਵ ਸ਼ਰਮਾ ਚਾਰ ਮਹੀਨੇ ਪਹਿਲਾਂ ਹੀ ਸਟੱਡੀ ਵੀਜ਼ੇ 'ਤੇ ਇੰਗਲੈਂਡ ਗਿਆ ਸੀ। ਉਨ੍ਹਾਂ ਨੂੰ ਉੱਥੋਂ ਫੋਨ ਰਾਹੀਂ ਸੂਚਿਤ ਕੀਤਾ ਗਿਆ ਕਿ ਕਾਰ ਦੇ ਟੱਕਰ ਮਾਰਨ ਕਾਰਨ ਕੇਸ਼ਵ ਦੀ ਮੌਤ ਹੋ ਗਈ। ਉਸ ਕੋਲ ਤਿੰਨ ਸਾਲ ਦਾ ਸਟੱਡੀ ਵੀਜ਼ਾ ਸੀ। ਉਹ ਆਪਣੀ ਭੈਣ ਦੀ ਮੰਗਣੀ ਲਈ ਘਰ ਆਉਣ ਵਾਲਾ ਸੀ। ਪਰਿਵਾਰਕ ਮੈਂਬਰਾਂ ਨੇ ਸਰਕਾਰ ਨੂੰ ਉਸ ਦੀ ਦੇਹ ਭਾਰਤ ਲਿਆਉਣ 'ਚ ਮਦਦ ਕਰਨ ਦੀ ਅਪੀਲ ਕੀਤੀ ਹੈ।

## 9 ਮਹੀਨੇ ਪਹਿਲਾਂ ਕੈਨੇਡਾ 'ਚ ਪੰਜਾਬੀ ਦੀ ਮੌਤ

**ਬਰਨਾਲਾ:**ਕਰੀਬ ਨੌਂ ਮਹੀਨੇ ਪਹਿਲਾਂ ਸਟਡੀ ਵੀਜ਼ੇ 'ਤੇ ਕੈਨੇਡਾ ਗਏ ਜ਼ਿਲ੍ਹਾ ਬਰਨਾਲਾ ਦੇ ਪਿੰਡ ਗੁਰਮ ਦੇ ਇਕ ਨੌਜਵਾਨ ਦੀ ਉੱਥੇ ਮੌਤ ਹੋ ਗਈ। ਰਾਜਪ੍ਰੀਤ ਸਿੰਘ (24) ਪਰਿਵਾਰ ਦਾ ਇਕਲੌਤਾ ਪੁੱਤਰ ਸੀ। ਪਰਿਵਾਰ ਨੇ ਅਪ੍ਰੈਲ 2024 'ਚ 18 ਲੱਖ ਰੁਪਏ ਦਾ ਕਰਜ਼ਾ ਲੈ ਕੇ ਉਸਨੂੰ ਸਟੱਡੀ ਵੀਜ਼ੇ 'ਤੇ ਕੈਨੇਡਾ ਭੇਜਿਆ ਸੀ। ਉਹ ਉੱਥੇ ਬਰੈਂਪਟਨ 'ਚ ਪੜ੍ਹਦਾ ਸੀ ਤੇ ਸਰੀ 'ਚ ਰਹਿੰਦਾ ਸੀ। 17 ਜਨਵਰੀ ਨੂੰ ਉਸਦੇ ਇੱਕ ਰਿਸ਼ਤੇਦਾਰ ਨੇ ਪਰਿਵਾਰ ਨੂੰ ਰਾਜਪ੍ਰੀਤ ਦੀ ਮੌਤ ਬਾਰੇ ਸੂਚਿਤ ਕੀਤਾ।



## ਮੁਰਸ਼ਿਦਾਬਾਦ ਹਿੰਸਾ ਦਾ ਸਾਜ਼ਿਸ਼ਕਰਤਾ ਗ੍ਰਿਫ਼ਤਾਰ

**ਕੋਲਕਾਤਾ:**ਬੰਗਾਲ ਦੇ ਮੁਰਸ਼ਿਦਾਬਾਦ ਦੇ ਬੇਲਡਾਂਗਾ 'ਚ ਪਿਛਲੇ ਦੋ ਦਿਨਾਂ ਵਿਚ ਹੋਈ ਹਿੰਸਾ ਦੇ ਮਾਮਲੇ ਵਿਚ ਪੁਲਿਸ ਨੇ ਅਸਦੁਦੀਨ ਓਵੈਸੀ ਦੀ ਪਾਰਟੀ ਆਲ ਇੰਡੀਆ ਮਜਲਿਸ-ਏ-ਇੱਤੇਹਾਦੁਲ ਮੁਸਲਮੀਨ ਦੇ ਆਗੂ ਮਤਿਉਰ ਰਹਿਮਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਰਹਿਮਾਨ ਹੀ ਹਿੰਸਾ ਦਾ ਮੁੱਖ ਸਾਜ਼ਿਸ਼ਕਰਤਾ ਹੈ। ਪੁਲਿਸ ਨੇ ਉਸ ਖ਼ਿਲਾਫ਼ ਸਰਕਾਰੀ ਜਾਇਦਾਦ ਵਿਚ ਤੋੜਭੰਨ ਤੇ ਹਮਲੇ ਦਾ ਮਾਮਲਾ ਦਰਜ ਕੀਤਾ ਹੈ। ਇਸ ਮਾਮਲੇ 'ਚ ਹੁਣ ਤੱਕ 30 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ।



# ਮੁੱਖ ਮੰਤਰੀ ਸੋਚ ਕੇ ਬੋਲਿਆ ਕਰਨ: ਬਾਜਵਾ

**ਬੰਗਾ:** ਪੰਜਾਬ ਸਰਕਾਰ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਰਸੋਖਾਨਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਪਿੰਡ ਮਜਾਰਾ ਨੌ ਆਬਾਦ ਪੁੱਜੇ ਤੇ ਮੱਥਾ ਟੇਕਿਆ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਬੇਨਤੀ ਕਰਦੇ ਹਨ ਕਿ ਮੁੱਖ ਮੰਤਰੀ ਇਹੋ-ਜਿਹਾ ਕੰਮ ਕਰਨ, ਜਿਹਦੇ ਨਾਲ ਜ਼ਖ਼ਮਾਂ 'ਤੇ ਮਲ੍ਹਮ ਲੱਗੇ, ਨਵੇਂ ਜ਼ਖ਼ਮ ਨਾ ਪੈਦਾ ਕਰਨ। ਉਨ੍ਹਾਂ ਦੱਸਿਆ ਕਿ ਕਾਂਗਰਸ ਸੈਕੂਲਰ ਅਤੇ ਕੌਮਾਂਤਰੀ ਪਾਰਟੀ ਹੈ, ਉਹ ਆਪਣੇ ਤੇ ਆਪਣੀ ਪਾਰਟੀ ਵੱਲੋਂ ਮੁੱਖ ਮੰਤਰੀ ਅਤੇ 'ਆਪ' ਦੀ ਸਰਕਾਰ ਨੂੰ ਹੱਥ ਜੋੜ ਕੇ ਬੇਨਤੀ ਕਰਦੇ ਹਨ ਕਿ ਪੰਜਾਬ ਸਰਹੱਦੀ ਸੂਬਾ ਹੈ ਤੇ ਇੱਥੇ ਆਪਸੀ ਭਾਈਚਾਰੇ ਦੀ ਬਹੁਤ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਮੈਂ ਚਾਹਾਂਗਾ ਕਿ ਇਥੇ ਇਸ ਪਵਿੱਤਰ ਸਥਾਨ 'ਤੇ ਆ ਕੇ ਅਸੀਂ ਕੋਈ ਕਿਸੇ ਕਿਸਮ ਦੀ ਰਾਜਨੀਤੀ ਨਾ ਕਰੀਏ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਫਿਲੌਰ ਵਿਕਰਮ ਸਿੰਘ ਚੌਧਰੀ, ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਮੀਨਾ ਸ਼ੁੱਧ, ਸਾਬਕਾ ਪ੍ਰਧਾਨ ਸਤਵੀਰ ਸਿੰਘ ਪੱਲੀਝਿੱਕੀ, ਦਰਬਜੀਤ ਸਿੰਘ ਪੂਨੀਆ, ਕੁਲਵਰਨ ਸਿੰਘ ਗਿੱਲ, ਡਾ. ਬਖ਼ਸ਼ੀਸ਼ ਸਿੰਘ, ਡਾ. ਨਿਰੰਜਣ ਪਾਲ ਹੀਉਂ, ਰਜਿੰਦਰ ਸ਼ਰਮਾ, ਕਮਲਜੀਤ ਬੰਗਾ, ਹਰਬੰਤ ਸਿੰਘ ਸੂੰਦ ਮਕਸੂਦਪੁਰ ਆਦਿ ਆਗੂ ਹਾਜ਼ਰ ਸਨ।



# ਹਰੀਕੇ ਪੱਤਣ ਪਰਵਾਸੀ ਪੰਛੀਆਂ ਦਾ ਸਵਰਗ

**ਤਰਨਤਾਰਨ:** ਤਰਨਤਾਰਨ ਜ਼ਿਲ੍ਹੇ ਦੇ ਨਗਰ ਹਰੀਕੇ ਵਿਚ ਵੀ ਕੁਦਰਤੀ ਸੁਹੱਪਣ ਵੇਖਣ ਨੂੰ ਮਿਲਦਾ ਹੈ, ਜਿੱਥੇ ਬਿਆਸ ਤੇ ਸਤਲੁਜ ਦਰਿਆ ਦਾ ਸੰਗਮ ਆਪਣੇ ਆਪ ਵਿਚ ਖ਼ੂਬਸੂਰਤ ਦ੍ਰਿਸ਼ ਬਣਾਉਂਦਾ ਹੈ। ਹਰੀਕੇ ਵੈਟਲੈਂਡ ਨਾਂ ਦੀ ਇਸ ਧਰਤੀ ਨੂੰ ਹਰੀਕੇ ਪੱਤਣ ਦੇ ਨਾਂ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਵੈਟਲੈਂਡ ਉੱਤਰੀ ਭਾਰਤ ਦਾ ਵੱਡਾ ਵੈਟਲੈਂਡ ਹੈ, ਜੋ ਬਿਆਸ ਤੇ ਸਤਲੁਜ ਦਰਿਆਵਾਂ ਦੇ ਸੰਗਮ 'ਤੇ ਸਥਿਤ ਹੈ। ਸਾਲ 1953 ਵਿਚ ਸਤਲੁਜ ਦਰਿਆ ਦੇ ਪਾਰ ਬੈਰਾਜ ਦੇ ਨਿਰਮਾਣ ਕਾਰਨ ਹੋਂਦ ਵਿਚ ਆਏ ਇਸ ਵੈਟਲੈਂਡ ਦੇ 41 ਵਰਗ ਕਿਲੋਮੀਟਰ ਖੇਤਰ ਨੂੰ ਪਰਵਾਸੀ ਪੰਛੀ ਆਕਰਸ਼ਿਤ ਕਰਨ ਦੀ ਸੰਭਾਵਨਾ ਦੇ ਨਾਲ ਸਾਲ 1978 ਵਿਚ ਪਾਬੰਦੀਸ਼ੁਦਾ ਖੇਤਰ ਘੋਸ਼ਿਤ ਕਰ ਦਿੱਤਾ ਗਿਆ। ਹਰੀਕੇ ਵੈੱਟਲੈਂਡ ਦੇ 41 ਵਰਗ ਕਿਲੋਮੀਟਰ ਨੂੰ 10 ਸਾਲਾਂ ਦੀ ਮਿਆਦ ਲਈ ਸਾਲ 1982 ਵਿਚ ਜੰਗਲੀ ਜੀਵ ਸੈਂਚੁਰੀ ਵਜੋਂ ਘੋਸ਼ਿਤ ਕੀਤਾ ਗਿਆ ਅਤੇ ਸਾਲ 1992 ਵਿਚ ਹਰੀਕੇ ਵੈੱਟਲੈਂਡ ਦੇ 86 ਵਰਗ ਕਿਲੋਮੀਟਰ ਨੂੰ ਅਗਲੇ 10 ਸਾਲਾਂ ਲਈ ਸੈਂਚੁਰੀ ਘੋਸ਼ਿਤ ਕੀਤਾ ਗਿਆ। ਜੰਗਲੀ ਜੀਵ ਸੁਰੱਖਿਆ ਐਕਟ ਤਹਿਤ 86 ਵਰਗ ਕਿਲੋਮੀਟਰ ਨੂੰ ਹਰੀਕੇ ਜੰਗਲ ਜੀਵ ਸੈਂਚੁਰੀ ਐਲਾਨ ਕਰਦੇ ਅੰਤਿਮ ਨੋਟੀਫਿਕੇਸ਼ਨ ਸਾਲ 1999 ਵਿਚ ਜਾਰੀ ਕੀਤਾ ਗਿਆ ਸੀ ਅਤੇ ਇਸ ਨੂੰ ਸਾਲ 1990 ਵਿਚ 'ਰਾਮਸਰ ਸਾਈਟ' ਦਾ ਦਰਜਾ ਵੀ ਦਿੱਤਾ ਗਿਆ।ਵਾਸੀ ਪੰਛੀ।

ਮਨੁੱਖ ਵੱਲੋਂ ਬਣਾਈ ਗਈ ਇਹ ਦਰਿਆਈ ਵੈੱਟਲੈਂਡ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਤਰਨਤਾਰਨ, ਫ਼ਿਰੋਜ਼ਪੁਰ ਤੇ ਕਪੂਰਥਲਾ ਵਿਚ ਫੈਲੀ ਹੋਈ ਹੈ ਜਦੋਂਕਿ ਇਹ ਬਰਡ ਸੈਂਚੁਰੀ 1990 ਵਿਚ ਰਾਮਸਰ ਕਨਵੈਨਸ਼ਨ ਤਹਿਤ ਭਾਰਤ ਦੁਆਰਾ ਨਾਮਜ਼ਦ ਅੰਤਰਰਾਸ਼ਟਰੀ ਮਹੱਤਵ ਦੇ ਛੇ ਵੈਟਲੈਂਡਜ਼ ਵਿੱਚੋਂ ਇਕ ਵੀ ਹੈ।

## 368 ਤੋਂ ਵੱਧ ਪ੍ਰਜਾਤੀਆਂ ਦੇ ਪੰਛੀ ਬਣਦੇ ਨੇ ਵੈੱਟਲੈਂਡ ਦਾ ਸ਼ਿੰਗਾਰ

ਹਰੀਕੇ ਵੈੱਟਲੈਂਡਜ਼ ਈਕੋਸਿਸਟਮ, ਇਸਦੇ ਅਮੀਰ ਐਕੁਆ ਬਨਸਪਤੀ ਅਤੇ ਜੀਵ-ਜੰਤੂਆਂ ਦੇ ਨਾਲ ਪੰਜਾਬ ਲਈ ਅਹਿਮ ਸੰਭਾਲ ਸਥਾਨ ਹੈ। ਸਾਇਬੇਰੀਆ, ਰੂਸ ਅਤੇ ਹੋਰ ਯੂਰਪੀ ਠੰਢੇ ਮੁਲਕਾਂ ਤੋਂ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕਰ ਕੇ 368 ਤੋਂ ਵੱਧ ਦਰਜ ਪ੍ਰਜਾਤੀਆਂ ਦੇ ਹਜ਼ਾਰਾਂ ਪਰਵਾਸੀ ਪੰਛੀ ਹਰ ਸਾਲ ਸਰਦੀਆਂ ਦੇ ਮਹੀਨਿਆਂ ਵਿਚ ਇੱਥੇ ਆਉਂਦੇ ਹਨ। ਇਸ ਸਮੇਂ ਵੀ ਵੱਡੀ ਗਿਣਤੀ ਵਿਚ ਪਰਵਾਸੀ ਪੰਛੀ ਹਰੀਕੇ ਵੈੱਟਲੈਂਡ ਵਿਖੇ ਪਹੁੰਚੇ ਹੋਏ ਹਨ। ਹਰੀਕੇ ਵੈਟਲੈਂਡਜ਼ ਹੋਰ ਦੁਰਲੱਭ ਅਤੇ ਖ਼ਤਰੇ ਵਿਚ ਪੈਣ ਵਾਲੀਆਂ ਪ੍ਰਜਾਤੀਆਂ ਲਈ ਵੀ ਸ਼ਰਨਗਾਹ ਹੈ। ਜਿਨ੍ਹਾਂ ਵਿੱਚੋਂ ਕੁਝ ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ਼ ਨੇਚਰ ਦੇ ਖ਼ਤਰੇ ਵਾਲੇ ਜਾਨਵਰਾਂ ਦੀ ਲਾਲ ਸੂਚੀ ਵਿਚ ਸੂਚੀਬੱਧ ਹਨ। ਇਹ ਭਾਰਤੀ ਓਟਰ, ਗਿੱਦੜ, ਭਾਰਤੀ ਜੰਗਲੀ ਸੂਰ, ਮੂੰਗੀ ਅਤੇ ਜੰਗਲੀ ਬਿਲੀ ਦਾ ਘਰ ਹੈ, ਨਾਲ ਹੀ ਕਈ ਮਹੱਤਵਪੂਰਨ ਚਿਕਿਤਸਕ ਅਤੇ ਸਜਾਵਟੀ ਪੌਦਿਆਂ ਅਤੇ ਰੁੱਖਾਂ ਦਾ ਵੀ ਘਰ ਹੈ।

> **ਮਨੁੱਖ ਵੱਲੋਂ ਬਣਾਈ ਗਈ ਇਹ ਦਰਿਆਈ ਵੈੱਟਲੈਂਡ ਪੰਜਾਬ ਦੇ ਤਿੰਨ ਜ਼ਿਲ੍ਹਿਆਂ ਤਰਨਤਾਰਨ, ਫ਼ਿਰੋਜ਼ਪੁਰ ਤੇ ਕਪੂਰਥਲਾ ਵਿਚ ਫੈਲੀ ਹੋਈ ਹੈ ਜਦੋਂਕਿ ਇਹ ਬਰਡ ਸੈਂਚੁਰੀ 1990 ਵਿਚ ਰਾਮਸਰ ਕਨਵੈਨਸ਼ਨ ਤਹਿਤ ਭਾਰਤ ਦੁਆਰਾ ਨਾਮਜ਼ਦ ਅੰਤਰਰਾਸ਼ਟਰੀ ਮਹੱਤਵ ਦੇ ਛੇ ਵੈਟਲੈਂਡਜ਼ ਵਿੱਚੋਂ ਇਕ ਵੀ ਹੈ।**

ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਦਰਿਆ ਬਿਆਸ ਵਿਚ ਕੁਝ ਸਾਲ ਪਹਿਲਾਂ ਘੜਿਆਲ ਵੀ ਪਾਏ ਗਏ ਸਨ, ਜੋ ਹਰੀਕੇ ਝੀਲ ਵਿਚ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਹਰੀਕੇ ਝੀਲ ਵਿਚ ਪਾਈ ਗਈ ਇੰਡਸ ਡਾਲਫਿਨ ਨੇ ਇਸ ਖੇਤਰ ਨੂੰ - ਉਭਾਰਿਆ।



## ਦੋ ਰਸਤਿਆਂ ਤੋਂ ਸੈਲਾਨੀ ਜਾ ਸਕਦੇ ਹਨ ਹਰੀਕੇ ਵੈੱਟਲੈਂਡ

ਸੈਲਾਨੀ ਹਰੀਕੇ ਵੈੱਟਲੈਂਡ ਵਿਚ ਸਰਨਤਾਰਨ ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਵਾਲੇ ਦੋਵੇਂ ਪਾਸਿਆਂ ਤੋਂ ਜਾ ਸਕਦੇ ਹਨ। ਤਰਨਤਾਰਨ ਵਿਚ ਦਰਿਆ ਦਾ ਪੁਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਵੈੱਟਲੈਂਡ ਵਿਚ ਇਕ ਰਸਤਾ ਜਾਂਦਾ ਹੈ, ਜੋ ਕਿ ਜੰਗਲ ਵਿੱਚੋਂ ਲੰਘਦਾ ਹੋਇਆ ਝੀਲ ਦੇ ਕਿਨਾਰੇ ਜਾ ਖ਼ਤਮ ਹੁੰਦਾ ਹੈ।

ਨਾਲ ਹੀ ਇੱਥੇ ਜ਼ਿਲ੍ਹਾ ਪ੍ਰਸ਼ਾਸਨ ਤਰਨਤਾਰਨ ਵੱਲੋਂ ਦੋ ਮੋਟਰ ਬੋਟ ਵੀ ਮੁਹੱਈਆ ਕਰਵਾਈਆਂ ਗਈਆਂ ਹਨ ਤਾਂ ਜੋ ਪੰਛੀ ਪ੍ਰੇਮੀ ਪੂਰੀ ਸੁਰੱਖਿਆ ਨਾਲ ਝੀਲ ਦੇ ਅੰਦਰ ਜਾ ਕੇ ਨੇੜੇ ਤੋਂ ਪੰਛੀਆਂ ਨੂੰ ਨਿਹਾਰ ਸਕਣ। ਹਰੀਕੇ ਦੇ ਫਿਰੋਜ਼ਪੁਰ ਵਾਲੇ ਪਾਸੇ ਗੁਰਦੁਆਰਾ ਨਾਨਕਸਰ ਵਾਲੇ ਪਾਸੇ ਤੋਂ ਜਾਇਆ ਜਾ ਸਦਕਾ ਹੈ। ਇਨ੍ਹਾਂ ਦੋਵਾਂ ਥਾਵਾਂ ਲਈ ਬੋਟਿੰਗ ਲਈ ਖ਼ਾਸ ਇਜਾਜ਼ਤ ਦੀ ਲੋੜ ਹੁੰਦੀ ਹੈ।

# ਪਿਓ ਤੋਂ ਚੋਰੀ ਖ਼ਰੀਦੀ ਸੀ ਲਾਟਰੀ, ਜਿੱਤੇ 50 ਲੱਖ

**ਫਾਜ਼ਿਲਕਾ:** ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਆਹਲ ਬੋਦਲਾ ਦੇ ਰਹਿਣ ਵਾਲੇ ਗਗਨਦੀਪ ਸਿੰਘ ਦੇ ਘਰ ਖ਼ੁਸ਼ੀਆਂ ਦਾ ਮਾਹੌਲ ਹੈ ਅਤੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਗਗਨਦੀਪ ਸਿੰਘ ਨੇ ਪੰਜਾਬ ਸਟੇਟ ਲੋਹੜੀ ਬੰਪਰ ਲਾਟਰੀ ਵਿੱਚ ਟਿਕਟ ਨੰਬਰ ਏ 737470 'ਤੇ 50 ਲੱਖ ਰੁਪਏ ਦਾ ਤੀਜਾ ਵੱਡਾ ਇਨਾਮ ਜਿੱਤ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਹ ਜਿੱਤ ਖਾਸ ਹੈ ਕਿਉਂਕਿ ਗਗਨਦੀਪ ਨੇ ਇਹ ਟਿਕਟ ਆਪਣੇ ਪਰਿਵਾਰ ਤੋਂ ਚੋਰੀ ਖਰੀਦੀ ਸੀ। ਗਗਨਦੀਪ ਪਿਛਲੇ ਲੰਬੇ ਸਮੇਂ ਤੋਂ ਲਾਟਰੀ ਦੀਆਂ ਟਿਕਟਾਂ ਖਰੀਦ ਰਿਹਾ ਸੀ, ਪਰ ਕਦੇ ਕੋਈ ਇਨਾਮ ਨਹੀਂ ਨਿਕਲਿਆ ਸੀ। ਇਸ ਕਾਰਨ ਉਸ ਦਾ ਪਰਿਵਾਰ ਅਕਸਰ ਉਸ ਨਾਲ ਨਾਰਾਜ਼ ਰਹਿੰਦਾ ਸੀ ਅਤੇ ਪੈਸੇ ਬਰਬਾਦ ਨਾ ਕਰਨ ਦੀ ਸਲਾਹ ਦਿੰਦਾ ਸੀ। ਇਸ ਵਾਰ ਜਦੋਂ ਲੋਹੜੀ ਬੰਪਰ ਆਇਆ, ਤਾਂ ਗਗਨਦੀਪ ਦੇ ਪਿਤਾ ਓਮ ਪ੍ਰਕਾਸ਼ ਨੇ ਖੁਦ ਇੱਕ ਟਿਕਟ ਖਰੀਦੀ ਅਤੇ ਗਗਨਦੀਪ ਨੂੰ ਸਖ਼ਤੀ ਨਾਲ ਮਨ੍ਹਾ ਕਰ ਦਿੱਤਾ ਸੀ।



# ਮਜ਼ਦੂਰ ਦੀ ਨਿਕਲੀ 10 ਕਰੋੜ ਦੀ ਲਾਟਰੀ




**ਰਾਨੀਆਂ (ਸਿਰਸਾ):** ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ ਮੁਹੰਮਦਪੁਰੀਆ ਦੇ ਮਜ਼ਦੂਰ ਦੀ ਪੰਜਾਬ ਲੋਹੜੀ ਬੰਪਰ ਦੀ 10 ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ। ਮਜ਼ਦੂਰ ਪ੍ਰਿਥਵੀ ਸਿੰਘ ਦਾ ਪਰਿਵਾਰ ਲਾਟਰੀ ਲੱਗਣ 'ਤੇ ਫੁੱਲਿਆ ਨਹੀਂ ਸਮਾ ਰਿਹਾ। ਐਤਵਾਰ ਸਵੇਰੇ ਜਦੋਂ ਪਿੰਡ ਵਾਸੀਆਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਪੂਰੇ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਬਣ ਗਿਆ। ਪਰਿਵਾਰ ਵਾਲੇ ਤੇ ਪਿੰਡ ਦੇ ਲੋਕ ਲਾਟਰੀ ਨਿਕਲਣ ਦੀ ਖ਼ੁਸ਼ੀ ਵਿਚ ਢੋਲ ਦੀ ਥਾਪ 'ਤੇ ਖ਼ੂਬ ਨੱਚੇ।

ਪ੍ਰਿਥਵੀ ਸਿੰਘ ਨੇ ਦੱਸਿਆ ਕਿ ਉਸ ਨੇ ਇਹ ਲਾਟਰੀ ਦੀ ਟਿਕਟ ਕਿਲਿਆਂਵਾਲੀ । (ਡੱਬਵਾਲੀ) ਤੋਂ ਏਜੰਟ ਮਦਨ ਲਾਲ ਤੋਂ 500 5 ਰੁਪਏ ਵਿਚ ਖਰੀਦੀ ਸੀ। ਸ਼ਨਿਚਰਵਾਰ ਨੂੰ ਮਦਨ ਲਾਲ ਦਾ ਉਸ ਨੂੰ ਫੋਨ ਆਇਆ ਕਿ ਤੁਹਾਡੀ 10 ਲੱਖ ਰੁਪਏ ਦੀ ਲਾਟਰੀ ਨਿਕਲੀ ਹੈ। ਤੁਸੀਂ ਆਪਣੀ ਲਾਟਰੀ ਦੀ ਟਿਕਟ ਦਾ ਨੰਬਰ ਦੱਸੋ। ਪ੍ਰਿਥਵੀ ਸਿੰਘ ਨੇ ਦੱਸਿਆ ਕਿ ਉਸ ਨੂੰ ਇਸ ਗੱਲ 'ਤੇ ਭਰੋਸਾ ਨਹੀਂ ਹੋਇਆ। ਫਿਰ ਉਸ ਨੇ ਇਹ ਗੱਲ ਅੰਡਵੋਕੇਟ ਗੁਰਬਖ਼ਸ਼ੀਸ਼ ਸਿੰਘ ਨੂੰ ਦੱਸੀ। ਉਨ੍ਹਾਂ ਨੇ ਮਦਨ ਲਾਲ ਨਾਲ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਪਹਿਲਾਂ ਤਾਂ ਲੱਗਾ ਕਿ ਸ ਇਹ ਕੋਈ ਫਰਾਡ ਹੈ। ਨੰਬਰ ਚੈੱਕ ਕਰਨ 'ਤੇ ਪਤਾ ਲੱਗਾ ਕਿ ਸੱਚਮੁੱਚ ਨੰਬਰ ਮਦਨ ਲਾਲ ਲਾਟਰੀ ਵਾਲੇ ਦਾ ਹੀ ਸੀ। ਫਿਰ ਉਨ੍ਹਾਂ ਨੇ ਮਦਨ ਲਾਲ ਨੂੰ ਫੋਨ ਕਰ ਕੇ ਲਾਟਰੀ ਦੀ ਟਿਕਟ ਦਾ ਨੰਬਰ ਦੱਸਿਆ। ਟਿਕਟ ਦਾ ਨੰਬਰ ਮਿਲਣ 'ਤੇ ਮਦਨ ਲਾਲ ਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ 10 ਲੱਖ ਰੁਪਏ ਦੀ ਨਹੀਂ ਸਗੋਂ 10 ਕਰੋੜ ਰੁਪਏ ਦੀ ਲਾਟਰੀ ਨਿਕਲੀ ਹੈ।

ਉੱਧਰ, ਪਿੰਡ ਵਿਚ ਪ੍ਰਿਥਵੀ ਸਿੰਘ ਦੇ ਘਰ ਆਏ ਮਦਨ ਲਾਲ ਨੇ ਦੱਸਿਆ ਕਿ ਉਨ੍ਹਾਂ ਦੀਲਾਟਰੀ ਦੀ ਦੁਕਾਨ ਤੋਂ ਕਈਆਂ ਨੂੰ ਲਾਟਰੀ ਨਿਕਲੀ ਹੈ। ਲਾਟਰੀ ਦਾ ਸਭ ਤੋਂ ਵੱਡਾ ਇਨਾਮ 10 ਕਰੋੜ ਰੁਪਏ ਅੱਜ ਨਿਕਲਿਆ ਹੈ। ਪ੍ਰਿਥਵੀ ਸਿੰਘ ਨੇ ਆਪਣੀ ਲਾਟਰੀ ਦੀ ਟਿਕਟ ਤੇ ਦਸਤਾਵੇਜ਼ ਚੰਡੀਗੜ੍ਹ ਜਾ ਕੇ ਜਮ੍ਹਾਂ ਕਰਵਾਉਣੇ ਹਨ ਅਤੇ ਲਾਟਰੀ ਦੇ ਪੈਸੇ ਉਸ ਦੇ ਖਾਤੇ ਵਿਚ ਹੀ ਆਉਣਗੇ। ਦੂਜੇ ਪਾਸੇ, ਪ੍ਰਿਥਵੀ ਸਿੰਘ ਨੇ ਕਿਹਾ ਕਿ ਲਾਟਰੀ ਨਿਕਲਣ 'ਤੇ ਉਹ ਬੇਹੱਦ ਖ਼ੁਸ਼ ਹੈ। ਹੁਣ ਉਸ ਦਾ ਪਰਿਵਾਰ ਕਰੋੜਪਤੀ ਬਣ ਗਿਆ ਹੈ। ਲਾਟਰੀ ਦੇ ਪੈਸੇ ਉਹ ਚੰਗੇ ਕੰਮਾਂ ਵਿਚ ਲਗਾਏਗਾ।

# ਪੰਜਾਬ ਕਾਂਗਰਸ 'ਚ ਇਕਜੁਟਤਾ ਦੀ ਕੋਸ਼ਿਸ਼ ਦੌਰਾਨ ਵੀ ਧੜੇਬੰਦੀ ਭਾਰੀ

**ਚੰਡੀਗੜ੍ਹ:** ਕਾਂਗਰਸ ਦੇ ਸੂਬਾ ਇੰਚਾਰਜ ਅਤੇ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਸ਼ਾਇਦ ਦਾਅਵਾ ਕਰ ਰਹੇ ਸਨ ਕਾਂਗਰਸ 2027 ਵਿੱਚ 2002 ਦੀ ਗਲਤੀ ਨਹੀਂ ਦੁਹਰਾਏਗੀ। ਕਾਰਸ ਇਕਜੁੱਟ ਹੋ ਕੇ ਚੋਣ ਲੜੇਗੀ ਨਾ ਕਿ ਕਿਸੇ ਮੁੱਖ ਮੰਤਰੀ ਦੇ ਚਿਹਰੇ ਨੂੰ ਅੱਗੇ ਕਰ ਕੇ ਸੂਬਾ ਵਿਚਾਰਜ ਦਾ ਇਹ ਦਾਅਵਾ ਕਾਂਗਰਸ ਦੇ ਇੱਕ ਵੱਡੇ ਵਰਗ ਨੂੰ ਪਸੰਦ ਨਹੀਂ ਆ ਰਿਹਾ। ਕਾਂਗਰਸ ਪਾਰਟੀ ਦੇ ਅੰਦਰ ਇਸ ਸਮੇਂ ਦਸਤਖ਼ਤ ਮੁਹਿੰਮ ਦੌਰਾਂ 'ਤੇ ਹੈ। ਕਾਂਗਰਸ ਦੇ 32 ਜੱਟ ਆਗੂਆਂ ਨੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਰਾਸ਼ਟਰੀ ਸੰਗਠਨ ਦੇ ਜਨਰਲ ਸਕੱਤਰ ਨੂੰ ਪੱਤਰ ਲਿਖ ਕੇ ਮਿਲਣ ਲਈ ਸਮਾਂ ਮੰਗਿਆ ਹੈ। ਇਸ ਦੌਰਾਨ ਕਾਂਗਰਸ ਦਾ ਇੱਕ ਵਰਗ ਗੈਰ-ਜੱਟ ਆਗੂਆਂ ਤੋਂ ਵੀ ਦਸਤਖ਼ਤ ਕਰਵਾ ਰਿਹਾ ਹੈ।



ਸਰਕਾਰੀ ਅਨੁਸਾਰ ਇਹ ਸਾਰੀ ਲਾਬਿੰਗ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਨੂੰ ਯਕੀਨੀ ਬਣਾਉਣ ਲਈ ਕੀਤੀ ਜਾ ਰਹੀ ਹੈ। ਰਿਪੋਰਟਾਂ ਅਨੁਸਾਰ 32 ਜੱਟ ਆਗੂਆਂ ਦਾ ਪੱਤਰ ਉਪਰੋਕਤ ਤਿੰਨਾਂ ਆਗੂਆਂ ਦੇ ਦਫ਼ਤਰਾਂ ਨੂੰ ਭੇਜਿਆ ਜਾ ਚੁੱਕਾ ਹੈ। 42 ਤੋਂ ਵੱਧ ਗੈਰ-ਜੱਟ ਆਗੂਆਂ ਨੇ ਹਾਈ ਕਮਾਨ ਤੋਂ ਸਮਾਂ ਮੰਗਦੇ ਹੋਏ ਪੱਤਰ 'ਤੇ ਦਸਤਖ਼ਤ ਕੀਤੇ ਹਨ। ਸੂਬਾ ਇੰਚਾਰਜ ਦੇ ਦਖ਼ਲ ਤੋਂ ਬਾਅਦ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਰੰਧਾਵਾ ਮੁੱਖ ਮੰਤਰੀ ਦੀ ਦੌੜ ਤੋਂ ਆਪਣੇ ਆਪ ਨੂੰ ਅਲੱਗ ਦੱਸ ਰਹੇ ਹੋਣ ਪਰ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੌੜ ਵਿਚ ਸ਼ਾਮਲ ਹਨ।ਜ਼ਿਕਰਯੋਗ ਹੈ ਕਿ 2022 ਵਿੱਚ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਪੇਸ਼ ਕਰਦੇ ਹੋਏ ਚੋਣਾਂ ਲੜੀਆਂ ਸਨ। ਚੰਨੀ ਨੇ ਦੋ ਵਿਧਾਨ ਸਭਾ ਸੀਟਾਂ ਤੋਂ ਚੋਣ ਲੜੀ ਅਤੇ ਦੋਵਾਂ ਤੋਂ ਹਾਰ ਗਏ ਸਨ। ਚੰਨੀ ਐੱਸਸੀ ਭਾਈਚਾਰੇ ਨਾਲ ਸਬੰਧਤ ਹਨ। ਇਸ ਲਈ ਕਾਂਗਰਸ ਪਾਰਟੀ ਨੇ ਦਲੀਲ ਦਿੱਤੀ ਕਿ ਜੱਟਾਂ ਨੇ ਪਾਰਟੀ ਨੂੰ ਵੋਟ ਨਹੀਂ ਦਿੱਤੀ ਜਦੋਂ ਕਿ ਦੋਆਬਾ ਖੇਤਰ ਦੇ ਐੱਸਸੀ ਵੋਟਰਾਂ ਨੇ ਕਾਂਗਰਸ ਵਿੱਚ ਵਿਸ਼ਵਾਸ ਪ੍ਰਗਟ ਕੀਤਾ, ਮਾਲਵਾ ਅਤੇ ਮਾਝਾ ਵਿੱਚ ਐਸਸੀ ਉਮੀਦਵਾਰ ਨੂੰ ਪੇਸ਼ ਕਰਨ ਨਾਲ ਕੋਈ ਮਹੱਤਵਪੂਰਨ ਲਾਭ ਨਹੀਂ ਹੋਇਆ।

ਇਹੀ ਕਾਰਨ ਹੈ ਕਿ ਬਘੇਲ ਨੇ ਕਿਹਾ ਕਿ ਕਾਂਗਰਸ 2022 ਦੀ ਗਲਤੀ ਨਹੀਂ ਦੁਹਰਾਏਗੀ ਅਤੇ ਸਿਰਫ਼ ਪਾਰਟੀ ਹਾਈ ਕਮਾਂਡ ਦੇ ਉਮੀਦਵਾਰ 'ਤੇ ਹੀ ਚੋਣਾਂ ਲੜੇਗੀ। ਇਸ ਦੌਰਾਨ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਵਿਰੋਧ ਧੜਾ ਚਾਹੁੰਦਾ ਹੈ ਕਿ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਚੰਨੀ ਨੂੰ ਆਪਣੇ ਚਿਹਰੇ ਵਜੋਂ ਲੈ ਕੇ ਲੜੇ।

# ਸੋਨਾਲੀ ਗਿਰੀ ਸਿੱਖਿਆ ਵਿਭਾਗ ਦੇ ਨਵੇਂ ਸਕੱਤਰ

**ਚੰਡੀਗੜ੍ਹ:** ਪੰਜਾਬ ਸਰਕਾਰ 2009 ਬੈਚ ਦੀ ਆਈ.ਏ.ਐੱਸ. ਅਧਿਕਾਰੀ ਸੋਨਾਲੀ ਗਿਰੀ ਨੂੰ ਪੁਰਾਣੇ ਵਿਭਾਗਾਂ ਦੇ ਨਾਲ- ਨਾਲ ਸਕੂਲ ਸਿੱਖਿਆ ਵਿਭਾਗ, ਉਚੇਰੀ ਸਿੱਖਿਆ ਵਿਭਾਗ ਤੇ ਭਾਸ਼ਾ ਵਿਭਾਗ ਦਾ ਪ੍ਰਬੰਧਕੀ ਸਕੱਤਰ ਦਾ ਵਾਧੂ ਚਾਰਜ ਦਿੱਤਾ ਹੈ। ਸੋਨਾਲੀ ਕੋਲ ਮੈਨੇਜਿੰਗ ਡਾਇਰੈਕਟਰ ਪਨਸਪ, ਵਾਧੂ ਚਾਰਜ ਸਕੱਤਰ ਸ਼ਹਿਰੀ ਹਵਾਬਾਜ਼ੀ ਵਿਭਾਗ, ਮਾਲ ਤੇ ਪੁਨਰਵਾਸ ਵਿਭਾਗ ਦਾ ਚਾਰਜ ਹੈ। ਇਸੇ ਤਰ੍ਹਾਂ ਗਿਰੀਸ਼ ਦਿਆਲਨ ਨੂੰ ਡਾਇਰੈਕਟਰ ਬੁਨਿਆਦੀ ਢਾਂਚਾ ਵਿਕਾਸ ਬੋਰਡ ਦਾ ਵਾਧੂ ਚਾਰਜ ਦਿੱਤਾ ਗਿਆ ਹੈ।





# ਮਾਨਸਿਕ ਸਿਹਤ ਪਰਖਣਗੇ ਉੱਚ ਵਿੱਦਿਅਕ ਅਦਾਰੇ

**ਨਵੀਂ ਦਿੱਲੀ:** ਉੱਚ ਵਿੱਦਿਅਕ ਅਦਾਰੇ ਹੁਣ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਵੀ ਪਰਖਣਗੇ। ਜੇਕਰ ਕਿਸੇ ਵਿਦਿਆਰਥੀ ਦੀ ਮਾਨਸਿਕ ਸਥਿਤੀ ਠੀਕ ਦਿਖਾਈ ਨਹੀਂ ਦਿੱਤੀ ਤਾਂ ਉਸ ਨੂੰ ਤੁਰੰਤ ਅਦਾਰੇ ਵਿਚ ਬਣੇ ਮਾਨਸਿਕ ਸਿਹਤ ਤੇ ਭਲਾਈ ਕੇਂਦਰ ਵਿਚ ਭੇਜਿਆ ਜਾਵੇਗਾ ਜਿੱਥੇ ਪੇਸ਼ੇਵਰ ਮਾਨਸਿਕ ਸਿਹਤ ਮਾਹਰ ਉਸ ਦੀ ਜਾਂਚ ਕਰਨਗੇ। ਲੋੜ ਪੈਣ 'ਤੇ ਉਸ ਨੂੰ ਲੁੜੀਂਦਾ ਇਲਾਜ ਵੀ ਮੁਹੱਈਆ ਕਰਵਾਇਆ ਜਾਵੇਗਾ। ਇਸ ਲਈ ਦੇਸ਼ ਦੇ ਸਾਰੇ ਉੱਚ ਵਿੱਦਿਅਕ ਅਦਾਰਿਆਂ ਨੂੰ ਆਪਣੇ ਕੰਪਲੈਕਸ 'ਚ ਇਕ ਮਾਨਸਿਕ ਸਿਹਤ ਤੇ ਭਲਾਈ ਕੇਂਦਰ ਬਣਾਉਣ ਲਈ ਕਿਹਾ ਗਿਆ ਹੈ।

ਉੱਚ ਵਿੱਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਦੇ ਵਧਦੇ ਮਾਮਲਿਆਂ ਅਤੇ ਤੇਜ਼ੀ ਨਾਲ ਸਾਹਮਣੇ ਆ ਰਹੇ ਮਾਨਸਿਕ ਸਿਹਤ ਨਾਲ ਜੁੜੇ ਮੁੱਦਿਆਂ ਨੂੰ ਦੇਖਦੇ ਹੋਏ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਇਸ ਨਾਲ ਨਜਿੱਠਣ ਲਈ ਇਕ ਏਕੀਕ੍ਰਿਤ ਨੀਤੀ ਤਿਆਰ ਕੀਤੀ ਹੈ। ਇਸ ਨੂੰ ਪਿਛਲੇ ਦਿਨੀਂ ਯੂਜੀਸੀ ਬੋਰਡ ਨੇ ਵੀ ਮਨਜ਼ੂਰੀ ਦੇ ਦਿੱਤੀ ਹੈ। ਇਸ ਨੀਤੀ ਤਹਿਤ ਹਰੇਕ ਉੱਚ ਵਿੱਦਿਅਕ ਅਦਾਰੇ ਨੂੰ ਆਪਣੇ ਬੁਨਿਆਦੀ ਢਾਂਚੇ ਵਿਚ ਮਾਨਸਿਕ ਸਿਹਤ ਤੇ ਭਲਾਈ ਕੇਂਦਰ ਵੀ ਬਣਾਉਣ ਲਈ ਕਿਹਾ ਗਿਆ ਹੈ। ਨਾਲ ਹੀ ਇਨ੍ਹਾਂ ਵਿਚ ਪੇਸ਼ੇਵਰ ਮਾਨਸਿਕ ਸਿਹਤ ਮਾਹਰ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ ਗਏ। ਹਨ। ਇਸ ਦੇ ਨਾਲ ਹੀ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਨਜ਼ਰ ਰੱਖਣ ਲਈ ਹਰ 500 ਵਿਦਿਆਰਥੀਆਂ 'ਤੇ ਇਕ ਸੀਨੀਅਰ ਅਧਿਆਪਕ ਨੂੰ ਬਤੌਰ ਮੈਂਟਰ ਦੀ ਤਾਇਨਾਤੀ ਕਰਨ ਲਈ ਕਿਹਾ ਗਿਆ ਹੈ।




### ਹੈਲਪਲਾਈਨ ਨੰਬਰ ਵੀ ਹੋਵੇਗਾ ਸਥਾਪਤ

ਯੂਜੀਸੀ ਨੇ ਹਰੇਕ ਉੱਚ ਵਿੱਦਿਅਕ ਅਦਾਰੇ ਨੂੰ ਵਿਦਿਆਰਥੀਆਂ ਦੀ ਮਦਦ ਲਈ ਇਕ ਹੈਲਪਲਾਈਨ ਨੰਬਰ ਸਥਾਪਤ ਕਰਨ ਲਈ ਵੀ ਕਿਹਾ ਹੈ ਜਿੱਥੇ ਵਿਦਿਆਰਥੀਆਂ ਨੂੰ 24 ਘੰਟੇ ਕਦੇ ਵੀ ਮਦਦ ਮਿਲ ਸਕੇ। ਇਸ ਨੀਤੀ ਵਿਚ ਯੂਜੀਸੀ ਨੇ ਖ਼ੁਦਕੁਸ਼ੀ ਦੇ ਮਾਮਲਿਆਂ ਨੂੰ ਰੋਕਣ ਲਈ ਹਰ ਅਦਾਰੇ ਨੂੰ ਇਕ ਕਾਰਜ ਯੋਜਨਾ ਬਣਾਉਣ ਲਈ ਵੀ ਕਿਹਾ ਹੈ ਜਿਸ ਵਿਚ ਡਿਪਰੈਸ਼ਨ ਦੇ ਲੱਛਣ ਦਿਖਾਈ ਦੇਣ 'ਤੇ ਜਾਂ ਇਸ ਨਾਲ ਪ੍ਰਭਾਵਿਤ ਹੋਣ ਦੀ ਜਾਣਕਾਰੀ ਮਿਲਣ 'ਤੇ ਤੁਰੰਤ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕੀਤਾ ਜਾ ਸਕੇ। ਇਸ ਲਈ ਅਦਾਰੇ ਦੇ ਮੁਲਾਜ਼ਮਾਂ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਦੇ ਵੀ ਸੁਝਾਅ ਦਿੱਤੇ ਗਏ ਹਨ ਤਾਂ ਜੋ ਖ਼ਤਰੇ ਨੂੰ ਸਮਝਦਿਆਂ ਤੁਰੰਤ ਜ਼ਰੂਰੀ ਕਦਮ ਚੁੱਕੇ ਜਾ ਸਕਣ। ਯੂਜੀਸੀ ਨੇ ਸਾਰੇ ਉੱਚ ਵਿੱਦਿਅਕ ਅਦਾਰਿਆਂ ਨਾਲ ਨੀਤੀ ਸਾਂਝੀ ਕਰਦਿਆਂ ਤੁਰੰਤ ਇਸ ਦੇ ਅਮਲ ਅਤੇ ਉਸ ਨਾਲ ਜੁੜੇ ਸੁਝਾਅ ਦੇਣ ਲਈ ਕਿਹਾ ਹੈ।

# ਹੈਲਥ ਕਾਰਡ ਲਈ ਪੈਸੇ ਲੈਣ ਵਾਲੇ ਦੋ ਮੁਅੱਤਲ: ਡਾ. ਬਲਬੀਰ ਸਿੰਘ

**ਚੰਡੀਗੜ੍ਹ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸੂਬੇ ਦੇ ਲੋਕਾਂ ਨੂੰ 22 ਜਨਵਰੀ ਤੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦੀ ਸਹੂਲਤ ਮਿਲਣੀ ਸ਼ੁਰੂ ਹੋ ਜਾਵੇਗੀ। ਹੈਲਥ ਕਾਰਡ ਬਣਾਉਣ ਤੋਂ ਲੈ ਕੇ ਇਲਾਜ ਤੱਕ ਪੂਰਾ ਖ਼ਰਚ ਸਰਕਾਰ ਚੁੱਕੇਗੀ ਤੇ ਕਿਸੇ ਵੀ ਵਿਅਕਤੀ ਜਾਂ ਏਜੰਸੀ ਨੂੰ ਕਿਸੇ ਵੀ ਪੜਾਅ 'ਤੇ ਇਕ ਰੁਪਿਆ ਵੀ ਵਸੂਲਣ ਦੀ ਇਜਾਜ਼ਤ ਨਹੀਂ ਹੋਵੇਗੀ। ਮੁਕਸਤਰ ਤੇ ਮਾਨਸਾ ਤੋਂ ਸ਼ਿਕਾਇਤਾਂ ਮਿਲੀਆਂ ਸਨ, ਉੱਥੇ ਦੋ ਲੋਕ ਹੈਲਥ ਕਾਰਡ ਬਣਾਉਣ ਲਈ ਲੋਕਾਂ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ 50 ਰੁਪਏ ਚਾਰਜ ਕਰ ਰਹੇ ਹਨ। ਦੋਵਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ, ਉਨ੍ਹਾਂ ਦੇ ਲਾਇਸੈਂਸ ਕੈਂਸਲ ਕਰ ਦਿੱਤੇ ਗਏ ਹਨ ਤੇ ਉਨ੍ਹਾਂ ਖ਼ਿਲਾਫ਼ ਐੱਫਆਈਆਰ ਦਰਜ ਕਰ ਲਈ ਗਈ ਹੈ। ਡਾ. ਬਲਬੀਰ ਨੇ ਚਿਤਾਵਨੀ ਦਿੱਤੀ ਕਿ ਸਰਕਾਰ ਮਦਦ ਦੇ ਨਾਂ 'ਤੇ ਲੋਕਾਂ ਦਾ ਕਿਸੇ ਵੀ ਤਰ੍ਹਾਂ ਦਾ ਆਰਥਿਕ ਸ਼ੋਸ਼ਨ ਬਰਦਾਸ਼ ਨਹੀਂ ਕਰੇਗੀ। ਲੋਕਾਂ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕਰਨ ਵਾਲੇ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ।



ਮੁਕਸਤਰ ਦੇ ਪਿੰਡ ਭੁੱਲਰ ਵਾਲਾ ਵਾਸੀ ਸੀਐੱਸੀ ਸੈਂਟਰ ਆਪ੍ਰੇਟਰ ਹਰਪ੍ਰੀਤ ਸਿੰਘ ਲਾਇਸੈਂਸ ਮਿਲਣ ਤੋਂ ਬਾਅਦ ਕਾਰਡ ਬਣਾ ਰਿਹਾ ਸੀ। ਉਸ ਖ਼ਿਲਾਫ਼ ਕਾਰਡ ਬਣਾਉਣ ਲਈ ਪੈਸੇ ਮੰਗਣ ਦੀ ਸ਼ਿਕਾਇਤ ਸਿਹਤ ਮੰਤਰੀ ਕੋਲ ਪੁੱਜੀ ਸੀ। ਇਸੇ ਤਰ੍ਹਾਂ ਦੇ ਦੋਸ਼ ਹੀ ਮਾਨਸਾ ਤੋਂ ਕੁਲਦੀਪ ਸਿੰਘ 'ਤੇ ਲੱਗੇ ਸਨ। ਦੋਵਾਂ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

# ਕੁੜੀਆਂ ਦਾ ਜਿਨਸੀ ਸ਼ੋਸ਼ਣ ਕਰਦੇ ਸੀ ਸਾਈਬਰ ਠੱਗ

**ਫਰੀਦਾਬਾਦ:** ਸਾਈਬਰ ਠੱਗੀ ਹੁਣ ਸਿਰਫ਼ ਪੈਸੇ ਹੜੱਪਣ ਤੱਕ ਸੀਮਤ ਨਹੀਂ ਰਹੀ ਬਲਕਿ ਕੁੜੀਆਂ ਦੇ ਜਿਨਸੀ ਸ਼ੋਸ਼ਣ ਤੱਕ ਜਾ ਪਹੁੰਚੀ ਹੈ। ਫਰੀਦਾਬਾਦ ਦੇ ਸਾਈਬਰ ਥਾਣਾ ਸੈਂਟਰਲ ਪੁਲਿਸ ਨੇ ਅਜਿਹੇ ਤਿੰਨ ਸਾਈਬਰ ਠੱਗ ਗ੍ਰਿਫ਼ਤਾਰ ਕੀਤੇ ਹਨ, ਜਿਹੜੇ ਪੈਸੇ ਦੇਣ ਵਿਚ ਅਸਮਰੱਥ ਕੁੜੀਆਂ ਨੂੰ ਝਾਂਸੇ ਨੂੰ ਲੈ ਕੇ ਉਨ੍ਹਾਂ ਦਾ ਜਿਨਸੀ ਸ਼ੋਸ਼ਣ ਕਰਦੇ ਸਨ। ਫੜੇ ਗਏ ਮੁਲਜ਼ਮਾਂ ਵਿਚ ਫਰੀਦਾਬਾਦ ਦਾ ਦਿਆਲਨਗਰ ਨਿਵਾਸੀ ਵਿਸ਼ਾਲ ਕੁਮਾਰ, ਯੂਪੀ ਦੇ ਜ਼ਿਲ੍ਹਾ ਸੁਲਤਾਨਪੁਰ ਦੇ ਪਿੰਡ ਡੇਹਰਿਆਮਾ ਦਾ ਰਹਿਣ ਵਾਲਾ ਯੋਗੇਸ਼ ਕੁਮਾਰ ਅਤੇ ਦਿੱਲੀ ਦੇ ਪਟੇਲ ਨਗਰ ਦਾ ਰਹਿਣ ਵਾਲਾ ਹਰਸ਼ ਕੁਮਾਰ ਹੈ। ਸਾਈਬਰ ਠੱਗੀ ਦੀ ਆੜ ਵਿਚ ਕੁੜੀਆਂ ਦੇ ਸ਼ੋਸ਼ਣ ਦਾ ਇਹ ਸੰਭਵ ਤੌਰ 'ਤੇ ਪਹਿਲਾ ਮਾਮਲਾ ਹੈ। ਇਹ ਤਿੰਨੋਂ ਨੌਕਰੀ ਦੀ ਤਲਾਸ਼ ਕਰ ਰਹੇ ਨੌਜਵਾਨ ਮੁੰਡੇ-ਕੁੜੀਆਂ ਦਾ ਡਾਟਾ ਲੈਂਦੇ ਸਨ। ਖ਼ੁਦ ਨੂੰ ਪਲੇਸਮੈਂਟ ਏਜੰਸੀ ਦਾ ਮੁਲਾਜ਼ਮ ਦੱਸ ਕੇ ਨੌਕਰੀ ਲਵਾਉਣ ਦਾ ਝਾਂਸਾ ਦਿੰਦੇ ਸਨ। ਕੁੜੀਆਂ ਨੂੰ ਫ਼ਰਜ਼ੀ ਕਾਲ ਲੈਟਰ ਤੇ ਹੋਰ ਕਾਗਜ਼ਾਤ ਭੇਜੇ ਜਾਂਦੇ ਸਨ। ਉਨ੍ਹਾਂ ਤੋਂ ਇੰਸ਼ੋਰੈਂਸ, ਟ੍ਰੇਨਿੰਗ, ਡਰੈੱਸ ਆਦਿ ਦੇ ਨਾਂ 'ਤੇ ਪੈਸੇ ਹੜੱਪਦੇ ਸਨ। ਜਿਹੜੀਆਂ ਕੁੜੀਆਂ ਪੈਸੇ ਦੇਣ ਵਿਚ ਅਸਮਰੱਥ ਰਹਿੰਦੀਆਂ ਸਨ, ਉਨ੍ਹਾਂ ਨੂੰ ਇੰਟਰਵਿਊ ਦੇ ਬਹਾਨੇ ਹੋਟਲ ਵਿਚ ਮਿਲਣ ਲਈ ਬਲਾਉਂਦੇ ਸਨ। ਉਨਾਂ ਦੀ ਮਜਬਰੀ ਦਾ ਫ਼ਾਇਦਾ ਚੁੱਕ ਕੇ ਸਰੀਰਕ ਸਬੰਧ ਬਣਾਉਂਦੇ ਸਨ।




### 10 ਵਾਰਦਾਤਾਂ ਤੋਂ ਬਾਅਦ ਬਦਲ ਲੈਂਦੇ ਸੀ ਟਿਕਾਣਾ

ਮੁਲਜ਼ਮ ਲੰਬੇ ਸਮੇਂ ਤੱਕ ਇਕ ਜਗ੍ਹਾ ਨਹੀਂ ਟਿਕਦੇ ਸਨ। ਹੁਣ ਤੱਕ ਇਹ ਗੁਰੂਗ੍ਰਾਮ, ਪੁਣੇ, ਮੁੰਬਈ, ਅੰਧੇਰੀ, ਬੈਂਗਲੁਰੂ ਅਤੇ ਅਹਿਮਦਾਬਾਦ ਸਣੇ ਪ੍ਰਮੁੱਖ ਨਗਰਾਂ ਤੇ ਕਈ ਸ਼ਹਿਰਾਂ ਵਿਚ ਰਹਿ ਕੇ ਨੌਜਵਾਨਾਂ ਨਾਲ ਠੱਗੀ ਕਰ ਚੁੱਕੇ ਹਨ। ਇਨ੍ਹਾਂ ਦਾ ਟਾਰਗੈਂਟ ਇਕ ਵਿਅਕਤੀ ਤੋਂ 50 ਹਜ਼ਾਰ ਰੁਪਏ ਤੱਕ ਦੀ ਠੱਗੀ ਕਰਨ ਦਾ ਹੁੰਦਾ ਸੀ। ਇਸ ਪਿੱਛੇ ਮੁਲਜ਼ਮਾਂ ਦੀ ਸੋਚ ਹੁੰਦੀ ਸੀ ਕਿ 50 ਹਜ਼ਾਰ ਰੁਪਏ ਤੱਕ ਦੀ ਠੱਗੀ ਨੂੰ ਪੁਲਿਸ ਗੰਭੀਰਤਾ ਨਾਲ ਨਹੀਂ ਲੈਂਦੀ। ਇਸ ਲਈ ਇਕ ਸ਼ਹਿਰ ਵਿਚ ਠੱਗੀ ਦੀਆਂ 10 ਵਾਰਦਾਤਾਂ ਕਰਨ ਤੋਂ ਬਾਅਦ ਦੂਜੇ ਸ਼ਹਿਰ ਦਾ ਰੁਖ਼ ਕਰ ਲੈਂਦੇ ਸਨ। ਮੁਲਜ਼ਮ ਪਿਛਲੇ ਚਾਰ ਸਾਲ ਤੋਂ ਠੱਗੀ ਕਰ ਰਹੇ ਸਨ ਅਤੇ ਪਹਿਲੀ ਵਾਰ ਫੜੇ ਗਏ ਹਨ। ਫਰੀਦਾਬਾਦ ਦੀ ਇਕ ਕੁੜੀ ਨੇ ਡੇਢ ਮਹੀਨਾ ਪਹਿਲਾਂ ਸਾਈਬਰ ਥਾਣਾ ਸੈਂਟਰਲ ਵਿਚ ਨੌਕਰੀ ਦੇ ਨਾਂ 'ਤੇ 70 ਹਜ਼ਾਰ ਰੁਪਏ ਠੱਗੇ ਜਾਣ ਦੀ ਸ਼ਿਕਾਇਤ ਕੀਤੀ ਸੀ।

# ਪਰਵਾਸ ਕਾਰਨ ਖ਼ਾਲੀ ਹੁੰਦੇ ਜਾ ਰਹੇ ਪੰਜਾਬ ਦੇ ਪਿੰਡ

**ਬਠਿੰਡਾ:** ਅੱਜ ਬੇਰੁਜ਼ਗਾਰੀ ਅਤੇ ਪਰਵਾਸ ਦੇ ਇਕ ਗੰਭੀਰ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਪੜ੍ਹੇ-ਲਿਖੇ ਨੌਜਵਾਨਾਂ ਕੋਲ ਆਪਣੀ ਧਰਤੀ 'ਤੇ ਰੁਜ਼ਗਾਰ ਦੇ ਮੌਕੇ ਨਾ ਹੋਣ ਕਾਰਨ ਉਹ ਡੂੰਘੀ ਨਿਰਾਸ਼ਾ ਵਿਚ ਹਨ ਜਿਸ ਕਾਰਨ ਪਿੰਡਾਂ ਵਿੱਚ ਵਿਦੇਸ਼ਾਂ ਵੱਲ ਪਲਾਇਨ ਲਗਾਤਾਰ ਜਾਰੀ ਹੈ। ਦੁੱਖ ਵਾਲੀ ਗੱਲ ਤਾਂ ਇਹ ਹੈ ਕਿ ਜੋ ਬੱਚੇ ਅਜੇ ਇੱਥੇ ਰਹਿ ਰਹੇ ਹਨ, ਉਹ ਬਹੁਤ ਹੀ ਘੱਟ ਤਨਖ਼ਾਹਾਂ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਆਪਣੇ ਘਰ ਦੇ ਨੇੜੇ ਕੋਈ ਯੋਗ ਕੰਮ ਨਾ ਮਿਲਣ ਕਾਰਨ ਇਨ੍ਹਾਂ ਨੌਜਵਾਨਾਂ ਨੂੰ ਮਾਮੂਲੀ ਪੈਸਿਆਂ ਬਦਲੇ ਆਪਣੇ ਘਰ-ਪਰਿਵਾਰ ਤੋਂ ਦੂਰ-ਦੁਰਾਡੇ ਦੇ ਸ਼ਹਿਰਾਂ ਵਿਚ ਜਾ ਕੇ ਨੌਕਰੀਆਂ ਕਰਨੀਆਂ ਪੈਂਦੀਆਂ ਹਨ ਜਿੱਥੇ ਰਹਿਣ-ਖਾਣ ਦਾ ਖ਼ਰਚਾ ਕੱਢ ਕੇ ਉਨ੍ਹਾਂ ਦੇ ਹੱਥ ਨਾਮਾਤਰ ਬੱਚਤ ਹੀ ਆਉਂਦੀ ਹੈ। ਪੰਜਾਬ ਦੇ ਮੁੱਖ ਧੰਦੇ ਖੇਤੀਬਾੜੀ ਵਿਚ ਵੀ ਅੱਜ ਨੌਜਵਾਨਾਂ ਦੀ ਦਿਲਚਸਪੀ ਘਟ ਰਹੀ ਹੈ। ਜੇਕਰ ਖੇਤੀ ਨੂੰ ਆਧੁਨਿਕ ਤਕਨੀਕਾਂ ਨਾਲ ਜੋੜ ਕੇ ਲਾਹੇਵੰਦ ਬਣਾਇਆ ਜਾਵੇ ਅਤੇ ਨੌਜਵਾਨ ਹੱਥੀਂ ਕੰਮ ਕਰਨ ਨੂੰ ਆਪਣਾ ਮਾਣ ਸਮਝਣ, ਤਾਂ ਖੇਤੀ ਅਤੇ ਸਹਾਇਕ ਧੰਦਿਆਂ ਰਾਹੀਂ ਪਿੰਡਾਂ ਵਿਚ ਹੀ ਰੁਜ਼ਗਾਰ ਦੇ ਵੱਡੇ ਮੌਕੇ ਪੈਦਾ ਕੀਤੇ ਜਾ ਸਕਦੇ ਹਨ। ਜੇ ਮੈਂ ਆਪਣੇ ਪਿੰਡ ਭੁੱਚੋ ਖ਼ੁਰਦ ਦੀ ਗੱਲ ਕਰਾਂ ਤਾਂ ਉੱਥੇ ਵੀ ਹਾਲਾਤ ਚਿੰਤਾਜਨਕ ਹਨ। ਵੱਡੀ ਗਿਣਤੀ ਵਿਚ ਬੱਚੇ ਵਿਦੇਸ਼ ਜਾ ਚੁੱਕੇ ਹਨ ਤੇ ਬਾਕੀ ਦੇਖੋ-ਦੇਖੀ ਬਾਹਰ ਜਾਣ ਦੀ ਤਿਆਰੀ ਕਰ ਰਹੇ ਹਨ ਜਿਸ ਨਾਲ ਹਰ ਤੀਜੇ ਘਰ ਦਾ ਚਿਰਾਗ਼ ਅੱਜ ਪਰਦੇਸਾਂ ਵਿਚ ਮਿਹਨਤ ਕਰ ਰਿਹਾ ਹੈ। ਇਹ ਨੌਜਵਾਨ ਉੱਥੇ ਹੱਡ- ਭੰਨਵੀਂ ਮਿਹਨਤ ਕਰ ਕੇ ਆਪਣਾ ਗੁਜ਼ਾਰਾ ਚਲਾ ਰਹੇ ਹਨ। ਉਹ ਹੁਣ ਸ਼ਾਇਦ ਹੀ ਪਰਤਣ ਕਿਉਂਕਿ ਉਨ੍ਹਾਂ ਨੂੰ ਉੱਥੇ ਬਿਹਤਰ ਸਹੂਲਤਾਂ ਅਤੇ ਇਕ ਅਜਿਹਾ ਮਜ਼ਬੂਤ ਸਿਸਟਮ ਮਿਲ ਗਿਆ ਹੈ ਜਿਸ ਦੀ ਸਾਡੇ ਸੂਬੇ ਅਤੇ ਦੇਸ਼ ਵਿਚ ਭਾਰੀ ਘਾਟ ਹੈ।



ਵਿਦੇਸ਼ਾਂ ਵਿਚ ਵਸਦੇ ਲੋਕਾਂ ਨੂੰ ਵੀ ਬੇਨਤੀ ਕਰਨੀ ਬਣਦੀ ਹੈ ਕਿ ਉਹ ਉੱਥੇ ਕੀਤੇ ਜਾਣ ਵਾਲੇ ਔਖੇ ਕੰਮਾਂ ਅਤੇ ਮਿਲਦੇ ਮਿਹਨਤਾਨੇ ਦੀ ਅਸਲ ਤਸਵੀਰ ਪੇਸ਼ ਕਰਨ। ਅਕਸਰ ਸੋਸ਼ਲ ਮੀਡੀਆ ਰਾਹੀਂ ਸਿਰਫ਼ ਬਾਹਰਲੀ ਚਮਕ-ਦਮਕ ਹੀ ਦਿਖਾਈ ਜਾਂਦੀ ਹੈ ਜਿਸ ਤੋਂ ਪ੍ਰਭਾਵਿਤ ਹੋ ਕੇ ਆਉਣ ਵਾਲੀਆਂ ਪੀੜ੍ਹੀਆਂ ਬਿਨਾਂ ਸੋਚੇ-ਸਮਝੇ ਉਸੇ ਪਾਸੇ ਦੌੜ ਰਹੀਆਂ ਹਨ। ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਉੱਥੋਂ ਦੇ ਸਖ਼ਤ ਸੰਘਰਸ਼ ਬਾਰੇ ਵੀ ਸੱਚਾਈ ਪਤਾ ਹੋਵੇ ਤਾਂ ਜੋ ਉਹ ਸਹੀ ਫ਼ੈਸਲਾ ਲੈ ਸਕਣ। ਨੌਜਵਾਨਾਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਇੱਥੇ ਹੀ ਰੁਜ਼ਗਾਰ ਦੇ ਸਾਧਨ ਉਪਲਬਧ ਕਰਵਾਏ ਜਾਣ ਦੀ ਲੋੜ ਹੈ। ਜੇਕਰ ਪੰਜਾਬ ਵਿਚ ਵੱਡੀਆਂ ਸਨਅਤਾਂ ਦੀ ਆਮਦ ਹੋਵੇ ਤਾਂ ਪਰਵਾਸ ਨੂੰ ਰੋਕਿਆ ਜਾ ਸਕਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਉਦਯੋਗਾਂ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਮਿਹਨਤਾਨੇ ਸਬੰਧੀ ਸਖ਼ਤ ਕਾਨੂੰਨ ਵੀ ਬਣਾਵੇ ਤਾਂ ਜੋ ਕਿਸੇ ਵੀ ਬੱਚੇ ਦਾ ਆਰਥਿਕ ਸ਼ੋਸ਼ਣ ਨਾ ਹੋਵੇ ਅਤੇ ਵੇ ਅਤੇ ਉਸ ਨੂੰ ਮਿਹਨਤ ਦਾ ਪੂਰਾ ਮੁੱਲ ਮਿਲੇ।

# ਪੰਜ ਕਰੋੜ ਦੀ ਡਰੱਗਜ਼ ਸਣੇ ਦੋ ਨਾਇਜੀਰੀਅਨ ਕਾਬੂ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਨੇ ਇਕ ਕੌਮਾਂਤਰੀ ਡਰੱਗਜ਼ ਸਿੰਡੀਕੇਟ ਦਾ ਭਾਂਡਾ ਭੰਨਦਿਆਂ ਨਾਈਜੀਰੀਆ ਦੇ ਦੋ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਕੋਲੋਂ 418 ਗ੍ਰਾਮ ਕੋਕੀਨ ਤੇ 925 ਟੈਬਲੇਟ ਐਮਡੀਐੱਮਏ ਡਰੱਗਜ਼ ਬਰਾਮਦ ਕੀਤੀ ਗਈ ਜਿਸ ਦੀ ਕੀਮਤ ਪੰਜ ਕਰੋੜ ਰੁਪਏ ਦੱਸੀ ਜਾ ਰਹੀ ਹੈ। ਡਰੱਗਜ਼ ਦੀ ਸਪਲਾਈ ਐੱਨ.ਸੀ.ਆਰ. 'ਚ ਕੀਤੀ ਜਾਣੀ ਸੀ। ਦੋਵੇਂ ਤਸਕਰ ਕਾਫੀ ਸਮੇਂ ਤੋਂ ਦਿੱਲੀ ਵਿਚ ਰਹਿ ਕੇ ਡਰੱਗਜ਼ ਵੇਚ ਰਹੇ ਸਨ। ਤਸਕਰਾਂ ਦੇ ਨਾਂ ਫ੍ਰੈਂਕ ਵਿਟਸ ਉਮੇ ਤੇ ਸੰਡੇ ਓਟੂ ਹਨ।



# ਪਠਾਣਮਾਜਰਾ ਨੂੰ ਹਾਈ ਕੋਰਟ ਤੋਂ ਰਾਹਤ ਨਹੀਂ, ਸੁਣਵਾਈ 28 ਨੂੰ

**ਚੰਡੀਗੜ੍ਹ:** ਪਟਿਆਲਾ ਜ਼ਿਲ੍ਹੇ ਦੇ ਸਨੌਰ ਵਿਧਾਨ ਸਭਾ ਖੇਤਰ ਤੋਂ ਸਾਬਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਆਪਣੇ ਖ਼ਿਲਾਫ਼ ਦਰਜ ਧੋਖਾਧੜੀ ਤੇ ਜਬਰ ਜਨਾਹ ਦੇ ਮਾਮਲੇ 'ਚ ਜਾਰੀ ਗ੍ਰਿਫ਼ਤਾਰੀ ਵਾਰੰਟ ਤੇ ਭਗੌੜਾ ਦੀ ਕਾਰਵਾਈ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ।



ਹਾਈ ਕੋਰਟ ਦੇ ਜਸਟਿਸ ਤ੍ਰਿਭੁਵਨ ਦਹੀਆ ਨੇ ਸੁਣਵਾਈ ਕਰਦੇ ਹੋਏ ਕਿਸੇ ਵੀ ਤਰ੍ਹਾਂ ਦੀ ਰਾਹਤ ਨਾ ਦਿੰਦੇ ਹੋਏ ਮਾਮਲੇ ਦੀ ਸੁਣਵਾਈ 28 ਜਨਵਰੀ ਤੱਕ ਮੁਲਤਵੀ ਕਰ ਦਿੱਤੀ। ਪਠਾਣਮਾਜਰਾ ਨੇ ਪਟੀਸ਼ਨ 'ਚ ਨਾ ਸਿਰਫ਼ ਇਨ੍ਹਾਂ ਹੁਕਮਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ, ਬਲਕਿ ਮਾਮਲੇ ਦੇ ਪੈਂਡਿੰਗ ਰਹਿਣ ਤੱਕ ਕਿਸੇ ਵੀ ਤਰ੍ਹਾਂ ਦੀ ਸਜ਼ਾਯੋਗ ਕਾਰਵਾਈ 'ਤੇ ਰੋਕ ਲਾਉਣ ਦੀ ਵੀ ਬੇਨਤੀ ਕੀਤੀ ਸੀ। ਇਹ ਮਾਮਲਾ ਸ਼ਿਕਾਇਤਕਰਤਾ ਗੁਰਪ੍ਰੀਤ ਕੌਰ ਵੱਲੋਂ ਪਟਿਆਲਾ ਦੇ ਸਿਵਲ ਲਾਈਨਜ਼ ਥਾਣੇ 'ਚ ਦਰਜ ਕਰਵਾਈ ਗਈ ਐੱਫਆਈਆਰ ਨਾਲ ਜੁੜਿਆ ਹੈ। ਸਾਲ 2013-14 'ਚ ਫੇਸਬੁਕ ਰਾਹੀਂ ਸੰਪਰਕ ਤੋਂ ਬਾਅਦ ਪਠਾਣਮਾਜਰਾ ਨੇ ਆਪਣੇ ਆਪ ਨੂੰ ਤਲਾਕਸ਼ੁਦਾ ਦੱਸ ਕੇ ਵਿਆਹ ਦਾ ਝਾਂਸਾ ਦਿੱਤਾ। ਦੋਸ਼ ਹੈ ਕਿ ਇਸੇ ਵਿਸ਼ਵਾਸ ਦੇ ਆਧਾਰ 'ਤੇ ਦੋਵਾਂ ਵਿਚਾਲੇ ਸਰੀਰਕ ਸਬੰਧ ਬਣੇ ਤੇ ਬਾਅਦ 'ਚ 14 ਅਗਸਤ 2021 ਨੂੰ ਲੁਧਿਆਣਾ ਸਥਿਤ ਇਕ ਗੁਰਦੁਆਰੇ 'ਚ ਵਿਆਹ ਕੀਤਾ ਗਿਆ। ਸ਼ਿਕਾਇਤਕਰਤਾ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਪਠਾਣਮਾਜਰਾ ਦੇ ਪਹਿਲੇ ਵਿਆਹ ਦੀ ਜਾਣਕਾਰੀ ਤਦ ਲੱਗੀ, ਜਦ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਦਾਖ਼ਲ ਹਲਫ਼ਨਾਮੇ 'ਚ ਉਨ੍ਹਾਂ ਨੇ ਸਿਮਰਨਜੀਤ ਕੌਰ ਨੂੰ ਆਪਣੀ ਪਤਨੀ ਦੱਸਿਆ। ਪੁਲਿਸ ਦੀ ਅਰਜ਼ੀ 'ਤੇ ਪਟਿਆਲਾ ਦੀ ਅਦਾਲਤ ਨੇ 5 ਸਤੰਬਰ ਤੇ 11 ਸਤੰਬਰ 2025 ਨੂੰ ਪਠਾਣਮਾਜਰਾ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ।

# ਚਿਨਮਯ ਦਾਸ ਸਮੇਤ 39 ਖ਼ਿਲਾਫ਼ ਦੋਸ਼ ਤੈਅ

**ਢਾਕਾ:** ਬੰਗਲਾਦੇਸ਼ ਦੀ ਇਕ ਅਦਾਲਤ ਨੇ ਸੋਮਵਾਰ ਨੂੰ 39 ਲੋਕਾਂ ਖ਼ਿਲਾਫ਼ ਤੇ ਅ ਕੀਤੇ ਹਨ, ਜਿਨ੍ਹਾਂ 'ਚ ਇਸਕਾਨ ਮੰਦਰ ਦੇ ਸਾਬਕਾ ਪੁਜਾਰੀ ਤੇ ਬੰਗਲਾਦੇਸ਼ ਸੰਮਿਲਤੋ ਸਨਾਤਨੀ ਜਾਗਰਣ ਜੋਤ ਦੇ ਬੁਲਾਰੇ ਚਿਨਮਯ ਕ੍ਰਿਸ਼ਣ ਦਾਸ ਵੀ ਸ਼ਾਮਲ ਹਨ। ਇਹ ਦੋਸ਼ ਚਟਗਾਓਂ ਦੀ ਅਦਾਲਤ ਦੇ ਵਕੀਲ ਸੈਫੁਲ ਇਸਲਾਮ ਅਲਿਫ਼ ਦੀ ਕਥਿਤ ਹੱਤਿਆ ਨਾਲ ਸਬੰਧਤ ਹੈ, ਜੋ ਨਵੰਬਰ 2024 'ਚ ਅਦਾਲਤ ਕੰਪਲੈਕਸ ਦੇ ਬਾਹਰ ਹੋਈ ਸੀ। ਚਟਗਾਓ ਡਿਵੀਜ਼ਨਲ ਟ੍ਰਾਇਲ ਟ੍ਰਿਬਿਊਨਲ ਦੇ ਜੱਜ ਮੁਹੰਮਦ ਜਾਹਿਦੁਲ ਹੱਕ ਨੇ ਕਾਰਵਾਈ ਦੌਰਾਨ ਚਿਨਮਯ ਸਮੇਤ ਗ੍ਰਿਫ਼ਤਾਰ ਸਾਰੇ ਮੁਲਜ਼ਮਾਂ 'ਤੇ ਦੋਸ਼ ਤੈਅ ਕੀਤ। ਇਸ ਮਾਮਲੇ 'ਚ 39 ਮੁਲਜ਼ਮਾਂ 'ਚੋਂ 23 ਹਿਰਾਸਤ 'ਚ ਹਨ ਤੇ 16 ਫ਼ਰਾਰ ਹਨ।



**Reliable**

*Trucks & Trailer Repair Shop*

7401 Brookville Road Indianapolis, IN 46239

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
* Truck & Trailer Bushings
* Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**

**ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ**

**Indianapolis, IN**

Yard Address: 10318 Pendleton Pike, Indianapolis, IN 46236

**Semiyard**

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play

24/7 Access & Support

**PARK MONTHLY!**



# ਵਿਪਸਾ ਵੱਲੋਂ ਲੇਖਕ ਗੁਰਮੀਤ ਪਲਾਹੀ ਅਤੇ ਬਲਜੀਤ ਸਿੰਘ ਨਾਲ਼ ਰੂਬਰੂ









**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵੱਲੋਂ ਨਾਮਵਰ ਲੇਖਕ ਅਤੇ ਸਮਾਜ ਸੇਵੀ ਗੁਰਮੀਤ ਪਲਾਹੀ ਅਤੇ ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ 'ਸੰਦਲੀ ਪੈੜਾਂ' ਦੇ ਸੰਚਾਲਕ ਬਲਜੀਤ ਸਿੰਘ ਨਾਲ਼ ਕਰਵਾਏ ਗਏ ਰੂਬਰੂ ਨੂੰ ਹਾਜ਼ਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਸ ਪ੍ਰੋਗਰਾਮ ਦੇ ਸ਼ੁਰੂ ਵਿਚ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀਅ ਆਇਆਂ ਆਖਿਆ। ਪ੍ਰਧਾਨਗੀ ਮੰਡਲ ਵਿਚ ਗੁਰਮੀਤ ਪਲਾਹੀ, ਬਲਜੀਤ ਸਿੰਘ, ਕੁਲਵਿੰਦਰ, ਹਰਜਿੰਦਰ ਕੰਗ, ਅਮਰਜੀਤ ਕੌਰ ਪੰਨੂੰ ਅਤੇ ਸੁਰਿੰਦਰ ਸਿੰਘ ਧਨੋਆ ਸੁਸ਼ੋਭਿਤ ਹੋਏ।

ਹਰਜਿੰਦਰ ਕੰਗ ਨੇ ਗੁਰਮੀਤ ਪਲਾਹੀ ਦੀ ਜਾਣ-ਪਛਾਣ ਕਰਵਾਉਂਦਿਆਂ ਕਿਹਾ ਕਿ ਉਹ ਸੁਹਿਰਦ ਲੇਖਕ, ਪੱਤਰਕਾਰ ਅਤੇ ਕਾਲਮ ਨਵੀਸ ਹੋਣ ਦੇ ਨਾਲ਼-ਨਾਲ਼ ਸਮਾਜ ਸੇਵਕ ਵੀ ਹਨ। ਉਨ੍ਹਾਂ ਨੇ ਦਰਜਨ ਤੋਂ ਵੱਧ ਲੇਖ ਸੰਗ੍ਰਹਿ, ਕਹਾਣੀ ਸੰਗ੍ਰਹਿ ਅਤੇ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ ਹਨ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਗੁਰਮੀਤ ਪਲਾਹੀ ਨੇ ਪੰਜਾਬੀ ਸਾਹਿਤ ਨਾਲੋਂ ਵੱਧ ਅਮਲੀ ਖੇਤਰ ਵਿਚ ਕੰਮ ਕੀਤਾ ਹੈ। ਇਸ ਕਰਕੇ ਹੀ ਉਨ੍ਹਾਂ ਦੀ ਇਲਾਕੇ ਵਿਚ ਬਹੁਤ ਕਦਰ ਹੈ। ਆਸ਼ਾ ਸ਼ਰਮਾ ਨੇ ਕਿਹਾ ਕਿ ਪਲਾਹੀ ਜੀ ਸਿਰਜਕ ਨੇ ਤੇ ਮੇਰੇ ਵੱਡੇ ਭਾਗ ਨੇ ਕਿ ਉਹ ਮੇਰੇ ਨਜ਼ਦੀਕੀ ਰਿਸ਼ਤੇਦਾਰ ਬਣੇ। ਬਲਜੀਤ ਸਿੰਘ ਬਾਰੇ ਉਨ੍ਹਾਂ ਕਿਹਾ ਕਿ ਉਸ ਨੇ ਬਹੁਤ ਵਰ੍ਹੇ ਪਹਿਲਾਂ ਵਿਦਿਆਰਥੀ ਜੀਵਨ ਦੌਰਾਨ ਭਗਤ ਸਿੰਘ ਦੀ 'ਮੜ੍ਹੀ' ਕਵਿਤਾ ਬੋਲਣ ਲਈ ਦਿੱਤੀ ਸੀ ਅਤੇ ਉਹ ਕਵਿਤਾ ਹੀ ਉਸ ਦਾ ਸਿਰਨਾਵਾਂ ਬਣ ਗਈ। ਉਸ ਨੇ ਬਲਜੀਤ ਸਿੰਘ ਦੇ ਸ਼ੁੱਧ ਪੰਜਾਬੀ ਅਤੇ ਉਰਦੂ ਉਚਾਰਨ ਦੀ ਭਰਵੀਂ ਪ੍ਰਸ਼ੰਸਾ ਕੀਤੀ। ਇਸ ਉਪਰੰਤ ਗੁਰਮੀਤ ਪਲਾਹੀ ਨੇ ਸਭ ਦੇ ਰੂਬਰੂ ਹੁੰਦਿਆਂ ਪੰਜਾਬ ਦੀ ਸਿਆਸਤ ਅਤੇ ਪੰਜਾਬੀ ਸਾਹਿਤ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਸਮਾਜ ਸੇਵਾ ਉਨ੍ਹਾਂ ਦੇ ਪੁਰਖਿਆਂ ਦੀ ਦੇਣ ਹੈ। ਉਹ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਹਮੇਸ਼ਾ ਯਤਨਸ਼ੀਲ ਰਹੇ ਅਤੇ ਰਹਿਣਗੇ। ਕੁਲਵਿੰਦਰ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਨੇ ਕਵੀ ਗੁਰਦਾਸ ਰਾਮ ਆਲਮ ਦੀਆਂ ਯਾਦਾਂ ਵੀ ਸਾਂਝੀਆਂ ਕੀਤੀਆਂ।

ਬਲਜੀਤ ਸਿੰਘ ਨੇ ਸਭ ਦੇ ਰੂਬਰੂ ਹੁੰਦਿਆਂ ਦੱਸਿਆ ਕਿ ਉਹ ਆਪਣੇ ਘਰ ਵਿਚ ਠੇਠ ਪੰਜਾਬੀ ਬੋਲਦੇ ਹਨ। ਉਨ੍ਹਾਂ ਦੇ ਸ਼ੁੱਧ ਉਚਾਰਣ ਦਾ ਰਾਜ਼ ਉਨ੍ਹਾਂ ਦੀ ਉਰਦੂ ਜ਼ਬਾਨ 'ਤੇ ਪਕੜ ਹੈ। ਉਨ੍ਹਾਂ ਦੇ ਬੋਲਾਂ ਵਿਚ ਮਿਸਰੀ ਵਰਗੀ ਮਿੱਠਤ ਘੋਲਣ ਪਿੱਛੇ ਉਨ੍ਹਾਂ ਦੇ ਸਰੋਤਿਆਂ ਵੱਲੋਂ ਮਿਲਿਆ ਇਮਾਨਦਾਰ ਪ੍ਰਤੀਕਰਮ ਵੀ ਰਿਹਾ ਹੈ। ਉਨ੍ਹਾਂ ਨੇ ਇਸ ਸਬੰਧੀ ਰੇਡੀਓ 'ਤੇ ਪੜ੍ਹੇ ਜਾਂਦੇ ਖ਼ਤਾਂ ਬਾਰੇ ਦੱਸਿਆ ਕਿ ਕਿਵੇਂ ਉਹ ਖ਼ਤ ਉਨ੍ਹਾਂ ਨੂੰ ਲੇਖਕ ਬਣਾ ਗਏ। ਉਹ ਦਰਜਨ ਕਿਤਾਬਾਂ ਦੇ ਰਚਣਹਾਰੇ ਹਨ ਅਤੇ ਪਹਿਲੀ ਕਿਤਾਬ ਵਿਚ ਉਨ੍ਹਾਂ ਦੀ ਪਾਕਿਸਤਾਨੀ ਪ੍ਰਸ਼ੰਸਕ, ਜੋ ਜਲੰਧਰ ਦੂਰਦਰਸ਼ਨ ਸੁਣਦੇ ਸਨ, ਦੇ ਖ਼ਤ ਹੀ ਛਪੇ ਸਨ। ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਦੋਵਾਂ ਲੇਖਕਾਂ ਦੀ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਹੈ। ਇਸ ਉਪਰੰਤ ਦੋਵਾਂ ਮਹਿਮਾਨ ਲੇਖਕਾਂ ਦਾ ਵਿਪਸਾ ਵਲੋਂ ਸ਼ਾਲ ਅਤੇ ਪ੍ਰਸ਼ੰਸਾ ਪੱਤਰ ਨਾਲ਼ ਸਨਮਾਨ ਕੀਤਾ ਗਿਆ। ਵਿਪਸਾ ਦੇ ਸਰਗਰਮ ਮੈਂਬਰ ਤਾਰਾ ਸਾਗਰ ਨੂੰ ਬੇਅ ਏਰੀਆ ਤੋਂ ਥੋੜ੍ਹਾ ਦੂਰ ਰਿਹਾਇਸ਼ ਬਦਲਣ ਕਾਰਨ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਸਨਮਾਨਿਤ ਕੀਤਾ ਗਿਆ। ਕਹਾਣੀਕਾਰ ਅਮਰਜੀਤ ਕੌਰ ਪੰਨੂੰ ਨੇ ਆਪਣੀ ਕਹਾਣੀ ਦੇ ਕੁਝ ਅੰਸ਼ ਪੇਸ਼ ਕਰਨ ਤੋਂ ਬਾਅਦ ਆਪਣਾ ਕਹਾਣੀ ਸੰਗ੍ਰਹਿ 'ਸੁੱਚਾ ਗੁਲਾਬ' ਗੁਰਮੀਤ ਪਲਾਹੀ ਨੂੰ ਭੇਟ ਕੀਤਾ। ਸੁਰਿੰਦਰ ਸਿੰਘ ਧਨੋਆ ਨੇ ਆਪਣੇ ਨਾਟਕ 'ਜ਼ਫ਼ਰਨਾਮਾ' ਦੀ ਕਾਪੀ ਗੁਰਮੀਤ ਪਲਾਹੀ ਅਤੇ ਬਲਜੀਤ ਸਿੰਘ ਨੂੰ ਭੇਟ ਕੀਤੀ।

ਦੂਜੇ ਸੈਸ਼ਨ ਵਿਚ ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਗੁਰਮੀਤ ਪਲਾਹੀ ਅਤੇ ਬਲਜੀਤ ਸਿੰਘ ਦੇ ਨਾਲ਼ ਸੁਰਜੀਤ ਸਖੀ, ਅਮਰ ਸੂਫ਼ੀ ਅਤੇ ਡਾ. ਸੁਖਵਿੰਦਰ ਕੰਬੋਜ ਸ਼ਾਮਲ ਸਨ। ਕਵੀ ਦਰਬਾਰ ਦਾ ਆਗਾਜ਼ ਕਰਦਿਆਂ ਸੁਖਦੇਵ ਸਾਹਿਲ ਨੇ ਦੱਸਿਆ ਕਿ ਉਸ ਨੂੰ ਪਲਾਹੀ ਜੀ ਦਾ ਵਿਦਿਆਰਥੀ ਹੋਣ ਦਾ ਮਾਣ ਹਾਸਲ ਹੈ। ਉਸ ਨੇ ਆਪਣੇ ਉਸਤਾਦ ਨੂੰ ਫੁੱਲਾਂ ਦੇ ਗੁਲਦਸਤੇ ਨਾਲ਼ ਨਿਵਾਜਿਆ। ਕਵੀ ਦਰਬਾਰ ਵਿਚ ਅਮਰਜੀਤ ਸਿੰਘ ਜੌਹਲ, ਅਵਤਾਰ ਗੋਂਦਾਰਾ, ਸੁਖਵਿੰਦਰ ਕੰਬੋਜ, ਲਾਜ ਨੀਲਮ ਸੈਣੀ, ਤਾਰਾ ਸਿੰਘ ਸਾਗਰ, ਜਗਜੀਤ ਨੌਸ਼ਹਿਰਵੀ, ਹਰਜਿੰਦਰ ਕੰਗ, ਪੰਕਜ ਆਂਸਲ, ਅਮਰਜੀਤ ਕੌਰ ਪੰਨੂੰ, ਅਮਰ ਸੂਫ਼ੀ, ਕੁਲਵਿੰਦਰ, ਸੁਰਜੀਤ ਸਖੀ ਅਤੇ ਬਲਜੀਤ ਸਿੰਘ ਆਦਿ ਨੇ ਭਾਗ ਲਿਆ। ਹੋਰਨਾਂ ਤੋਂ ਇਲਾਵਾ ਹਰਜਿੰਦਰ ਪੰਧੇਰ, ਪ੍ਰੋ. ਸੁਖਦੇਵ ਸਿੰਘ, ਮਨਮੋਹਨ ਸ਼ਰਮਾ, ਗੁਰਜੰਟ ਸਿੰਘ, ਮਾਹਲ ਸਿੰਘ, ਰਾਜਿੰਦਰ ਸੂਲ, ਭੁਪਿੰਦਰ ਸੂਲ, ਪਰਮਪਾਲ ਸਿੰਘ, ਰਬਿੰਦਰ ਵਿਰਦੀ, ਹਰਿੰਦਰ ਪਾਲ ਕੌਰ, ਸੋਨੂੰ ਸਾਹਿਲ, ਤੁਸ਼ਾਰ ਗਰਗ, ਬਲਵਿੰਦਰ ਕੌਰ, ਅਵਤਾਰ ਸੰਧੂ, ਰਮੇਸ਼ ਬੰਗੜ, ਡਾ. ਸਤਵਿੰਦਰ, ਜਸਵਿੰਦਰ ਕੌਰ ਧਨੋਆ, ਸ੍ਰੀਮਤੀ ਜਨਕ ਪਲਾਹੀ ਆਦਿ ਸ਼ਾਮਲ ਸਨ। ਮੰਚ ਸੰਚਾਲਨ ਵਿਪਸਾ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਬਾਖ਼ੂਬੀ ਨਿਭਾਇਆ।

*-ਰਿਪੋਰਟ: ਲਾਜ ਨੀਲਮ ਸੈਣੀ*
*(ਸਾਹਿਤ ਸਕੱਤਰ)*
*ਫ਼ੋਨ: 510-502-0051*

# ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀ ਨਵੀਂ ਕਿਤਾਬ 'ਅਕਲ ਨੂੰ ਸਜ਼ਾ' ਲੋਕ ਅਰਪਣ





ਸਿਆਟਲ: ਕੈਂਟ ਸਿਟੀ ਵਿਚ ਲੰਘੇ ਦਿਨੀਂ ਇਕੱਤੀ ਕਿਤਾਬਾਂ ਦੇ ਰਚੇਤਾ, ਪ੍ਰਸਿੱਧ ਗੀਤਕਾਰ ਅਤੇ ਸਮਾਜਿਕ ਸੰਵੇਦਨਾ ਦੇ ਪ੍ਰਤੀਕ ਸ. ਹਰਦਿਆਲ ਸਿੰਘ ਚੀਮਾ ਵਹਿਣੀਵਾਲ ਦੀ ਨਵੀਂ ਕਹਾਣੀਆਂ ਦੀ ਕਿਤਾਬ 'ਅਕਲ ਨੂੰ ਸਜ਼ਾ' ਪੰਜਾਬੀ ਲਿਖ਼ਾਰੀ ਸਭਾ ਸਿਆਟਲ ਵੱਲੋਂ ਲੇਖਕਾਂ, ਕਵੀਆਂ ਅਤੇ ਸਾਹਿਤ-ਪ੍ਰੇਮੀਆਂ ਦੇ ਭਰਵੇਂ ਇਕੱਠ ਵਿਚ ਲੋਕ ਅਰਪਣ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਸਭਾ ਦੇ ਮੋਢੀ ਅਵਤਾਰ ਸਿੰਘ ਆਦਮਪੁਰੀ ਦੇ ਵਿਚਾਰਾਂ ਨਾਲ ਹੋਈ। ਉਨ੍ਹਾਂ ਕਿਹਾ ਕਿ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਸਿਰਫ਼ ਆਪਣੇ ਪਿੰਡ ਵਹਿਣੀਵਾਲ ਜਾਂ ਸਿਆਟਲ ਹੀ ਨਹੀਂ, ਸਗੋਂ ਦੁਨੀਆ ਭਰ ਵਿਚ ਵਸਦੇ ਪੰਜਾਬੀਆਂ ਲਈ ਮਾਣ ਅਤੇ ਪ੍ਰੇਰਣਾ ਹਨ। ਉਨ੍ਹਾਂ ਦੀ ਕਲਮ ਨੇ ਮਨੁੱਖੀ ਭਾਵਨਾਵਾਂ ਦੀਆਂ ਨਾਜ਼ੁਕ ਪਰਤਾਂ ਨੂੰ ਸਮਝਿਆ ਹੈ ਅਤੇ ਧਾਰਮਿਕ ਤੇ ਸਮਾਜਕ ਕੁਰੀਤੀਆਂ ਵਿਰੁੱਧ ਸੱਚੀ ਤੇ ਨਿਧੜਕ ਆਵਾਜ਼ ਉਠਾਈ ਹੈ। ਉਹ ਨਿਮਰਤਾ ਅਤੇ ਗਹਿਰਾਈ ਨਾਲ ਪੰਜਾਬੀ ਮਾਂ-ਬੋਲੀ ਦੀ ਝੋਲੀ ਨੂੰ ਵਡਮੁੱਲੇ ਸ਼ਬਦਾਂ ਨਾਲ ਬਿਨਾਂ ਹੰਕਾਰ ਕੀਤੇ ਭਰ ਰਹੇ ਹਨ। ਉਨ੍ਹਾਂ ਦੇ ਅਨੇਕਾਂ ਗੀਤ ਰਿਕਾਰਡ ਹੋ ਚੁੱਕੇ ਹਨ। ਪੈਂਤੀ ਅੱਖਰੀ ਸਿੱਖੀ ਇਤਿਹਾਸਕ ਵੱਡੇ ਆਕਾਰ ਦਾ ਪੋਸਟਰ ਵੀ ਸਕੂਲਾਂ ਵਿਚ ਲੱਗਿਆ ਮਿ਼ਲਦਾ ਹੈ ਅਤੇ ਬੱਚਿਆਂ ਦੀਆਂ ਚਾਰ ਪੁਸਤਕਾਂ ਹਨ। ਕਿਤਾਬ 'ਅਕਲ ਨੂੰ ਸਜ਼ਾ' ਉੱਤੇ ਅਮਰਜੀਤ ਸਿੰਘ ਤਰਸਿੱਕਾ, ਕਰਨੈਲ ਕੈਲ, ਅਵਤਾਰ ਸਿੰਘ ਆਦਮਪੁਰੀ ਅਤੇ ਡਾ. ਸੁਖਵੀਰ ਸਿੰਘ ਬੀਹਲਾ ਵਲੋਂ ਵਿਸਤ੍ਰਿਤ ਪਰਚੇ ਪੜ੍ਹੇ ਗਏ ਅਤੇ ਕਹਾਣੀਆਂ ਦੀ ਸਮਾਜਕ ਸੰਵੇਦਨਾ, ਵਿਚਾਰਧਾਰਕ ਗਹਿਰਾਈ ਅਤੇ ਕਲਾਤਮਕ ਮੁੱਲਾਂ ਨੂੰ ਉਭਾਰਿਆ।

ਸ਼ਿੰਗਾਰ ਸਿੰਘ ਸਿੱਧੂ, ਹਰਿੰਦਰਪਾਲ ਸਿੰਘ ਬੈਂਸ, ਮਨਜੀਤ ਕੌਰ ਗਿੱਲ, ਯਸ਼ ਸਾਥੀ ਲੁਧਿਆਣਵੀ, ਹਰਪਾਲ ਸਿੱਧੂ, ਗੁਰਪ੍ਰੀਤ ਸੋਹਲ, ਸੁਖਦੀਪ ਸਿੰਘ ਔਲਖ, ਮਨਜੀਤ ਚਾਹਲ, ਹਰਜਿੰਦਰ ਸਿੰਘ ਨਾਗੋਕੇ, ਜਸਬੀਰ ਸਿੰਘ ਸਹੋਤਾ, ਈਸ਼ਰ ਸਿੰਘ ਗਰਚਾ, ਨਵੀਨ ਰਾਏ, ਸਰਬਜੀਤ ਸਿੰਘ, ਅਨਮੋਲ ਚੀਮਾ, ਦਵਿੰਦਰ ਸਿੰਘ ਹੀਰਾ, ਸਾਹਿਬ ਥਿੰਦ (ਕੈਨੇਡਾ), ਰਮਿੰਦਰਜੀਤ ਸਿੰਘ ਧਾਮੀ, ਪ੍ਰੋ. ਡੀ.ਐਸ. ਪੰਨੂੰ ਰਿਟਾਇਰਡ ਖਾਲਸਾ ਕਾਲਜ ਅੰਮ੍ਰਿਤਸਰ ਆਦਿ ਨੇ ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਰਾਹੀਂ ਸ. ਚੀਮਾ ਨੂੰ ਮੁਬਾਰਕਬਾਦ ਦਿੱਤੀ।

ਸਰੋਤਿਆਂ ਵਿਚ ਅਮ੍ਰਿਤਪਾਲ ਸਿੰਘ ਸਹੋਤਾ, ਰਾਮ ਸਿੰਘ ਧਾਲੀਵਾਲ, ਬਲਜਿੰਦਰ ਸਿੰਘ, ਬਰਿੰਦਰ ਢਿੱਲੋਂ, ਸਰਬਜੀਤ ਸਿੰਘ ਲੋਸ਼ਮ, ਰਜਿੰਦਰ ਸਿੰਘ ਦਿਓਲ, ਹਰਵਿੰਦਰ ਸਿੰਘ ਮੱਟੂ, ਭੁਪਿੰਦਰ ਸਿੰਘ, ਸਰਬਜੀਤ ਸਿੰਘ ਭੰਡਾਲ, ਅਜੀਤ ਕੌਰ, ਸੁਰਿੰਦਰ ਕੌਰ, ਮਨਵੀਰ ਕੌਰ, ਮਲਕੀਤ ਕੌਰ, ਦਲਜੀਤ ਕੌਰ ਚੀਮਾ, ਕਾਨ੍ਹ ਸਿੰਘ, ਸੁਖਰਾਜ ਕੌਰ, ਬਘੇਲ ਸਿੰਘ, ਲਾਲੀ ਸੰਧੂ, ਪੁਨਰਜੋਤ ਸਿੰਘ, ਅਵਨੀਤ ਕੌਰ, ਮਿਸਿਜ਼ ਗਰਚਾ, ਰੀਟਾ, ਮਸਕੀਨ ਕੌਰ ਅਤੇ ਰਾਜਵਿੰਦਰ ਕੌਰ ਸਮੇਤ ਵੱਡੀ ਗਿਣਤੀ ਸਾਹਿਤ-ਪ੍ਰੇਮੀ ਹਾਜ਼ਰ ਸਨ। ਅਖ਼ੀਰ ਵਿਚ ਹਰਦਿਆਲ ਸਿੰਘ ਚੀਮਾ ਵਹਿਣੀਵਾਲ ਨੇ ਕਿਤਾਬ ਦੀਆਂ ਕਹਾਣੀਆਂ ਦੇ ਪਿੱਛੇ ਲੁਕੇ ਮੰਤਵਾਂ, ਜ਼ਿੰਦਗੀ ਦੇ ਅਣਛੂਹੇ ਪਹਿਲੂਆਂ ਅਤੇ ਸਮਾਜਕ ਸੱਚਾਈਆਂ ਬਾਰੇ ਗੱਲ ਕੀਤੀ। ਉਨ੍ਹਾਂ ਨੇ ਆਪਣੇ ਹਾਸ-ਵਿਅੰਗ ਨਾਲ ਮਾਹੌਲ ਨੂੰ ਰੌਣਕਮਈ ਬਣਾਇਆ ਅਤੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਦੇ ਸਾਹਿਤਕ ਉਪਰਾਲਿਆਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।

ਸਟੇਜ ਸੰਚਾਲਨ ਗੁਰਪ੍ਰੀਤ ਸੋਹਲ ਅਤੇ ਡਾ. ਸੁਖਵੀਰ ਸਿੰਘ ਬੀਹਲਾ ਨੇ ਸੁਚੱਜੇ ਢੰਗ ਨਾਲ ਕੀਤਾ, ਜਦਕਿ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦੀ ਜ਼ਿੰਮੇਵਾਰੀ ਹਰਪਾਲ ਸਿੱਧੂ, ਸਾਹਿਬ ਸਿੰਘ ਨਿੱਝਰ ਅਤੇ ਡਾ. ਸੁਖਵੀਰ ਸਿੰਘ ਬੀਹਲਾ ਨੇ ਸੰਭਾਲੀ। ਸਮਾਗਮ ਨੂੰ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਦੇ ਫੇਸਬੁੱਕ ਪੇਜ ਰਾਹੀਂ ਲਾਈਵ ਵੀ ਦਰਸ਼ਕਾਂ ਤੱਕ ਪਹੁੰਚਾਇਆ ਗਿਆ। ਸਭਾ ਵਲੋਂ ਜਲਦ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ ਜਿਸ ਦੀ ਰੂਪ ਰੇਖਾ ਆਉਣ ਵਾਲੇ ਦਿਨਾਂ ਵਿਚ ਸਾਂਝੀ ਕੀਤੀ ਜਾਵੇਗੀ। ਚੀਮਾ ਪਰਿਵਾਰ ਵੱਲੋਂ ਕੀਤੀ ਗਈ ਮਹਿਮਾਨਨਿਵਾਜ਼ੀ ਵੀ ਸ਼ਲਾਘਾਯੋਗ ਰਹੀ।

ਪੰਜਾਬ ਟਾਈਮਜ਼

24 ਜਨਵਰੀ, ਸ਼ਨਿਚਰਵਾਰ

## ਲੋਕਤੰਤਰ ਦੀ ਵਿਸ਼ਵਾਸਯੋਗਤਾ

ਭਾਰਤ ਹੌਲੀ-ਹੌਲੀ ਉਨ੍ਹਾਂ ਦੇਸ਼ਾਂ ਵਿਚ ਸ਼ਾਮਿਲ ਹੋ ਰਿਹਾ ਹੈ ਜਿਥੋਂ ਦੀ ਜਨਤਾ ਦਾ ਲੋਕਤੰਤਰ ਵਿਚ ਵਿਸ਼ਵਾਸ ਘਟਦਾ ਜਾ ਰਿਹਾ ਹੈ।

ਮਹਾਰਾਸ਼ਟਰ ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ ਨੇ ਇਕ ਵਾਰ ਫਿਰ ਨਵੇਂ ਵਿਵਾਦਾਂ ਨੂੰ ਜਨਮ ਦੇ ਦਿੱਤਾ ਹੈ। ਇਨ੍ਹਾਂ ਚੋਣਾਂ ਵਿਚ ਭਾਜਪਾ ਤੇ ਉਸ ਦੀ ਸਹਿਯੋਗੀ ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ ਨੇ ਇਕ ਜਾਂ ਦੋ ਸਥਾਨਕ ਸੰਸਥਾਵਾਂ ਨੂੰ ਛੱਡ ਕੇ ਬਾਕੀ ਸਭ ਥਾਵਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਹੁਣ ਮਹਾਰਾਸ਼ਟਰ 'ਚ ਟ੍ਰਿਪਲ-ਇੰਜਣ ਸਰਕਾਰ ਬਣ ਗਈ ਹੈ, ਮਤਲਬ ਕੇਂਦਰ, ਰਾਜ ਤੇ ਸਥਾਨਕ ਸੰਸਥਾਵਾਂ ਵਿਚ ਇਕੋ ਪਾਰਟੀ ਦੀ ਸੱਤਾ ਹੋਵੇਗੀ। ਵਿਰੋਧੀ ਧਿਰ ਖਾਸ ਕਰਕੇ ਊਧਵ ਠਾਕਰੇ ਦੀ ਸ਼ਿਵ ਸੈਨਾ, ਮਹਾਰਾਸ਼ਟਰ ਨਵਨਿਰਮਾਣ ਸੈਨਾ ਤੇ ਕਾਂਗਰਸ ਇਸ ਨੂੰ ਸਾਫ਼-ਸੁਥਰੀ ਜਿੱਤ ਵਜੋਂ ਸਵੀਕਾਰ ਕਰਨ ਲਈ ਤਿਆਰ ਨਹੀਂ ਹਨ। ਵਿਰੋਧੀ ਧਿਰ ਦਾ ਮੁੱਖ ਦੋਸ਼ ਇਹ ਹੈ ਕਿ ਵੋਟ ਪਾਉਣ ਤੋਂ ਬਾਅਦ ਵੋਟਰਾਂ ਦੀਆਂ ਉਂਗਲਾਂ 'ਤੇ ਲਗਾਈ ਜਾਂਦੀ ਸਿਆਹੀ ਦਾ ਨਿਸ਼ਾਨ 15 ਦਿਨਾਂ ਤੱਕ ਨਹੀਂ ਮਿਟਣਾ ਚਾਹੀਦਾ, ਪਰ ਇਨ੍ਹਾਂ ਚੋਣਾਂ ਦੌਰਾਨ ਵਰਤੀ ਗਈ ਸਿਆਹੀ ਨੂੰ 'ਸੈਨੀਟਾਈਜ਼ਰ 'ਜਾਂ ਇੰਕ ਰਿਮੂਵਰ' ਨਾਲ ਆਸਾਨੀ ਨਾਲ ਮਿਟਾਇਆ ਜਾ ਸਕਦਾ ਹੈ। ਇਸ ਸਿਆਹੀ ਵਿਵਾਦ ਬਾਰੇ ਰਾਹੁਲ ਗਾਂਧੀ ਨੇ ਐਕਸ 'ਤੇ ਪੋਸਟ ਕਰਕੇ ਕਿਹਾ ਹੈ ਕਿ ਇਹ ਚੋਣ ਕਮਿਸ਼ਨ ਦਾ ਲੋਕਤੰਤਰ 'ਤੇ ਹਮਲਾ ਹੈ ਤੇ ਵੋਟ ਚੋਰੀ ਇਕ ਰਾਸ਼ਟਰ ਵਿਰੋਧੀ ਕਾਰਵਾਈ ਹੈ। ਮੁੱਖ ਮੰਤਰੀ ਫੜਨਵੀਸ ਦਾ ਕਹਿਣਾ ਹੈ ਕਿ ਅਕਸਰ ਸਿਆਹੀ ਫਿੱਕੀ ਨਹੀਂ ਪੈਂਦੀ, ਪਰ ਮੇਰੀ ਉਂਗਲੀ ਤੋਂ ਵੀ ਸਿਆਹੀ ਫਿੱਕੀ ਪੈ ਗਈ ਹੈ। ਮੈਂ ਇਸ ਨੂੰ ਹਟਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ; ਸਿਰਫ਼ ਨਹਾਇਆ ਹੈ ਤੇ ਇਹ ਉਂਗਲ ਤੋਂ ਹਟ ਗਈ। ਸਿਆਹੀ ਬਾਰੇ ਕਈ ਸ਼ਿਕਾਇਤਾਂ ਉੱਠਣ ਕਰਕੇ ਇਸ ਨੂੰ ਨਿਰਪੱਖ ਚੋਣਾਂ ਨਹੀਂ ਕਿਹਾ ਜਾ ਸਕਦਾ। ਇਕ ਵਿਅਕਤੀ ਦੋ ਵਾਰ ਵੋਟ ਪਾਉਂਦੇ ਵੀ ਫੜਿਆ ਗਿਆ ਹੈ।

ਸਵਾਲ ਇਹ ਹੈ ਕਿ, ਕੀ ਇਨ੍ਹਾਂ ਦੋਸ਼ਾਂ 'ਚ ਕੋਈ ਦਮ ਹੈ। ਦਰਅਸਲ ਦੋਸ਼ਾਂ ਬਾਰੇ ਦੋ ਗੱਲਾਂ ਸਾਹਮਣੇ ਆਈਆਂ ਹਨ, ਇਨ੍ਹਾਂ 'ਚੋਂ ਇਕ 'ਮੁੰਬਈ ਮਿਰਰ' ਵਿਚ ਪ੍ਰਕਾਸ਼ਤ ਹੋਈ ਸੀ। 'ਮਿਰਰ' ਅਨੁਸਾਰ ਪਹਿਲਾਂ ਚੋਣ ਕਮਿਸ਼ਨਰ ਨੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਸੀ, ਪਰ ਦਬਾਅ ਵਧਣ 'ਤੇ ਰਾਜ ਚੋਣ ਕਮਿਸ਼ਨਰ ਦਿਨੇਸ਼ ਵਾਘਮਾਰੇ ਨੇ ਕਿਹਾ ਕਿ ਅਸੀਂ ਚੈੱਕ ਕਰਾਂਗੇ ਕਿ, ਕੀ ਨਹੁੰਆਂ 'ਤੇ ਲੱਗਣ ਵਾਲੀ ਸਿਆਹੀ 'ਚ ਸਿਲਵਰ ਨਾਈਟ੍ਰੇਟ ਨਾਮਕ ਰਸਾਇਣ ਦੀ ਮਾਤਰਾ ਪੂਰੀ ਸੀ ਕਿ ਨਹੀਂ। ਵਾਘਮਾਰੇ ਨੇ ਦੱਸਿਆ ਕਿ ਪੋਲਿੰਗ ਬੂਥਾਂ 'ਤੇ ਸਿਆਹੀ ਲਗਾਉਣ ਲਈ ਵਰਤੇ ਜਾਣ ਵਾਲੇ ਮਾਰਕਰ ਪੈਨਾਂ ਦੇ ਨਮੂਨੇ ਲਏ ਗਏ ਹਨ ਤੇ ਪੈਨ ਸਪਲਾਈ ਕਰਨ ਵਾਲੀ ਕੰਪਨੀ ਤੋਂ ਵੀ ਪੁੱਛਗਿੱਛ ਕੀਤੀ ਜਾਵੇਗੀ। ਦਰਅਸਲ ਸਾਨੂੰ ਮਹਾਰਾਸ਼ਟਰ ਵਿਚ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਦੀ ਜਿੱਤ ਨੂੰ ਬਿਹਾਰ ਵਿਧਾਨ ਸਭਾ ਚੋਣਾਂ ਐੱਸ.ਆਈ.ਆਰ. ਦੀ ਮਦਦ ਨਾਲ ਜਿੱਤਣ ਦੇ ਮੱਦੇਨਜ਼ਰ ਦੇਖਣਾ ਚਾਹੀਦਾ ਹੈ। ਦਰਅਸਲ ਭਾਜਪਾ ਦੋ ਪੱਧਰਾਂ 'ਤੇ ਚੋਣਾਂ ਜਿੱਤਣ ਦਾ ਪ੍ਰਬੰਧ ਕਰਦੀ ਹੈ, ਪਹਿਲਾ ਮਾਇਕਰੋ (ਸੂਖਮ) ਭਾਵ ਬਹੁਤ ਛੋਟੇ-ਛੋਟੇ ਮੁਕਾਮਾਂ 'ਤੇ ਬੜੀ ਬਾਰੀਕੀ ਨਾਲ ਅਜਿਹੀਆਂ ਥਾਵਾਂ 'ਤੇ ਚੋਣਾਂ ਜਿੱਤਣ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿੱਥੇ ਉਨ੍ਹਾਂ ਦੇ ਵਿਰੋਧੀਆਂ ਦੀ ਨਜ਼ਰ ਨਹੀਂ ਜਾਂਦੀ ਅਤੇ ਉਹ ਇਸ ਤਰ੍ਹਾਂ ਦੀ ਹੇਰਾਫੇਰੀ ਦੀ ਕਲਪਨਾ ਵੀ ਨਹੀਂ ਕਰ ਸਕਦੇ। ਦੂਜਾ ਮੈਕਰੋ (ਵੱਡੇ ਪੱਧਰ) 'ਤੇ ਇਕਮੁਸ਼ਤ ਬੇਨਿਯਮੀਆਂ ਕਰਕੇ ਚੋਣ ਹਲਕਿਆਂ 'ਚ ਵੱਡੇ ਪੱਧਰ 'ਤੇ ਵੋਟਾਂ ਨੂੰ ਕੱਟਣਾ ਤੇ ਫਿਰ ਜੋੜਨਾ। ਇਹ ਮਾਈਕਰੋ ਤੇ ਮੈਕਰੋ ਪੱਧਰ ਆਪਸ ਵਿਚ ਜੁੜੇ ਹੋਏ ਹੁੰਦੇ ਹਨ, ਜੋ ਇਕ-ਦੂਜੇ ਲਈ ਜ਼ਮੀਨ ਸਾਫ਼ ਕਰਦੇ ਹਨ। ਇਨ੍ਹਾਂ ਛੋਟੀਆਂ ਤੇ ਵੱਡੀਆਂ ਹੇਰਾਫੇਰੀਆਂ ਵਿਚਕਾਰ ਆਪਸੀ ਸੰਬੰਧ ਨੂੰ ਇਕ ਉਦਾਹਰਣ ਰਾਹੀਂ ਸਮਝ ਸਕਦੇ ਹਾਂ। ਜਦੋਂ ਬਿਹਾਰ 'ਚ ਐੱਸ.ਆਈ.ਆਰ. ਤਹਿਤ 128 ਵਿਧਾਨ ਸਭਾ ਸੀਟਾਂ 'ਚ ਵੱਡੀ ਗਿਣਤੀ 'ਚ ਵੋਟਾਂ ਕੱਟੀਆਂ ਗਈਆਂ ਤਾਂ ਵਿਰੋਧੀ ਧਿਰ ਨੇ ਦੋਸ਼ ਲਗਾਉਂਦਿਆਂ ਹੰਗਾਮਾ ਕੀਤਾ ਸੀ। ਉਸ ਸਮੇਂ ਚੋਣ ਕਮਿਸ਼ਨ ਨੇ ਕਿਹਾ ਸੀ ਕਿ ਤੁਸੀਂ ਇੰਨਾ ਹੰਗਾਮਾ ਕਿਉਂ ਕਰ ਰਹੇ ਹੋ? ਜੇਕਰ ਵੋਟਾਂ ਕੱਟੀਆਂ ਗਈਆਂ ਹਨ ਤੇ ਕੋਈ ਗਲਤੀ ਹੋਈ ਹੈ ਤਾਂ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ। ਜਿਨ੍ਹਾਂ ਦੀਆਂ ਵੋਟਾਂ ਕੱਟੀਆਂ ਗਈਆਂ ਹਨ, ਉਨ੍ਹਾਂ ਨੂੰ ਫਾਰਮ ਨੰਬਰ 6 ਭਰ ਕੇ ਜਮ੍ਹਾਂ ਕਰਵਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਵੋਟਾਂ ਮੁੜ ਜੋੜ ਦਿੱਤੀਆਂ ਜਾਣਗੀਆਂ। ਬਿਹਾਰ ਦੀਆਂ 243 ਸੀਟਾਂ 'ਚ 65 ਲੱਖ ਵੋਟਾਂ ਕੱਟੀਆਂ ਗਈਆਂ ਸਨ। ਜਿਨ੍ਹਾਂ ਦੀਆਂ ਵੋਟਾਂ ਕੱਟੀਆਂ ਗਈਆਂ ਸਨ, ਜਦੋਂ ਉਨ੍ਹਾਂ ਆਪਣੀਆਂ ਵੋਟਾਂ ਮੁੜ ਦਰਜ ਕਰਵਾਉਣ ਲਈ 'ਫਾਰਮ 6 ਭਰਿਆ ਤਾਂ ਵੇਖਿਆ ਕਿ ਇਹ ਉਹ ਫਾਰਮ 6 ਨਹੀਂ ਸੀ ਜੋ ਰਵਾਇਤੀ ਤੌਰ 'ਤੇ ਵਰਤਿਆ ਜਾਂਦਾ ਰਿਹਾ ਹੈ। ਪਹਿਲਾਂ ਵਾਲਾ ਫਾਰਮ ਸੰਸਦ ਦੁਆਰਾ ਪਾਸ ਕੀਤਾ ਗਿਆ ਸੀ, ਜਦਕਿ ਇਸ ਵਾਰ ਚੋਣ ਕਮਿਸ਼ਨ ਨੇ ਉਕਤ ਫਾਰਮ ਆਪਣੇ-ਆਪ ਬਦਲ ਦਿੱਤਾ।

ਜ਼ਿਕਰਯੋਗ ਹੈ ਕਿ ਫਾਰਮ 6 ਉਨ੍ਹਾਂ ਵੋਟਰਾਂ (18 ਸਾਲ) ਲਈ ਹੁੰਦਾ ਹੈ ਜਿਨ੍ਹਾਂ ਨੇ ਪਹਿਲਾਂ ਕਦੇ ਵੋਟ ਨਹੀਂ ਪਾਈ ਹੁੰਦੀ, ਜਦਕਿ 65 ਲੱਖ ਵੋਟਾਂ ਤਾਂ ਪੁਰਾਣੇ ਵੋਟਰਾਂ ਦੀਆਂ ਕੱਟੀਆਂ ਗਈਆਂ ਸਨ। ਜੇਕਰ ਉਹ ਆਪਣੀ ਵੋਟ ਦੁਬਾਰਾ ਬਣਵਾਉਣਾ ਚਾਹੁੰਦੇ ਹਨ ਤਾਂ ਉਕਤ ਫਾਰਮ ਉਨ੍ਹਾਂ ਨੂੰ ਝੂਠ ਬੋਲਣ ਲਈ ਮਜਬੂਰ ਕਰਦਾ ਹੈ। ਫਿਰ ਉਨ੍ਹਾਂ ਨੂੰ ਇਸ ਫਾਰਮ ਲਈ ਲੋੜੀਂਦੇ ਵੱਖ-ਵੱਖ ਸਰਟੀਫਿਕੇਟ ਜਮ੍ਹਾਂ ਕਰਵਾਉਣ ਦੀ ਲੋੜ ਪਵੇਗੀ, ਜਦਕਿ ਪਿਛਲੇ ਫਾਰਮ 'ਚ ਆਧਾਰ ਵਰਗੇ ਸਰਟੀਫਿਕੇਟਾਂ ਤੋਂ ਇਲਾਵਾ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ ਸੀ। ਇਸ ਮੁੱਦੇ ਨੂੰ ਭਾਜਪਾ, ਕਾਂਗਰਸ ਜਾਂ ਸਮਾਜਵਾਦੀ ਪਾਰਟੀ ਦੇ ਸਮਰਥਕ ਵਜੋਂ ਨਹੀਂ ਦੇਖਣਾ ਚਾਹੀਦਾ। ਵਿਚਾਰ ਕਰਨਾ ਪਵੇਗਾ ਕਿ ਕੀ ਚੋਣ ਕਮਿਸ਼ਨ ਐੱਸ.ਆਈ.ਆਰ. ਰਾਹੀਂ ਆਜ਼ਾਦ ਤੇ ਨਿਰਪੱਖ ਚੋਣਾਂ ਦੀ ਗਾਰੰਟੀ ਦੇ ਰਿਹਾ ਹੈ। ਹੁਣ ਉੱਤਰ ਪ੍ਰਦੇਸ਼ 'ਚ ਉਸੇ ਫਾਰਮ 6 ਦੀ ਵਰਤੋਂ ਕਰਕੇ ਵੋਟਾਂ ਜੋੜਨ ਦੀ ਮੁਹਿੰਮ ਚੱਲ ਰਹੀ ਹੈ, ਜੋ ਬਿਹਾਰ 'ਚ ਵਰਤੀ ਗਈ ਸੀ। ਮਹਾਰਾਸ਼ਟਰ ਵਿਚ ਅਜਿਹਾ ਕੀ ਕੁਝ ਹੋਇਆ ਹੈ ਉਹ ਤਾਂ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ। ਊਧਵ ਠਾਕਰੇ ਦੀ ਸ਼ਿਵ ਸੈਨਾ ਦੇ ਆਗੂ ਸੰਜੇ ਰਾਉਤ ਨੇ ਦੋਸ਼ ਲਗਾਏ ਹਨ ਕਿ ਉਨ੍ਹਾਂ ਇਲਾਕਿਆਂ ਵਿਚ ਹਜ਼ਾਰਾਂ ਵੋਟਰਾਂ ਦੇ ਨਾਂਅ ਗਾਇਬ ਹਨ, ਜਿੱਥੇ ਸ਼ਿਵ ਸੈਨਾ, ਮਹਾਰਾਸ਼ਟਰ ਨਵਨਿਰਮਾਣ ਸੈਨਾ ਤੇ ਕਾਂਗਰਸ ਸਮਰਥਕ ਵਧੇਰੇ ਸਨ।

ਅਖੀਰ ਭਾਜਪਾ ਨੇ ਹੌਲੀ-ਹੌਲੀ ਵੱਖ-ਵੱਖ ਪ੍ਰਯੋਗਾਂ ਰਾਹੀਂ ਉਸ ਹੱਥਕੰਢੇ ਨੂੰ ਮੁਕੰਮਲ ਕਰ ਹੀ ਲਿਆ ਹੈ, ਜੋ ਚੋਣਾਂ ਸ਼ੁਰੂ ਹੋਣ ਤੇ ਵੋਟਾਂ ਪੈਣ ਤੋਂ ਪਹਿਲਾਂ ਹੀ ਜਿੱਤ ਨੂੰ ਯਕੀਨੀ ਬਣਾਉਂਦਾ ਹੈ। ਬਿਹਾਰ ਵਿਧਾਨ ਸਭਾ ਚੋਣਾਂ ਤੇ ਮਹਾਰਾਸ਼ਟਰ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਤਾਂ ਸਿਰਫ਼ ਇਕ ਸ਼ੁਰੂਆਤੀ ਉਦਾਹਰਣ ਹੈ। ਵੋਟਾਂ ਪਾਉਣ ਤੋਂ ਪਹਿਲਾਂ ਹੀ ਜਿੱਤਣ ਦਾ ਇਹ ਵਰਤਾਰਾ ਇਸ ਸਾਲ ਤੇ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਵਿਚ ਹੋਰ ਵੀ ਸਪੱਸ਼ਟ ਹੋ ਜਾਵੇਗਾ। ਇਸ ਦੌਰਾਨ ਬੰਗਾਲ ਵਿਚ ਹੋਣ ਵਾਲੀਆਂ ਚੋਣਾਂ ਸਭ ਤੋਂ ਅਹਿਮ ਹੋਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਛੱਜ ਵਿਚ ਛੱਟਤੀ ਸ਼ੋਮਣੀ

**ਕਦੇ ਲੱਗਾ ਸੀ 'ਮੋਰਚਾ' ਚਾਬੀਆਂ ਦਾ, ਫਿਰੰਗੀ ਲਿਆਏ ਸੀ ਚਾਬੀਆਂ ਝੱਟ ਭਾਈ।**
**ਦਿੱਲੀ ਦੇਵੇ ਨਾ ਸਮਾਂ ਹੁਣ ਮਿਲਣ ਦਾ ਵੀ, ਨਿਰਾਦਰ ਲਿਆ ਨਿਕੰਮਿਆਂ ਖੱਟ ਭਾਈ।**
**ਹੁਕਮ ਕਰੇ 'ਭਰਦਾਨ' ਤਾਂ ਦੇ ਦੌੜ ਪੈਂਦੇ, ਪਿੱਛਾ ਕਰ ਲਿਆ ਚੌੜ-ਚਪੱਟ ਭਾਈ।**
**ਡੇਰੇਦਾਰਾਂ ਦੇ ਹੱਕ ਵਿਚ ਖੜ੍ਹਦਿਆਂ ਜੀ, ਦਿੱਤਾ ਕੌਮੀ ਇਤਹਾਸ ਨੂੰ ਕੱਟ ਭਾਈ।**
**ਹੋਰ ਕਿਸੇ 'ਤੇ ਦੱਸੋ ਜੀ ਗਿਲਾ ਕਾਹਦਾ, ਕਬਜ਼ਾਧਾਰੀਆਂ ਕਰੀ ਨਾ ਘੱਟ ਭਾਈ।**
**ਦੇ ਸ਼ਹੀਦੀਆਂ ਬਣੀ ਸੀ 'ਸ਼ੋਮਣੀ' ਜੋ, ਪਾ ਕੇ ਛੱਜ ਵਿਚ ਰਹੇ ਐ 'ਛੱਟ' ਭਾਈ।**

# ਸੁਪਨਿਆਂ ਅਤੇ ਹਕੀਕਤ ਦਰਮਿਆਨ

ਬਹੁਤ ਚੰਗਾ ਲੱਗਦਾ ਹੈ ਉਦੋਂ, ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣ ਜਾਵੇਗਾ। ਬਹੁਤ ਚੰਗੀ ਲੱਗਦੀ ਹੈ ਇਹ ਗੱਲ, ਇਸ ਲਈ ਕਿ ਹਰ ਭਾਰਤੀ ਨਾਗਰਿਕ ਦਾ ਇਹ ਸੁਪਨਾ ਹੈ, ਪਰ ਦੇਸ਼ ਦੇ ਸਭ ਤੋਂ ਸਾਫ਼-ਸੁਥਰੇ ਸ਼ਹਿਰ ਇੰਦੌਰ ਵਿਚ ਗੰਦੇ ਪਾਣੀ ਨਾਲ਼ ਲੋਕ ਮਰਦੇ ਹਨ ਤਾਂ ਇਸ ਸੁਪਨੇ 'ਤੇ ਯਕੀਨ ਕਰਨਾ ਮੁਸ਼ਕਿਲ ਹੁੰਦਾ ਹੈ।

24 ਦਸੰਬਰ 2025 ਤੋਂ 6 ਜਨਵਰੀ 2026 ਦਰਮਿਆਨ ਇੰਦੌਰ ਦੇ ਭਾਗੀਰਥਪੁਰ ਵਿਚ ਦੂਸ਼ਿਤ ਪਾਣੀ ਨਾਲ਼ ਘੱਟੋ-ਘੱਟ ਅੱਠ ਲੋਕਾਂ ਦੀ ਮੌਤ ਹੋਈ ਹੈ। ਸੈਂਕੜੇ ਹਸਪਤਾਲਾਂ 'ਚ ਪਹੁੰਚਾਉਣੇ ਪਏ। ਇਹ ਸ਼ਹਿਰ 2024-25 ਵਿਚ 'ਸੁਪਰ ਲੀਗ' ਵਿਚ ਸਭ ਤੋਂ ਸਾਫ਼ ਸ਼ਹਿਰ ਵਿਚੋਂ ਉਭਰਿਆ, ਪਰ ਨਵੇਂ ਸਾਲ ਦੇ ਸ਼ੁਰੂ 'ਚ ਇਸ ਸਭ ਤੋਂ



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਸਾਫ਼ ਸ਼ਹਿਰ ਦੇ ਤਗਮੇ ਉੱਤੇ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਹਨ।

ਇੰਦੌਰ ਦਾ ਇਹ ਦੁਖਾਂਤ ਜਦੋਂ ਖ਼ਬਰਾਂ 'ਚ ਆਇਆ ਤਾਂ ਹਕੀਕਤ ਸਾਹਮਣੇ ਆਈ ਕਿ ਦੇਸ਼ ਵਿਚ ਪਾਣੀ ਪੂਰਤੀ ਪ੍ਰਣਾਲੀ ਕਿੰਨੀ ਨਾਜ਼ੁਕ ਹੈ। ਜਨਵਰੀ 2026 ਵਿਚ ਗੰਦੇ ਪਾਣੀ ਦੇ ਦੂਸ਼ਿਤ ਪਾਈਪਾਂ ਦੇ ਪਾਣੀ ਨੇ 22 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਘੱਟੋ-ਘੱਟ 26 ਸ਼ਹਿਰਾਂ ਵਿਚ ਬਿਮਾਰੀਆਂ ਦਾ ਪ੍ਰਕੋਪ ਫੈਲਾਇਆ। ਇਨ੍ਹਾਂ ਸ਼ਹਿਰਾਂ ਵਿਚ 2500 ਲੋਕ ਬਿਮਾਰ ਹੋਏ ਵਿਖਾਏ ਗਏ, ਜਦ ਕਿ 34 ਲੋਕਾਂ ਦੀ ਮੌਤ ਹੋ ਗਈ।

ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਹੁੰਦੀਆਂ ਹਨ, ਪਰ ਉਨ੍ਹਾਂ ਦੀ ਚਰਚਾ ਤੱਕ ਨਹੀਂ ਹੁੰਦੀ, ਕਿਉਂਕਿ ਅਜਿਹੇ ਹਾਦਸੇ ਦੇਸ਼ ਦੇ ਉਨ੍ਹਾਂ 20 ਫ਼ੀਸਦੀ ਗ਼ਰੀਬ ਲੋਕਾਂ ਨਾਲ਼ ਹੁੰਦੇ ਹਨ, ਜਿਨ੍ਹਾਂ ਦੇ ਜੀਵਨ ਉਤਨੇ ਹੀ ਬੇਹਾਲ ਹਨ, ਜਿਤਨੇ ਅਤਿ-ਗ਼ਰੀਬ ਅਫ਼ਰੀਕੀ ਦੇਸ਼ ਵਿਚ ਰਹਿਣ ਵਾਲੇ ਗ਼ਰੀਬ ਲੋਕਾਂ ਦੇ ਹਨ।

ਇਹ ਸ਼ਰਮਨਾਕ ਸਚਾਈ ਹੈ, ਲੇਕਿਨ ਇਸਨੂੰ ਛੁਪਾਉਣ ਨਾਲ਼ ਆਪਣਾ ਦੇਸ਼ ਬਿਹਤਰ ਨਹੀਂ ਹੋਣ ਵਾਲਾ। ਤਬਦੀਲੀ ਤਦ ਆਏਗੀ, ਜਦ ਅਸੀਂ ਆਪਣੇ ਹਾਕਮਾਂ ਨੂੰ ਵਾਰ-ਵਾਰ ਯਾਦ ਦਿਵਾਉਂਦੇ ਰਹਾਂਗੇ ਕਿ ਉਨ੍ਹਾਂ ਦਾ ਧਿਆਨ ਉਨ੍ਹਾਂ ਸ਼ਹਿਰੀ ਬਸਤੀਆਂ ਵੱਲ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਅਤਿ-ਪਛੜੇ ਪਿੰਡਾਂ ਵੱਲ ਜੋ ਗ਼ਰੀਬ ਹਨ। ਉਨ੍ਹਾਂ ਲੋਕਾਂ ਵੱਲ ਜੋ ਪੂਰਾ ਜੀਵਨ ਫੁੱਟਪਾਥਾਂ 'ਤੇ ਗੁਜ਼ਾਰ ਦਿੰਦੇ ਹਨ ਜਾਂ ਇਹੋ-ਜਿਹੀਆਂ ਗੰਦੀਆਂ ਬਸਤੀਆਂ ਵਿਚ ਜਿੱਥੇ ਨਾ ਸਾਫ਼ ਪਾਣੀ ਹੁੰਦਾ ਹੈ, ਨਾ ਸਾਫ਼ ਹਵਾ, ਨਾ ਚੰਗੇ ਸਕੂਲ ਅਤੇ ਨਾ ਸਿਹਤ ਸੇਵਾਵਾਂ।

ਅੱਜ ਪ੍ਰਸ਼ਾਸਨਿਕ ਸੁਧਾਰਾਂ ਦੀ ਕੋਸ਼ਿਸ਼ ਸਿਰਫ਼ ਇਹ ਹੋਈ ਹੈ ਕਿ ਪਾਸਪੋਰਟ ਲੈਣਾ ਸੌਖਾ ਹੋ ਗਿਆ ਹੈ। ਬਿਜਲੀ ਦੇ ਬਿੱਲ ਭਰਨੇ ਆਸਾਨ ਹੋ ਗਏ ਹਨ। ਹੋਰ ਛੋਟੀਆਂ-ਮੋਟੀਆਂ ਸੁਵਿਧਾਵਾਂ ਦੇ ਲਈ ਸਾਨੂੰ ਵੱਡੇ ਅਧਿਕਾਰੀਆਂ ਦੇ ਸਾਹਮਣੇ ਭੀਖ ਨਹੀਂ ਮੰਗਣੀ ਪੈਂਦੀ। ਇਨ੍ਹਾਂ ਚੀਜ਼ਾਂ 'ਚ ਫ਼ਰਕ ਇਸ ਕਰਕੇ ਆਇਆ ਕਿ ਤਕਨੀਕਾਂ 'ਚ ਆਧੁਨਿਕਤਾ ਆ ਗਈ ਹੈ। ਲੇਕਿਨ ਜਿੱਥੇ ਵੀ ਆਧੁਨਿਕ ਤਕਨੀਕਾਂ ਨਾਲ਼ ਕੰਮ ਨਹੀਂ ਬਣਦਾ ਹੈ, ਉੱਥੇ ਇੰਦੌਰ ਵਰਗੀਆਂ ਘਟਨਾਵਾਂ ਦੇਖਣ ਨੂੰ ਮਿਲਦੀਆਂ ਹਨ। ਕੀ ਇਹੋ ਜਿਹੀਆਂ ਹਾਲਤਾਂ ਵਿਚ ਭਾਰਤ ਅਗਲੇ 40 ਸਾਲਾਂ ਤੱਕ ਵੀ ਵਿਕਸਿਤ ਦੇਸ਼ ਬਣ ਸਕਦਾ ਹੈ?

2047 ਤੱਕ ਵਿਕਸਿਤ ਹੋਣ ਦਾ ਸੁਪਨਾ, ਹਕੀਕਤਾਂ ਤੋਂ ਬਹੁਤ ਦੂਰ ਹੈ। ਜੇਕਰ ਇਹ ਮਨ ਵੀ ਲਿਆ ਜਾਵੇ ਕਿ ਦੇਸ਼ ਵਿਚ ਅੰਕੜਿਆਂ ਅਨੁਸਾਰ ਗ਼ਰੀਬਾਂ ਦੀ ਗਿਣਤੀ ਘਟੀ ਹੈ ਅਤੇ ਇਹ ਕੁੱਲ ਅਬਾਦੀ ਤਾਂ 20 ਫ਼ੀਸਦੀ ਰਹਿ ਗਈ ਹੈ, ਤਦ ਵੀ ਇਸ ਤੱਥ ਤੋਂ ਅੱਖਾਂ ਕਿਵੇਂ ਮੀਟੀਏ ਕਿ ਕੁੱਲ 144 ਕਰੋੜ ਦੀ ਅਬਾਦੀ ਵਿਚੋਂ 80 ਕਰੋੜ ਲੋਕਾਂ ਨੂੰ ਮੁਫ਼ਤ ਸਰਕਾਰੀ ਅੰਨ ਮੁਹੱਈਆ ਕਰਨਾ ਕਿਸ ਕਿਸਮ ਦੇ ਅਰਧ ਵਿਕਸਿਤ ਦੇਸ਼ਾਂ ਦੀ ਨਿਸ਼ਾਨੀ ਹੈ? ਹਾਲੇ ਤੱਕ ਵੀ ਦੇਸ਼ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ 2818 ਰੁਪਏ ਹੈ, ਜੋ



ਅੰਤਰਰਾਸ਼ਟਰੀ ਪੱਧਰ ਉੱਤੇ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਲਗਭਗ ਸਿਫ਼ਰ ਹੀ ਤਾਂ ਹੈ।

ਸੰਯੁਕਤ ਰਾਸ਼ਟਰ ਅਮਰੀਕਾ, ਕੈਨੇਡਾ, ਜਪਾਨ, ਆਸਟਰੇਲੀਆ ਅਤੇ ਪੱਛਮੀ ਯੂਰਪ ਦੇਸ਼ ਵਿਕਸਿਤ ਦੇਸ਼ਾਂ ਦੀ ਉਦਾਹਰਨ ਹਨ। ਵਿਕਸਿਤ ਦੇਸ਼ ਇੱਕ ਇਹੋ-ਜਿਹਾ ਰਾਸ਼ਟਰ ਹੈ, ਜਿਸ ਦੀ ਅਰਥ ਵਿਵਸਥਾ ਮਜ਼ਬੂਤ ਹੋਵੇ, ਜਿੱਥੋਂ ਦੇ ਨਾਗਰਿਕਾਂ ਦਾ ਜੀਵਨ ਪੱਧਰ ਉੱਚਾ ਹੋਵੇ। ਉਦਯੋਗਾਂ, ਸਿੱਖਿਆ ਅਤੇ ਸਿਹਤ ਸੇਵਾਵਾਂ ਤੱਕ ਜਿਸ ਦੇਸ਼ ਦੀ ਵਿਆਪਕ ਪਹੁੰਚ ਹੋਵੇ ਅਤੇ ਜੋ ਉਦਯੋਗੀਕਰਨ ਦੇ ਉੱਚੇ ਪੱਧਰ 'ਤੇ ਪਹੁੰਚਿਆ ਹੋਵੇ, ਜਿਸ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਉੱਚੀ ਅਤੇ ਜੀ.ਡੀ.ਪੀ. ਉੱਚ ਪੱਧਰ ਦੀ ਹੋਵੇ। ਵਿਸ਼ਵ ਦੇ ਸਭ ਤੋਂ ਵੱਧ ਵਿਕਸਿਤ ਦੇਸ਼ ਫਿਨਲੈਂਡ, ਸਵਿਟਜ਼ਰਲੈਂਡ ਅਤੇ ਨਾਰਵੇ ਹਨ। ਏਸ਼ੀਆ ਵਿਚ ਸਭ ਤੋਂ ਵਿਕਸਿਤ ਦੇਸ਼ ਸਿੰਗਾਪੁਰ ਹੈ।

ਬਿਨਾਸ਼ੱਕ ਭਾਰਤ ਦੁਨੀਆਂ ਦੀਆਂ ਪੰਜ ਉਪਰਲੀਆਂ ਅਰਥ ਵਿਵਸਥਾਵਾਂ ਵਿਚ ਇੱਕ ਹੈ ਅਤੇ ਇਸ ਦੀ ਜੀ.ਡੀ.ਪੀ. 7 ਪ੍ਰਤੀਸ਼ਤ ਹੈ ਜੋ ਅਮਰੀਕਾ, ਚੀਨ, ਜਰਮਨੀ ਅਤੇ ਜਪਾਨ ਨਾਲ਼ੋਂ ਕਿਤੇ ਵੱਧ ਹੈ ਪਰ ਇਨ੍ਹਾਂ ਵੱਡੇ ਅਰਥਚਾਰਿਆਂ ਵਿਚੋਂ ਇੱਕ ਹੋਣ ਦੇ ਬਾਵਜੂਦ ਵੀ ਭਾਰਤ ਗ਼ਰੀਬ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ। ਵਿਸ਼ਵ ਬੈਂਕ ਅਨੁਸਾਰ ਇਹ ਹਾਲੀ ਵੀ ਨਿਮਨ ਮੱਧ ਆਮਦਨ ਵਰਗ ਵਿਚ ਸ਼ਾਮਲ ਹੈ ਅਤੇ ਇਸ ਦਾ ਵਿਸ਼ਵ ਪੱਧਰੀ ਪ੍ਰਤੀ ਜੀਅ ਆਮਦਨ 137ਵੇਂ ਸਥਾਨ 'ਤੇ ਹੈ ਅਤੇ ਭਾਰਤ ਆਮਦਨ 'ਚ ਨਾ-ਬਰਾਬਰਤਾ ਲਈ ਜਾਣਿਆ ਜਾਂਦਾ ਦੇਸ਼ ਹੈ। ਅਮੀਰ-ਗ਼ਰੀਬ ਦਾ ਇਹ ਪਾੜਾ ਦੇਸ਼ ਵਿਚ ਲਗਾਤਾਰ ਵੱਧ ਰਿਹਾ ਹੈ, ਜਿਹੜਾ ਅਮੀਰ ਅਰਥਚਾਰੇ ਦੇ ਹੁੰਦਿਆਂ ਸਿਹਤ, ਸਿੱਖਿਆ 'ਚ ਨਾ-ਬਰਾਬਰਤਾ ਦਾ ਵੱਡਾ ਕਾਰਨ ਹੈ।

ਭਾਵੇਂ ਕਿਸੇ ਵੀ ਦੇਸ਼ ਦੇ ਵੱਡੇ ਅਰਥਚਾਰੇ ਹੋਣ ਦਾ ਅਰਥ ਇਹ ਨਹੀਂ ਕਿ ਉਹ ਵਿਕਸਿਤ ਦੇਸ਼ ਹੈ। ਵੇਖਣ ਵਾਲੀ ਗੱਲ ਤਾਂ ਉਸ ਦੇਸ਼ ਵਿਚ ਇਹ ਵੀ ਹੁੰਦੀ ਹੈ ਕਿ ਉਸ ਦੇਸ਼ ਦੇ ਨਾਗਰਿਕਾਂ ਦੀ ਪ੍ਰਤੀ ਜੀਅ ਆਮਦਨ ਕਿੰਨੀ ਹੈ। ਇਹ ਵੀ ਕਿ ਉਸ ਦੇਸ਼ ਵਿਚ ਰਾਜ ਪ੍ਰਬੰਧ ਕਿਹੋ-ਜਿਹਾ ਹੈ ਤੇ ਕੀ ਉਹ ਇੱਕ ਮਜ਼ਬੂਤ ਰਾਜ ਹੈ ਅਤੇ ਵਿਸ਼ਵ ਪੱਧਰੀ ਉਸ ਦੀ ਸ਼ਾਖ਼ ਕਿਹੋ-ਜਿਹੀ ਹੈ।

ਅੱਜ ਭਾਵੇਂ ਅਸੀਂ ਅਗਲੇ ਵਰ੍ਹੇ ਜਪਾਨ, ਜਰਮਨ ਨੂੰ ਪਛਾੜ ਕੇ ਵਿਸ਼ਵ ਦਾ ਤੀਜਾ ਅਰਥਚਾਰਾ ਬਣਨ ਵੱਲ ਵੱਧ ਰਹੇ ਹਾਂ ਪਰ ਸਿਹਤ, ਸਿੱਖਿਆ ਸੁਵਿਧਾਵਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਚ ਦੇਸ਼ ਭਾਰਤ ਅੱਗੇ ਨਹੀਂ ਵੱਧ ਰਿਹਾ। ਕੁਦਰਤੀ ਸਰੋਤਾਂ ਨਾਲ਼ ਖਿਲਵਾੜ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਦੇਸ਼ ਲੋਕ ਭਲਾਈ ਹਿੱਤਾਂ ਤੋਂ ਪਾਸਾ ਵੱਟ ਰਿਹਾ ਹੈ। ਸਿਹਤ ਅਤੇ ਸਿੱਖਿਆ ਸੁਵਿਧਾਵਾਂ ਜਿਹੜੀਆਂ ਕਿ ਕਿਸੇ ਵੀ ਰਾਜ ਪ੍ਰਬੰਧ ਦਾ ਮੁੱਢਲਾ ਧੁਰਾ ਹੈ, ਉਸ ਤੋਂ ਦੇਸ਼ ਦੇ ਹਾਕਮਾਂ ਮੁੱਖ ਮੋੜ ਲਿਆ ਹੋਇਆ ਹੈ। ਭਾਵੇਂ ਕਿ ਵੱਖੋ-ਵੱਖਰੀਆਂ ਬੀਮਾ ਯੋਜਨਾਵਾਂ ਰਾਹੀਂ ਨਾਗਰਿਕਾਂ ਨੂੰ ਭਰਮਾ ਕੇ ਉਨ੍ਹਾਂ ਨੂੰ ਸਿਹਤ ਸਹੂਲਤਾਂ ਦੇਣ ਦੀ ਗੱਲ ਕੀਤੀ ਜਾਂਦੀ ਹੈ ਅਤੇ ਨਿਗੂਣੀ ਜਿਹੀ ਪੈਨਸ਼ਨ ਦੇ ਕੇ ਬੁਢਾਪਾ ਸੁਰੱਖਿਅਤ ਕਰਨ ਲਈ ਸਮਾਜਿਕ ਸੁਰੱਖਿਆ ਦੇ ਨਾਂ ਉੱਤੇ ਕੁਝ ਸੈਂਕੜੇ ਰਕਮ ਦੇਣ ਦਾ ਪ੍ਰਾਵਾਧਾਨ ਕੀਤਾ ਜਾਂਦਾ ਹੈ। ਜਦ ਕਿ ਦੇਸ਼ 'ਚ ਮਹਿੰਗਾਈ ਬੇਰੁਜ਼ਗਾਰੀ ਨੇ ਆਮ ਲੋਕਾਂ ਦਾ ਜੀਵਨ ਦੁੱਬਰ ਕੀਤਾ ਹੋਇਆ ਹੈ ਅਤੇ ਉਹ ਆਪਣੇ ਬੱਚਿਆਂ ਨੂੰ ਸੰਤੁਲਿਤ ਭੋਜਨ ਦੇਣ ਦੇ ਸਮਰੱਥ ਵੀ ਨਹੀਂ।

ਗ਼ਰੀਬੀ ਦੀ ਸਥਿਤੀ ਇਹ ਹੈ ਕਿ ਸਕੂਲੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵੀ ਮਾਪੇ ਉਨ੍ਹਾਂ ਨੂੰ ਮਜ਼ਦੂਰੀ ਵੱਲ ਧੱਕ ਦਿੰਦੇ ਹਨ ਤਾਂ ਕਿ ਪੇਟ ਦੀ ਅੱਗ ਬੁਝਾਈ ਜਾ ਸਕੇ। ਇਸ ਸੰਬੰਧੀ ਅੰਕੜਿਆਂ ਦੀ ਜ਼ੁਬਾਨੀ ਤਸਵੀਰ ਅਤਿਅੰਤ ਭਿਆਨਕ ਨਜ਼ਰ ਆਉਂਦੀ ਹੈ। ਭਾਰਤ 'ਚ 2025 'ਚ 3 ਕਰੋੜ ਤੋਂ ਵੱਧ ਬਾਲ ਮਜ਼ਦੂਰ ਹਨ। ਰਿਪੋਰਟਾਂ ਅਨੁਸਾਰ ਪੰਜ ਸਾਲ ਦੀ ਉਮਰ ਪੂਰੀ ਕਰਨ ਤੋਂ ਪਹਿਲਾਂ ਹੀ 1000 ਪਿੱਛੇ 42 ਬੱਚੇ (2020 ਦਾ ਡਾਟਾ) ਸੰਤੁਲਿਤ ਭੋਜਨ ਸਿਹਤ ਸਹੂਲਤਾਂ ਦੀ ਘਾਟ, ਹਵਾ ਪ੍ਰਦੂਸ਼ਣ ਨਾਲ਼ ਮਰ ਜਾਂਦੇ ਹਨ। ਕਾਰਨ ਸਪੱਸ਼ਟ ਹੈ ਕਿ ਆਮ ਲੋਕਾਂ ਕੋਲ ਸਾਧਨਾਂ ਦੀ ਕਮੀ, ਰੁਜ਼ਗਾਰ ਨਹੀਂ, ਆਮਦਨ ਦੇ ਸਾਧਨ ਨਹੀਂ ਹਨ। ਇੱਥੋਂ ਤੱਕ ਕਿ ਆਮ ਆਦਮੀ ਨੂੰ ਨਾ ਪੂਰੀ ਰੋਟੀ ਮਿਲਦੀ ਹੈ, ਨਾ ਇਨਸਾਫ਼।

ਸੁਚੱਜੇ ਰਾਜ ਪ੍ਰਬੰਧ ਦੀ ਕਮੀ ਅਤੇ ਸਿਆਸੀ ਖਲਾਅ ਦੇ ਚਲਦਿਆਂ ਭਾਰਤ ਆਪਣੇ ਨਾਗਰਿਕਾਂ ਨੂੰ ਉਹ ਸੁੱਖ-ਸਹੂਲਤਾਂ ਨਹੀਂ ਦੇ ਸਕਿਆ, ਜਿਸ ਦੀ ਤਵੱਕੋ ਆਮ ਲੋਕਾਂ ਨੂੰ ਸੀ। ਰਾਜ ਪ੍ਰਬੰਧ, ਕਾਨੂੰਨ, ਲੋਕਤੰਤਰ, ਬਰਾਬਰੀ, ਇਨਸਾਫ਼ ਵਰਗੇ ਸ਼ਬਦ ਧਰਮ ਦੇ ਲਬਾਦੇ ਹੇਠ ਦਫ਼ਨ ਹਨ। ਜਿਸ ਦੇ ਸਿੱਟੇ ਵਜੋਂ ਬੇਈਮਾਨ ਸਿਆਸਤ ਉੱਭਰੀ ਹੈ। ਹੈਂਕੜਬਾਜ਼ ਸਿਆਸਤਦਾਨਾਂ ਨੇ ਆਮ ਲੋਕਾਂ ਦਾ ਜਿਊਣਾ ਦੁੱਰਬਰ ਕੀਤਾ ਹੈ। ਕੁਦਰਤੀ ਸਾਧਨਾਂ ਦਾ ਘਾਣ ਕਰ ਕੇ, ਸਭ ਕੁਝ ਉਨ੍ਹਾਂ ਲੋਕਾਂ ਦੇ ਹੱਥ ਫੜਾ ਦਿੱਤਾ ਹੈ, ਜਿਨ੍ਹਾਂ ਲਈ ਮਨੁੱਖ ਦੇ ਬੁਨਿਆਦੀ ਹੱਕ ਕੋਈ ਅਰਥ ਨਹੀਂ ਰੱਖਦੇ। ਜਿਹੜੇ ਮਨੁੱਖ ਨੂੰ ਇੱਕ ਮਸ਼ੀਨ ਸਮਝਦੇ ਹਨ ਅਤੇ ਆਪਣੇ ਹਿੱਤਾਂ ਲਈ ਸਸਤੇ ਭਾਅ ਖ਼ਰੀਦ ਕੇ ਵੱਧ ਮੁਨਾਫ਼ਾ ਕਮਾਉਣਾ ਆਪਣਾ ਹੱਕ ਸਮਝਦੇ ਹਨ। ਸਿੱਟਾ-ਸਮਾਜ ਸੁੰਘੜਦਾ ਜਾ ਰਿਹਾ ਹੈ ਅਤੇ ਕੁਝ ਲੋਕਾਂ ਦੇ ਰਹਿਮੋ-ਕਰਮ 'ਤੇ ਹੈ। ਦੇਸ਼ ਦੇ ਹਾਕਮਾਂ ਵੱਲੋਂ ਵਿਕਾਸ ਦੇ ਨਾਂ ਉੱਤੇ ਕੁਦਰਤੀ ਸਾਧਨਾਂ ਸਮੇਤ ਖੇਤੀ ਜ਼ਮੀਨਾਂ 'ਤੇ ਕਬਜ਼ੇ, ਮਨੁੱਖੀ ਸੁੱਖਾਂ ਉੱਤੇ ਡਾਕਾ ਆਮ ਵੇਖਣ ਨੂੰ ਮਿਲ ਰਿਹਾ ਹੈ। ਲੋਕਾਂ ਦੀ ਪੀੜਾ ਵੱਧ ਰਹੀ ਹੈ। ਸਾਧਨ ਘੱਟ ਰਹੇ ਹਨ। ਇਹੋ ਜਿਹੇ ਹਾਲਾਤਾਂ 'ਚ ਵਿਕਸਿਤ ਦੇਸ਼ ਦਾ ਸੁਪਨਾ ਸ਼ੇਖ਼ਚਿੱਲੀ ਦੇ ਸੁਪਨੇ ਵਾਂਗਰ ਦਿਖਾਈ ਦਿੰਦਾ ਹੈ।

ਕਿਸੇ ਵੀ ਰਾਸ਼ਟਰ ਦੇ ਵਿਕਾਸ ਲਈ ਆਰਥਿਕ ਸਮਾਨਤਾ ਦਾ ਹੋਣਾ ਬੇਹੱਦ ਜ਼ਰੂਰੀ ਹੈ। ਜਦ ਤੱਕ ਨਾਗਰਿਕਾਂ ਨੂੰ ਬੁਨਿਆਦੀ ਸੁਵਿਧਾਵਾਂ ਉਪਲਬਧ ਨਹੀਂ, ਵਿਕਾਸ ਦੇ ਸਾਰੇ ਦਾਅਵੇ ਅਧੂਰੇ ਹੀ ਸਾਬਤ ਹੋਣਗੇ।

ਦੁਨੀਆ ਭਰ ਵਿਚ ਆਰਥਿਕ ਅਸਮਾਨਤਾ ਵੱਧਣ ਨਾਲ਼ ਆਰਥਿਕ ਅਸਥਿਰਤਾ ਵੀ ਵੱਧ ਰਹੀ ਹੈ। ਆਮ ਵਿਅਕਤੀ ਦੀ ਸਿੱਖਿਆ, ਸਿਹਤ, ਰੁਜ਼ਗਾਰ ਜਿਹੀਆਂ ਬੁਨਿਆਦੀ ਜ਼ਰੂਰਤਾਂ ਤੱਕ ਪਹੁੰਚ ਵੀ ਸੀਮਤ ਹੋ ਰਹੀ ਹੈ। ਇਸ ਨਾਲ਼ ਕਮਜ਼ੋਰ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ।

ਪਰ ਸੋਚਣ ਵਾਲੀ ਗੱਲ ਹੈ ਕਿ ਅਮੀਰ-ਗ਼ਰੀਬ 'ਚ ਪਾੜਾ ਵੱਧ ਕਿਉਂ ਰਿਹਾ ਹੈ? ਭਾਰਤ ਵਰਗੀ ਅਰਥ ਵਿਵਸਥਾ ਵਿਚ ਇੱਕ ਰਿਪੋਰਟ ਅਨੁਸਾਰ ਦੇਸ਼ ਦੀ ਕੁੱਲ ਜਾਇਦਾਦ ਦਾ ਕਰੀਬ 40 ਫ਼ੀਸਦੀ ਹਿੱਸਾ ਮਹਿਜ਼ ਇੱਕ ਫ਼ੀਸਦੀ ਲੋਕਾਂ ਕੋਲ ਹੈ। ਅੰਦਾਜ਼ਾ ਲੱਗ ਸਕਦਾ ਹੈ ਕਿ ਦੇਸ਼ 'ਚ ਆਰਥਿਕ ਅਸੰਤੁਲਨ ਕਿੱਥੇ ਪੁੱਜ ਚੁੱਕਾ ਹੈ। ਇਹ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਨਹੀਂ ਕਿ ਦੇਸ਼ ਦੀ ਜਾਇਦਾਦ ਦਾ ਵੱਡਾ ਹਿੱਸਾ 'ਕੁਝ ਲੋਕਾਂ' ਦੇ ਹੱਥਾਂ ਵਿਚ ਆ ਜਾਏਗਾ ਤਾਂ ਉਸਦਾ ਸਿੱਟਾ ਕੀ ਹੋਏਗਾ।

ਅਜ਼ਾਦੀ ਦੇ ਸੌਵੇਂ ਸਾਲ 2047 ਲਈ ਵਿਕਸਿਤ ਭਾਰਤ ਦੇ ਸੁਪਨੇ ਵੱਡੇ ਹਨ। ਦੇਸ਼ ਨੇ ਆਬਾਦੀ 'ਤੇ ਕਾਬੂ ਪਾਉਣਾ ਹੈ, ਅਸਮਾਨਤਾ ਘਟਾਉਣੀ ਹੈ, ਰੁਜ਼ਗਾਰ ਪੈਦਾ ਕਰਨਾ ਹੈ। ਵਿਸ਼ਵ ਸ਼ਾਂਤੀ ਲਈ ਕੰਮ ਕਰਨਾ ਹੈ। ਵਿਸ਼ਵ ਪੱਧਰੀ ਵਪਾਰ ਲਈ ਨਵੇਂ ਦਿਸਹੱਦੇ ਸਿਰਜਣੇ ਹਨ। ਚੰਗੇ ਰਾਜ ਪ੍ਰਬੰਧ ਦੇ ਨਾਲ਼ ਆਤਮ ਨਿਰਭਰ ਭਾਰਤ ਦੀ ਸਥਾਪਨਾ ਕਰਨੀ ਹੈ। ਹਰ ਪਰਿਵਾਰ-ਬੱਚੇ, ਨੌਜਵਾਨ, ਬਜ਼ੁਰਗ ਸਭ ਨੂੰ ਬੁਨਿਆਦੀ ਸੁਵਿਧਾਵਾਂ ਦੇਣੀਆਂ ਹਨ। ਸੰਤੁਲਿਤ ਆਰਥਿਕ ਵਿਕਾਸ ਸਮੇਂ ਦੀ ਵੱਡੀ ਲੋੜ ਹੈ। ਅਜ਼ਾਦੀ ਦੇ 78 ਸਾਲਾਂ 'ਚ ਜੋ ਪ੍ਰਾਪਤੀਆਂ ਨਹੀਂ ਹੋ ਸਕੀਆਂ, ਗ਼ਰੀਬ-ਗੁਰਬੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੋ ਵਿਸਵੇ ਕੋਈ ਸਾਰਥਿਕ ਯਤਨ ਨਹੀਂ ਹੋਏ, ਉਹ ਪੂਰੇ ਕਰਨੇ ਹਨ। ਤਦੇ ਭਾਰਤ 'ਵਿਕਸਿਤ ਭਾਰਤ' ਬਣੇਗਾ।

ਉਂਵ ਵੀ ਵਿਕਸਿਤ ਦੇਸ਼ ਦਾ ਸੁਪਨਾ ਤਾਂ ਤਾਂ ਹੀ ਪੂਰਾ ਹੋ ਸਕਦਾ ਹੈ, ਜੇ ਰਾਜ ਵਧੀਆ ਸ਼ਾਸਨ ਦੇਵੇ, ਅਤੇ ਇਸ ਸਭ ਕੁਝ ਦੀ ਪੂਰਤੀ ਲਈ ਇਮਾਨਦਾਰਾਨਾਂ ਯਤਨ, ਯੋਜਨਾਵਾਂ ਹੋਣ। ਪਰ ਜੇਕਰ ਉਨ੍ਹਾਂ ਦੀ ਥਾਂ 'ਤੇ ਦੰਭ ਦੀ ਸਿਆਸਤ ਹੋਵੇ, ਸਖ਼ਸ਼ੀ ਉਭਾਰ ਦੀ ਖਾਹਿਸ਼ ਹੋਵੇ, ਰਾਜ ਭਾਗ ਤੇ ਕਬਜ਼ਾ ਰੱਖਣ ਦੀ ਨੀਤੀ ਹੋਵੇ ਤਾਂ ਕਿਸੇ ਵੀ ਹਾਲਾਤ 'ਚ ਇਹ ਲੋਕ-ਸੁਪਨੇ ਹਕੀਕਤ 'ਚ ਤਬਦੀਲ ਨਹੀਂ ਹੋ ਸਕਦੇ।

# ਗ੍ਰੀਨਲੈਂਡ: ਟਰੰਪ ਅਤੇ ਨਾਟੋ ਸੰਗੀਆਂ ਦਰਮਿਆਨ ਵਧ ਰਹੀ ਕਸ਼ੀਦਗੀ

***ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਗ੍ਰੀਨਲੈਂਡ ਬਾਰੇ ਕੀਤੇ ਹਾਲੀਆ ਐਲਾਨਾਂ ਕਾਰਨ ਦੁਨੀਆ ਦੀ ਮਹਾਂਸ਼ਕਤੀ ਅਮਰੀਕਾ ਅਤੇ ਉਸਦੇ ਨਾਟੋ ਸਹਿਯੋਗੀਆਂ ਦਰਮਿਆਨ ਟਕਰਾਅ ਦੀ ਸਥਿਤੀ ਬਣ ਗਈ ਹੈ। ਇਸ ਪਿੱਛੇ ਅਮਰੀਕਾ ਦੀ ਕਥਿਤ ਸੁਰੱਖਿਆ ਦਾ ਸਵਾਲ ਕੀ ਹੈ, ਅਤੇ ਅਮਰੀਕੀ ਸਦਰ ਦੇ ਇਹ ਤੇਵਰ ਕਿਵੇਂ ਮੁਲਕਾਂ ਦੀ ਸੁਤੰਤਰ ਹੈਸੀਅਤ ਦੇ ਵਿਰੁੱਧ ਜਾਂਦੇ ਹਨ, ਇਨ੍ਹਾਂ ਸਵਾਲਾਂ ਦੀ ਚਰਚਾ ਇਸ ਟਿੱਪਣੀ ਵਿਚ ਕੀਤੀ ਗਈ ਹੈ। ਸੰਪਾਦਕ***

ਬੂਟਾ ਸਿੰਘ ਮਹਿਮੂਦਪੁਰ

ਵੇਨੇਜ਼ੁਏਲਾ ਉੱਪਰ ਹਵਾਈ ਹਮਲੇ ਰਾਹੀਂ ਮੌਤ ਦਾ ਛੱਟਾ ਦੇ ਕੇ ਰਾਸ਼ਟਰਪਤੀ ਨਿਕੋਲਾਸ ਮਾਦੁਰੋ ਤੇ ਉਸਦੀ ਜੀਵਨ-ਸਾਥਣ ਨੂੰ ਅਗਵਾ ਕਰ ਲੈਣ ਤੋਂ ਬਾਅਦ ਡੋਨਾਲਡ ਟਰੰਪ ਸਰਕਾਰ ਦੀ ਸਾਮਰਾਜਵਾਦੀ ਧੌਂਸ ਹੋਰ ਵੀ ਖੁੱਲ੍ਹੀਆਂ ਧਮਕੀਆਂ ਦੇ ਰੂਪ 'ਚ ਲਗਾਤਾਰ ਉਜਾਗਰ ਹੋ ਰਹੀ ਹੈ। ਕਿਊਬਾ ਅਤੇ ਕੋਲੰਬੀਆ ਨੂੰ ਧਮਕਾਉਣਾ, ਮੈਕਸੀਕੋ ਵਿਚ ਜ਼ਮੀਨੀ ਹਮਲਾ ਕਰਨ ਦੇ ਸੰਕੇਤ ਦੇਣਾ, ਇਰਾਨ ਉੱਪਰ ਹਮਲੇ ਦੀ ਧਮਕੀ ਦੇਣਾ, ਇਸਦੇ ਕੁਝ ਤਾਜ਼ਾ ਇਜ਼ਹਾਰ ਹਨ।

ਇਸੇ ਲੜੀ 'ਚ ਗ੍ਰੀਨਲੈਂਡ ਉੱਪਰ ਕਬਜ਼ਾ ਕਰਨ ਦਾ ਐਲਾਨ ਕਰਕੇ ਟਰੰਪ ਨੇ ਇਸ ਟਾਪੂ ਉੱਪਰ ਇਕ ਵਾਰ ਫਿਰ ਧਾੜਵੀ ਦਾਅਵਾ ਕਰ ਦਿੱਤਾ ਹੈ। ਵੀਹ ਲੱਖ ਵਰਗ ਕਿਲੋਮੀਟਰ ਤੋਂ ਵੀ ਵੱਧ ਖੇਤਰਫਲ ਵਿਚ ਫੈਲਿਆ ਹੋਇਆ ਇਹ ਉੱਤਰੀ ਐਟਲਾਂਟਿਕ ਮਹਾਸਾਗਰ ਦਾ ਵਿਸ਼ਾਲ ਟਾਪੂ ਹੁਣ ਅਮਰੀਕਨ ਸਲਤਨਤ ਅਤੇ ਯੂਰਪੀ ਯੂਨੀਅਨ ਦਰਮਿਆਨ ਤਣਾਅ ਤੇ ਝਗੜੇ ਦਾ ਕੇਂਦਰ ਬਣ ਗਿਆ ਹੈ—ਖ਼ਾਸ ਕਰਕੇ ਡੈਨਮਾਰਕ ਨਾਲ, ਜਿਸਨੂੰ ਲੰਮੇ ਸਮੇਂ ਤੋਂ ਸਲਤਨਤ ਦਾ ਸਭ ਤੋਂ ਭਰੋਸੇਮੰਦ ਸੰਗੀ ਮੰਨਿਆ ਜਾਂਦਾ ਰਿਹਾ ਹੈ। ਗ੍ਰੀਨਲੈਂਡ ਡੈਨਮਾਰਕ ਦੇ ਕੰਟਰੋਲ ਹੇਠ ਹੈ ਅਤੇ ਡੈਨਮਾਰਕ ਨਾਟੋ ਦਾ ਮੈਂਬਰ ਹੈ। ਇਹ ਟਾਪੂ ਅਮਰੀਕਾ ਲਈ ਯੁੱਧਨੀਤਕ ਪੱਖੋਂ ਮਹੱਤਵਪੂਰਨ ਹੋਣ ਦੇ ਨਾਲ-ਨਾਲ ਇਸਦੀ ਗਿਰਝ ਅੱਖ ਉੱਥੋਂ ਦੇ ਖਣਿਜ ਭੰਡਾਰਾਂ ਉੱਪਰ ਵੀ ਹੈ। ਭਾਵੇਂ, ਉੱਥੋਂ ਤੇਲ ਅਤੇ ਗੈਸ ਨਹੀਂ ਕੱਢੀ ਜਾਂਦੀ, ਪਰ ਇਹ ਟਾਪੂ ਅਜਿਹੇ ਖਣਿਜਾਂ ਨਾਲ ਭਰਪੂਰ ਹੈ ਜੋ ਯੂਰਪੀ ਯੂਨੀਅਨ ਵੱਲੋਂ ਬਣਾਈ 'ਅਤਿ-ਜ਼ਰੂਰੀ ਕੱਚੇ ਖਣਿਜ ਪਦਾਰਥਾਂ' ਦੀ ਸੂਚੀ ਵਿਚ ਸ਼ਾਮਲ ਹਨ।

ਅਮਰੀਕੀ ਹੁਕਮਰਾਨ ਜਮਾਤ ਦੀ ਗ੍ਰੀਨਲੈਂਡ ਨੂੰ ਖ਼ਰੀਦਣ ਦੀ ਇਹ ਪਹਿਲੀ ਕੋਸ਼ਿਸ਼ ਨਹੀਂ ਹੈ। 1867 ਵਿਚ ਰੂਸ ਤੋਂ ਅਲਾਸਕਾ ਖ਼ਰੀਦਣ ਤੋਂ ਬਾਅਦ, ਉਸ ਸਮੇਂ ਦੇ ਵਿਦੇਸ਼ ਮੰਤਰੀ ਵਿਲੀਅਮ ਐੱਚ. ਸਿਊਅਰਡ ਨੇ ਗ੍ਰੀਨਲੈਂਡ ਖ਼ਰੀਦਣ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ। ਦੂਜੇ ਆਲਮੀ ਯੁੱਧ ਦੌਰਾਨ, ਡੈਨਮਾਰਕ 'ਤੇ ਜਰਮਨੀ ਦੇ ਹਮਲੇ ਤੋਂ ਬਾਅਦ ਅਮਰੀਕਾ ਨੇ ਗ੍ਰੀਨਲੈਂਡ 'ਤੇ ਕਬਜ਼ਾ ਕਰਕੇ ਉੱਥੇ ਆਪਣਾ ਫ਼ੌਜੀ ਅੱਡਾ ਅਤੇ ਰੇਡੀਓ ਕੇਂਦਰ ਬਣਾ ਲਏ ਸਨ। ਅੱਜ ਵੀ ਅਮਰੀਕਾ ਨੇ ਉੱਤਰੀ-ਪੱਛਮ ਵਿਚ ਸਥਿਤ ਪਿਟੂਫਿਕ ਸਪੇਸ ਬੇਸ ਵਿਚ ਆਪਣੀ ਸਥਾਈ ਮੌਜੂਦਗੀ ਬਣਾਈ ਹੋਈ ਹੈ। 1946 ਵਿਚ, ਜਦੋਂ ਗ੍ਰੀਨਲੈਂਡ ਅਜੇ ਡੈਨਮਾਰਕ ਦੀ ਬਸਤੀ ਸੀ, ਅਮਰੀਕੀ ਰਾਸ਼ਟਰਪਤੀ ਹੈਰੀ ਐਸ. ਟਰੂਮੈਨ ਨੇ ਗੁਪਤ ਤੌਰ 'ਤੇ ਇਸ ਟਾਪੂ ਬਦਲੇ ਡੈਨਮਾਰਕ ਨੂੰ 10 ਕਰੋੜ ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਕੋਪਨਹੇਗਨ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ। ਇਹ ਭੇਤ 1991 ਵਿਚ ਸਾਹਮਣੇ ਆਇਆ ਸੀ।

ਟਰੰਪ ਦੇ ਇਸ ਧਾੜਵੀ ਮਨਸੂਬੇ ਵਿਰੁੱਧ ਗ੍ਰੀਨਲੈਂਡ ਅਤੇ ਡੈਨਮਾਰਕ ਵਿਚ ਤਿੱਖੇ ਵਿਰੋਧ ਪ੍ਰਦਰਸ਼ਨ ਹੋਏ ਹਨ। ਟਰੰਪ ਦੇ ਐਲਾਨਾਂ ਤੋਂ ਪ੍ਰੇਸ਼ਾਨ ਯੂਰਪੀ ਯੂਨੀਅਨ ਦੇ ਹੁਕਮਰਾਨ ਵੀ ਟਰੰਪ ਦੀ ਧਮਕੀ ਨਾਲ ਨਜਿੱਠਣ ਲਈ ਹੱਥ-ਪੈਰ ਮਾਰ ਰਹੇ ਹਨ। ਉਨ੍ਹਾਂ ਦੀ ਨਾਟੋ ਦੀਆਂ ਫ਼ੌਜੀ ਤਾਕਤਾਂ ਲਈ ਬਜਟ ਵਧਾਉਣ ਦੀ ਵਚਨਬੱਧਤਾ ਵੀ ਟਰੰਪ ਦੀ ਬੇਲਗਾਮ ਲਾਲਸਾ ਨੂੰ ਖ਼ੁਸ਼ ਨਹੀਂ ਕਰ ਸਕੀ। ਯੂਰਪੀ ਪਾਰਲੀਮੈਂਟ ਨੇ ਯੂਰਪੀ ਯੂਨੀਅਨ-ਅਮਰੀਕਾ ਦਰਮਿਆਨ ਵਿਉਂਤੀਆਂ ਵਪਾਰਕ ਵਾਰਤਾਵਾਂ ਰੋਕ ਦਿੱਤੀਆਂ ਹਨ। ਯੂਰਪੀ ਰਾਜਦੂਤਾਂ ਦੀ ਮੀਟਿੰਗ ਵੱਲੋਂ ਅਮਰੀਕੀ ਵਸਤਾਂ ਉੱਪਰ ਪਹਿਲਾਂ ਹੀ ਵਿਉਂਤੇ 93 ਅਰਬ ਡਾਲਰ ਜਵਾਬੀ ਟੈਰਿਫਾਂ ਨੂੰ ਲਾਗੂ ਕਰਨ ਦਾ ਕਦਮ ਵੀ ਚੁੱਕਿਆ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਯੂਰਪੀ ਯੂਨੀਅਨ ਦੇ 27 ਮੈਂਬਰ ਰਾਜਾਂ ਨੇ ਆਪਣਾ ਐਮਰਜੈਂਸੀ ਸਿਖ਼ਰ ਸੰਮੇਲਨ ਸੱਦ ਲਿਆ ਹੈ। ਬੇਸ਼ੱਕ, ਫਰਾਂਸ ਅਤੇ ਯੂ.ਕੇ. ਸਮੇਤ ਸੱਤ ਯੂਰਪੀ ਮੁਲਕਾਂ ਵੱਲੋਂ ਗ੍ਰੀਨਲੈਂਡ ਵਿਚ ਆਪਣੇ ਕੁਝ ਦਰਜਨ ਫ਼ੌਜੀ ਭੇਜਣ ਦੀ ਸੰਕੇਤਕ ਕਾਰਵਾਈ 'ਯੂਰੋ-ਐਟਲਾਂਟਿਕ ਸੁਰੱਖਿਆ' ਅਤੇ ਨਾਟੋ ਪ੍ਰਤੀ ਵਫ਼ਾਦਾਰੀ ਦੀਆਂ ਸੌਂਹਾਂ ਨਾਲ ਜੁੜ ਕੇ ਅਮਰੀਕਾ ਲਈ ਕੋਈ ਖ਼ਾਸ ਵਿਹਾਰਕ ਚੁਣੌਤੀ ਨਹੀਂ ਬਣਦੀ, ਪਰ ਡੈਨਮਾਰਕ ਵੱਲੋਂ ਵਧੀਕ ਫ਼ੌਜੀ ਤਾਕਤਾਂ ਭੇਜਣ ਅਤੇ ਨਾਟੋ ਦੇ ਜਨਰਲ ਸਕੱਤਰ ਵੱਲੋਂ ਡੈਨਿਸ਼ ਰੱਖਿਆ ਮੰਤਰੀ ਤੇ ਗ੍ਰੀਨਲੈਂਡ ਦੇ ਬਦੇਸ਼ ਮੰਤਰੀ ਨੂੰ ਮਿਲ ਕੇ ਟਾਪੂ ਦੀ ਸੁਰੱਖਿਆ ਲਈ ਸਾਂਝਾ ਨਾਟੋ ਮਿਸ਼ਨ ਸਥਾਪਤ ਕਰਨ ਦੀਆਂ ਰਿਪੋਰਟਾਂ ਵਧ ਰਹੇ ਟਕਰਾਅ ਦਾ ਸੰਕੇਤ ਹਨ।

ਟਰੰਪ ਦੇ ਹਮਲਾਵਰ ਤੇਵਰਾਂ ਨੂੰ ਦੇਖਦਿਆਂ ਯੂਰਪ ਦੀਆਂ ਸਾਰੀਆਂ ਹੀ ਵੱਡੀਆਂ ਸਰਕਾਰਾਂ ਨੇ ਡੈਨਮਾਰਕ ਪੱਖੀ ਸਟੈਂਡ ਲਿਆ ਹੈ। ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਫੌਨ ਡੇਰ ਲੇਯੇਨ ਨੇ ਅਮਰੀਕਾ ਅਤੇ ਡੈਨਮਾਰਕ ਦਰਮਿਆਨ ਗੱਲਬਾਤ ਉੱਪਰ ਜ਼ੋਰ ਦਿੰਦਿਆਂ ਕਿਹਾ ਕਿ ਯੂਰਪੀ ਯੂਨੀਅਨ ਡੈਨਮਾਰਕ ਅਤੇ ਗ੍ਰੀਨਲੈਂਡ ਦੇ ਲੋਕਾਂ ਨਾਲ ਪੂਰੀ ਇਕਜੁੱਟਤਾ ਨਾਲ ਖੜ੍ਹੀ ਹੈ।...ਯੂਰਪ ਇਕਜੁੱਟ, ਤਾਲਮੇਲ 'ਚ ਅਤੇ ਆਪਣੀ ਪ੍ਰਭੂਸੱਤਾ ਦੀ ਰਾਖੀ ਲਈ ਵਚਨਬੱਧ ਬਣਿਆ ਰਹੇਗਾ। ਵਾਸ਼ਿੰਗਟਨ ਨਾਲ ਆਪਣੇ ਖ਼ਾਸ ਰਿਸ਼ਤੇ ਅਤੇ ਬਰੈਗਜ਼ਿਟ ਦੇ ਸਮੇਂ ਤੋਂ ਆਪਣੇ ਯੂਰਪੀ ਯੂਨੀਅਨ ਤੋਂ ਵੱਖਰੇ ਦਰਜੇ ਦੇ ਬਾਵਜੂਦ ਯੂ.ਕੇ. ਦੀ ਸਟਾਰਮਰ ਸਰਕਾਰ ਨੇ ਟਰੰਪ ਦੀ ਆਲੋਚਨਾ ਕੀਤੀ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਡੈਨਮਾਰਕ ਦੇ ਹੱਕ ਵਿਚ ਸਟੈਂਡ ਲਿਆ ਹੈ ਅਤੇ ਨਾਟੋ ਸੰਗੀਆਂ ਵਿਰੁੱਧ ਟੈਰਿਫ਼ ਲਗਾਏ ਜਾਣ ਨੂੰ ਗ਼ਲਤ ਕਰਾਰ ਦਿੰਦਿਆਂ ਇਹ ਮਾਮਲਾ ਸਿੱਧਾ ਟਰੰਪ ਪ੍ਰਸ਼ਾਸਨ ਨਾਲ ਉਠਾਉਣ ਦੀ ਗੱਲ ਕੀਤੀ ਹੈ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨੇ ਟਰੰਪ ਵੱਲੋਂ ਲਗਾਏ ਟੈਰਿਫ ਡੰਨ ਦਾ ਮੁਕਾਬਲਾ ਕਰਨ ਲਈ ਯੂਰਪੀ ਯੂਨੀਅਨ ਦਾ 'ਟਰੇਡ ਬਜ਼ੂਕਾ' ਹਥਿਆਰ (ਐਂਟੀ-ਕੋਏਰਸ਼ਨ ਇੰਸਟਰੂਮੈਂਟ – ਏਸੀਆਈ) ਵਰਤਣ ਦੀ ਗੱਲ ਕਹੀ ਹੈ। ਇਹ ਹਥਿਆਰ ਯੂਰਪੀ ਯੂਨੀਅਨ ਨੂੰ ਅਮਰੀਕੀ ਕੰਪਨੀਆਂ ਉੱਪਰ ਯੂਰਪੀ ਸਰਕਾਰੀ ਠੇਕਿਆਂ (ਡਿਫੈਂਸ ਸਮੇਤ) ਵਿਚ ਪਾਬੰਦੀ ਲਾਉਣ, ਯੂਰਪ ਵਿਚ ਅਮਰੀਕੀ ਵਿਤੀ ਤੇ ਟੈੱਕ ਕੰਪਨੀਆਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਕੀਤੇ ਜਾਣ ਵਾਲੇ ਭੁਗਤਾਨਾਂ ਵਿਚ ਕਟੌਤੀ ਕਰਨ, ਅਤੇ ਅਮਰੀਕੀ ਕੰਪਨੀਆਂ ਨੂੰ ਬੌਧਿਕ ਜਾਇਦਾਦ ਨਾਲ ਜੁੜੀ ਰਾਇਲਟੀ ਨੂੰ ਰੋਕਣ ਦੀ ਇਜਾਜ਼ਤ ਦਿੰਦਾ ਹੈ। ਪਰ ਯੂਰਪੀ ਗੱਠਜੋੜ ਦੇ ਸਾਰੇ ਹੁਕਮਰਾਨਾਂ ਦੀ ਇਸ ਨੂੰ ਲੈ ਕੇ ਇਕਜੁੱਟ ਰਾਇ ਅਜੇ ਸਾਹਮਣੇ ਨਹੀਂ ਆਈ।

ਇਸ ਸਾਂਝੇ ਵਿਰੋਧ ਤੋਂ ਭੜਕੇ ਟਰੰਪ ਨੇ ਡੈੱਨਮਾਰਕ, ਨਾਰਵੇ, ਸਵੀਡਨ, ਫਰਾਂਸ, ਜਰਮਨੀ, ਯੂ.ਕੇ., ਨੀਦਰਲੈਂਡ ਅਤੇ ਫਿਨਲੈਂਡ ਨੂੰ ਆਰਥਕ ਝਟਕਾ ਦੇਣ ਲਈ ਉਨ੍ਹਾਂ ਵਿਰੁੱਧ ਟੈਰਿਫ ਯੁੱਧ ਛੇੜ ਦਿੱਤਾ ਹੈ। ਇਨ੍ਹਾਂ ਮੁਲਕਾਂ ਵੱਲੋਂ ਅਮਰੀਕਾ ਨੂੰ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਉੱਪਰ ਟਰੰਪ ਨੇ ਪਹਿਲੀ ਫਰਵਰੀ ਤੋਂ 10% ਟੈਰਿਫ ਲਾਉਣ ਦਾ ਐਲਾਨ ਕਰ ਦਿੱਤਾ ਹੈ, ਜਿਸਨੂੰ ਪਹਿਲੀ ਜੂਨ ਤੋਂ ਵਧਾ ਕੇ 25% ਕਰ ਦਿੱਤਾ ਜਾਵੇਗਾ। ਬਰਤਾਨਵੀ ਉਤਪਾਦਾਂ ਉੱਪਰ ਪਹਿਲਾਂ ਹੀ ਲਾਗੂ 10% ਅਤੇ ਯੂਰਪੀ ਯੂਨੀਅਨ ਦੇ ਉਤਪਾਦਾਂ ਉੱਪਰ ਲਾਗੂ 15% ਟੈਰਿਫ ਵਿਚ ਜੁੜ ਕੇ ਇਹ ਕਦਮ ਅਮਰੀਕਾ ਅਤੇ ਯੂਰਪ ਦਰਮਿਆਨ ਵਪਾਰ ਉੱਪਰ ਤਬਾਹਕੁਨ ਅਸਰ ਪਾ ਸਕਦਾ ਹੈ। ਹੁਣ ਦੇਖਣਾ ਇਹ ਹੈ ਕਿ ਯੂਰਪੀ ਯੂਨੀਅਨ ਮੁਲਕਾਂ ਦੀਆਂ ਸਰਕਾਰਾਂ ਇਕਜੁੱਟ ਹੋ ਕੇ ਮੋੜਵਾਂ ਟੈਰਿਫ ਵਾਰ ਕਰਦੀਆਂ ਹਨ ਜਾਂ ਟਰੰਪ ਦੀ ਗ੍ਰੀਨਲੈਂਡ ਨੂੰ ਹੜੱਪਣ ਦੇ ਧਾੜਵੀ ਜੋਸ਼ ਨੂੰ ਠੰਢਾ ਕਰਨ ਲਈ ਕੋਈ ਵਿਚਕਾਰਲਾ ਰਾਹ ਅਖ਼ਤਿਆਰ ਕਰਦੀਆਂ ਹਨ।

ਗ੍ਰੀਨਲੈਂਡ ਉੱਪਰ ਕਬਜ਼ੇ ਦੀ ਧਮਕੀ ਦਾ ਮਤਲਬ ਹੈ ਕਿ ਟਰੰਪ ਦੂਜੇ ਆਲਮੀ ਯੁੱਧ ਤੋਂ ਬਾਅਦ ਬਣੇ ਨਾਟੋ ਗੱਠਜੋੜ ਦੀ ਬਲੀ ਦੇਣ ਲਈ ਵੀ ਤਿਆਰ ਹੈ। ਜੇਕਰ ਯੂਰਪੀ ਤਾਕਤਾਂ ਟਰੰਪ ਦੇ ਸਾਹਮਣੇ ਨਹੀਂ ਝੁਕਦੀਆਂ, ਤਾਂ ਨਾਟੋ ਗੱਠਜੋੜ ਟੁੱਟ ਵੀ ਸਕਦਾ ਹੈ ਜਾਂ 'ਸੰਗੀਆਂ' ਦਰਮਿਆਨ ਟਕਰਾਅ ਵਧਣ ਦੀ ਨੌਬਤ ਆ ਸਕਦੀ ਹੈ। ਇਹ ਧਮਕੀ ਮਹਿਜ਼ ਭੜਕਾਊ ਹਰਕਤ ਨਹੀਂ ਹੈ। ਇਹ ਨਵੀਂ ਅਤੇ ਖ਼ਤਰਨਾਕ ਦਿਸ਼ਾ ਦਾ ਸੰਕੇਤ ਹੈ: ਹੁਣ ਅਮਰੀਕਾ ਸਿਰਫ਼ ਕਮਜ਼ੋਰ ਮੁਲਕਾਂ ਉੱਪਰ ਹੀ ਨਹੀਂ, ਆਪਣੇ ਪੁਰਾਣੇ 'ਸੰਗੀਆਂ' ਵਿਰੁੱਧ ਵੀ ਖੁੱਲ੍ਹੀ ਤਾਕਤ ਅਜ਼ਮਾਉਣ ਲਈ ਤਿਆਰ ਹੈ।

ਦੁਨੀਆ ਭਰ ਵਿਚ ਪ੍ਰਵਾਨਤ ਅਸੂਲ ਅਨੁਸਾਰ ਕਿਸੇ ਵੀ ਮੁਲਕ ਦੀ ਪ੍ਰਭੂਸੱਤਾ ਅਟੱਲ ਮੰਨੀ ਗਈ ਹੈ। ਆਪਣੀ ਕਮਜ਼ੋਰ ਹੋ ਰਹੀ ਸੰਸਾਰ ਚੌਧਰ ਨੂੰ ਮੁੜ ਮਜ਼ਬੂਤ ਕਰਨ ਲਈ ਪਾਗਲ ਹੋਏ ਅਮਰੀਕੀ ਹੁਕਮਰਾਨਾਂ ਨੂੰ ਇਸ ਦੀ ਪ੍ਰਵਾਹ ਨਹੀਂ ਹੈ। ਉਨ੍ਹਾਂ ਮੁਤਾਬਿਕ ਕਿਸੇ ਵੀ ਮੁਲਕ ਦੇ ਕਿਸੇ ਖੇਤਰ ਨੂੰ ਜਦੋਂ ਮਰਜ਼ੀ ਫ਼ੌਜੀ ਤਾਕਤ ਨਾਲ ਕਬਜ਼ੇ 'ਚ ਲਿਆ ਜਾ ਸਕਦਾ ਹੈ ਜਾਂ ਸੌਦੇਬਾਜ਼ੀ ਕਰਕੇ ਖ਼ਰੀਦਿਆ ਜਾ ਸਕਦਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਟਰੰਪ ਨੇ ਤਾਂ ਗ੍ਰੀਨਲੈਂਡ ਦਾ 500-700 ਅਰਬ ਅਮਰੀਕੀ ਡਾਲਰ ਮੁੱਲ ਵੀ ਪਾ ਦਿੱਤਾ ਹੈ। ਸਾਬਕਾ ਅਮਰੀਕੀ ਅਧਿਕਾਰੀਆਂ ਅਤੇ ਵਿਦਵਾਨਾਂ ਦੇ ਹਵਾਲੇ ਨਾਲ ਐੱਨਬੀਸੀ ਦੀ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ ਟਰੰਪ ਵੱਲੋਂ ਆਪਣੇ ਬਦੇਸ਼ ਮੰਤਰੀ ਨੂੰ ਗ੍ਰੀਨਲੈਂਡ ਨੂੰ ਖ਼ਰੀਦਣ ਦੀ ਯੋਜਨਾ ਤਿਆਰ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਯੋਜਨਾ ਵਿਚ ਸਿੱਧੀ ਖ਼ਰੀਦ ਤੋਂ ਇਲਾਵਾ ਹੋਰ ਬਦਲ ਵੀ ਸ਼ਾਮਲ ਹਨ: 'ਫਰੀ ਐਸੋਸੀਏਸ਼ਨ' ਵਿਵਸਥਾ, ਜਿਸ ਵਿਚ ਵਿਤੀ ਸਹਾਇਤਾ ਬਦਲੇ ਉੱਥੇ ਅਮਰੀਕੀ ਫ਼ੌਜ ਦੀ ਮੌਜੂਦਗੀ ਵਧਾਈ ਜਾਵੇਗੀ।

ਇਹ ਇਕ ਆਪਹੁਦਰੇ ਹੁਕਮਰਾਨ ਦੀ ਸਨਕ ਜਾਂ ਪਾਗਲਪਨ ਨਹੀਂ ਹੈ। ਜੋ ਕੁਝ ਹੋ ਰਿਹਾ ਹੈ, ਇਹ ਵਿਉਂਤਬੱਧ ਫਾਸ਼ਿਸਟ ਯੁੱਧਨੀਤੀ ਹੈ। ਜਦੋਂ ਦੁਨੀਆ ਵਿਚ ਤਾਕਤਾਂ ਦਾ ਤਵਾਜ਼ਨ ਬਦਲ ਚੁੱਕਾ ਹੈ ਅਤੇ ਚੀਨ ਸਾਮਰਾਜਵਾਦੀ ਤਾਕਤ ਵਜੋਂ ਉੱਭਰ ਕੇ ਅਮਰੀਕਾ ਦੀ ਸੰਸਾਰ ਚੌਧਰ ਨੂੰ ਚੁਣੌਤੀ ਦੇ ਰਿਹਾ ਹੈ ਤਾਂ ਅਮਰੀਕਨ ਹਾਕਮ ਜਮਾਤ ਤਮਾਮ ਕਾਨੂੰਨੀ ਬੰਦਸ਼ਾਂ ਅਤੇ ਨੈਤਿਕ ਰੋਕਾਂ ਦਾ ਮਜ਼ਾਕ ਉਡਾ ਕੇ ਦੁਨੀਆ ਵਿਚ ਖੁੱਲ੍ਹਮਖੁੱਲ੍ਹਾ ਫ਼ੌਜੀ ਦਬਦਬਾ ਕਾਇਮ ਕਰਨ ਦੀ ਯੋਜਨਾ ਤਹਿਤ ਕੰਮ ਕਰ ਰਹੀ ਹੈ ਤਾਂ ਜੋ ਸੰਸਾਰ ਦੇ ਮੌਜੂਦਾ ਹਾਲਾਤ ਵਿਚ ਅਮਰੀਕੀ ਦਬਦਬੇ ਨੂੰ ਦੁਬਾਰਾ ਮਜ਼ਬੂਤ ਕੀਤਾ ਜਾ ਸਕੇ। ਜਦੋਂ ਦੁਨੀਆ ਵਿਚ ਪਰਮਾਣੂ ਹਥਿਆਰਾਂ ਨਾਲ ਲੈਸ ਤਾਕਤਾਂ ਆਪਸ ਵਿਚ ਭਿਆਨਕ ਮੁਕਾਬਲੇਬਾਜ਼ੀ ਵਿਚ ਲੱਗੀਆਂ ਹੋਣ, ਤਾਂ ਇਹ 'ਯੁੱਧਨੀਤੀ' ਸਿਰਫ਼ ਜੰਗ ਦਾ ਖ਼ਤਰਾ ਨਹੀਂ ਵਧਾਉਂਦੀ—ਇਹ ਅਜਿਹੇ ਆਲਮੀ ਟਕਰਾਅ ਦੀ ਸੰਭਾਵਨਾ ਵਧਾਉਂਦੀ ਹੈ ਜੋ ਕੰਟਰੋਲ ਤੋਂ ਬਾਹਰ ਜਾ ਕੇ ਮਨੁੱਖੀ ਸੱਭਿਅਤਾ ਦੀ ਹੋਂਦ ਨੂੰ ਹੀ ਖ਼ਤਰੇ ਵਿਚ ਪਾ ਸਕਦੀ ਹੈ। ਟਰੰਪ ਦਾ ਏਜੰਡਾ 'ਅਮਰੀਕਾ ਪਹਿਲਾਂ' ਨਹੀਂ ਸਗੋਂ ਬੇਲਗਾਮ ਅਮਰੀਕਾ ਦਾ ਹੈ। ਇਹ ਮਨਸੂਬਾ ਪੂਰਾ ਕਰਨ ਲਈ ਟਰੰਪ ਨਵੇਂ ਰੂਪ 'ਚ 'ਮੋਨਰੋਏ ਮੱਤ' ਲੈ ਕੇ ਹਾਜ਼ਰ ਹੈ: ਅਮਰੀਕਨ ਹੁਕਮਰਾਨ ਜਮਾਤ ਵੱਲੋਂ 1823 ਵਿਚ ਐਲਾਨੀ ਨੀਤੀ ਕਿ ਪੂਰਾ ਅਮਰੀਕੀ ਮਹਾਂਦੀਪ ਅਮਰੀਕੀ ਪ੍ਰਭਾਵ-ਖੇਤਰ ਹੈ। ਅਤੇ ਇਸੇ ਪ੍ਰਭਾਵ-ਖੇਤਰ ਉੱਪਰ ਦਬਦਬੇ ਲਈ ਇੱਥੇ ਅਮਰੀਕੀ ਸਾਮਰਾਜੀ ਸਲਤਨਤ ਵੱਲੋਂ ਲਗਾਤਾਰ ਹੀ ਹਮਲਿਆਂ, ਤਖ਼ਤਾਪਲਟ, ਸੀਆਈਏ ਦੇ ਅਪਰੇਸ਼ਨ, ਮੌਤ-ਵਰਤਾਉਣ ਵਾਲੇ ਦਸਤੇ, ਅਤੇ ਆਰਥਕ ਸ਼ਿਕੰਜਾ ਕੱਸਣ ਦਾ ਸਿਲਸਿਲਾ ਚਲਾਇਆ ਜਾਂਦਾ ਰਿਹਾ ਹੈ।

ਇਸਦਾ ਸਿਧਾਂਤੀਕਰਨ ਕਰਦਿਆਂ ਟਰੰਪ ਦਾ ਕੁੰਜੀਵਤ ਸਲਾਹਕਾਰ ਸਟੀਫਨ ਮਿਲਰ ਸੀਐੱਨਐੱਨ ਨਾਲ ਇੰਟਰਵਿਊ ਵਿਚ ਕਹਿੰਦਾ ਹੈ ਕਿ ਅਮਰੀਕਾ ਆਪਣੇ ਅਰਧ-ਗੋਲੇ ਅੰਦਰ ਆਪਣੇ ਹਿਤ ਸੁਰੱਖਿਅਤ ਕਰਨ ਲਈ 'ਨਿਧੜਕ ਹੋ ਕੇ' ਫ਼ੌਜ ਦੀ ਵਰਤੋਂ ਕਰ ਰਿਹਾ ਹੈ, ਅਤੇ ਇਹ 'ਬੇਤੁਕੀ' ਗੱਲ ਹੋਵੇਗੀ ਕਿ ਅਸੀਂ ਆਪਣੇ 'ਪਿਛਵਾੜੇ' ਵਿਚ ਕਿਸੇ ਮੁਲਕ ਨੂੰ ਆਪਣੇ ਵਿਰੋਧੀਆਂ ਲਈ ਸਰੋਤਾਂ ਦਾ ਸਪਲਾਈ ਕਰਤਾ ਬਣਨ ਦੀ ਇਜਾਜ਼ਤ ਦੇਈਏ। ਟਰੰਪ ਨੇ ਆਪਣੇ ਟਵੀਟ ਵਿਚ ਸਪਸ਼ਟ ਕਿਹਾ ਹੈ ਕਿ ਜੇਕਰ ਅਸੀਂ ਅਜਿਹਾ ਨਹੀਂ ਕਰਦੇ ਤਾਂ ਰੂਸ ਜਾਂ ਚੀਨ ਗ੍ਰੀਨਲੈਂਡ ਉੱਪਰ ਕਬਜ਼ਾ ਕਰ ਲੈਣਗੇ।...ਜੇਕਰ ਅਸੀਂ ਇਸਨੂੰ ਸੌਖੇ ਢੰਗ ਨਾਲ ਨਹੀਂ ਕਰਾਂਗੇ ਤਾਂ ਅਸੀਂ ਇਸ ਨੂੰ ਕਠੋਰ ਢੰਗ ਨਾਲ ਕਰਾਂਗੇ।' 'ਆਪਣੇ ਸੁਰੱਖਿਆ ਹਿਤਾਂ' ਦੇ ਬਹਾਨੇ ਟਰੰਪ ਦਾ ਅਸਲ ਨਿਸ਼ਾਨਾ ਸਿਰਫ਼ ਵੈਨਜ਼ੁਏਲਾ ਨਹੀਂ, ਸਗੋਂ ਪੂਰੇ ਖੇਤਰ ਵਿਚ ਚੀਨ ਦੇ ਵਧਦੇ ਪ੍ਰਭਾਵ ਨੂੰ ਰੋਕਣਾ ਅਤੇ ਇਸ ਅਰਧ-ਗੋਲੇ ਦੇ ਵੱਧ ਤੋਂ ਵੱਧ ਮੁਲਕਾਂ ਦੇ ਖਣਿਜ ਭੰਡਾਰਾਂ ਉੱਪਰ ਕਬਜ਼ਾ ਕਰਨਾ ਹੈ। ਵੈਨਜ਼ੁਏਲਾ ਉੱਪਰ ਹਮਲੇ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ ਸੀ: 'ਪੱਛਮੀ ਅਰਧ-ਗੋਲੇ ਵਿਚ ਅਮਰੀਕੀ ਦਬਦਬੇ 'ਤੇ ਕਦੇ ਸਵਾਲ ਨਹੀਂ ਉਠੇਗਾ।'

ਬਾਂਹਮਰੋੜ ਕੂਟਨੀਤੀ ਤੋਂ ਲੈ ਕੇ ਗੁੰਡਾਗਰਦੀ ਤੱਕ ਟਰੰਪ ਦੇ ਬਿਆਨ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ। ਜਦੋਂ ਪਿਛਲੇ ਦਿਨੀਂ ਉਸ ਤੋਂ ਪੁੱਛਿਆ ਗਿਆ ਕਿ ਕੀ ਅੰਤਰਰਾਸ਼ਟਰੀ ਮੰਚ 'ਤੇ ਉਸਦੀ ਤਾਕਤ ਉੱਪਰ ਕੋਈ ਰੋਕ ਹੈ, ਤਾਂ ਉਸ ਨੇ ਅਮਰੀਕਨ ਕਾਂਗਰਸ, ਹੋਰ ਮੁਲਕਾਂ ਨਾਲ ਗੱਠਜੋੜਾਂ, ਅੰਤਰਰਾਸ਼ਟਰੀ ਕਾਨੂੰਨ, ਸਭ ਕਾਸੇ ਉੱਪਰ ਕਾਂਟਾ ਮਾਰਕੇ ਦੋ-ਟੁੱਕ ਕਹਿ ਦਿੱਤਾ ਕਿ ਉਸ ਉੱਪਰ ਉਸਦੀ 'ਆਪਣੀ ਨੈਤਿਕਤਾ', 'ਆਪਣੇ ਦਿਮਾਗ਼' ਤੋਂ ਸਿਵਾਏ ਹੋਰ ਕੋਈ 'ਰੋਕ' ਨਹੀਂ ਹੈ, ਕਿ 'ਓਹੀ ਇੱਕ ਚੀਜ਼ ਹੈ ਜੋ ਮੈਨੂੰ ਰੋਕ ਸਕਦੀ ਹੈ।' ਇਸਦਾ ਮਤਲਬ ਇਹ ਹੈ ਕਿ ਹੁਣ ਤੱਕ ਜੇਕਰ ਟਰੰਪ ਨੇ ਗਰੀਨਲੈਂਡ ਉੱਪਰ ਹਮਲਾ ਨਹੀਂ ਕੀਤਾ ਤਾਂ ਸਿਰਫ਼ ਆਪਣੀ 'ਨੈਤਿਕਤਾ' ਕਰਕੇ! ਟਰੰਪ ਦਾ ਇਹ ਕਹਿਣਾ ਕਿ 'ਮੈਂ ਲੋਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੁੰਦਾ', ਇਹ ਦੁਨੀਆ ਨੂੰ ਭਰੋਸਾ ਦਿਵਾਉਣਾ ਨਹੀਂ ਸਗੋਂ ਚੇਤਾਵਨੀ ਹੈ। ਮਾਨਵਤਾ ਦੀ ਸੁਰੱਖਿਆ ਤਾਂ ਬਹਾਨਾ ਹੈ, ਉਸਦੀ ਅਸਲ ਚਿੰਤਾ ਅਮਰੀਕੀ ਸਾਮਰਾਜ ਦੀ ਸਥਿਰਤਾ ਅਤੇ ਮਹਾਂ-ਸ਼ਕਤੀ ਦੇ ਰੂਪ 'ਚ ਆਪਣੀ ਹੈਸੀਅਤ ਕਾਇਮ ਰੱਖਣਾ ਹੈ। ਇਹ ਸਾਮਰਾਜਵਾਦ-ਫਾਸ਼ੀਵਾਦ ਦਾ ਅਸਲੀ ਚਿਹਰਾ ਹੈ: ਅਜਿਹਾ ਰਾਜ ਜਿਸ ਵਿਚ ਕਿਸੇ ਕੜੇ-ਕਾਨੂੰਨ ਦੀ ਕੋਈ ਅਹਿਮੀਅਤ ਨਹੀਂ, ਜਿੱਥੇ ਕਿਸੇ ਮੁਲਕ ਦੀ ਪ੍ਰਭੂਸੱਤਾ ਸਿਰਫ਼ ਮਹਾਂ-ਤਾਕਤਵਰ ਦੀ 'ਮਿਹਰਬਾਨੀ' ਬਣ ਜਾਂਦੀ ਹੈ, ਅਤੇ ਛੋਟੇ ਮੁਲਕਾਂ ਦੀ ਹੋਂਦ ਧੜਵੈਲ ਸਾਮਰਾਜੀ ਸਲਤਨਤ ਦੇ ਰਹਿਮ 'ਤੇ ਹੁੰਦੀ ਹੈ।

ਟਰੰਪ ਦੀ 'ਨੈਤਿਕਤਾ' ਅਮਰੀਕੀ ਸਾਮਰਾਜੀ ਸਟੇਟ ਦੀ ਸਾਮਰਾਜੀ ਪਸਾਰਵਾਦੀ ਨੀਤੀ ਦਾ ਹੀ ਵਧੇਰੇ ਮੂੰਹਫਟ ਕੁੱਢਰ ਇਜ਼ਹਾਰ ਹੈ। ਦਹਾਕਿਆਂ ਤੋਂ ਅਮਰੀਕਾ ਨੇ ਦੁਨੀਆ ਉੱਪਰ 'ਲੋਕਤੰਤਰ,' 'ਮਨੁੱਖੀ ਅਧਿਕਾਰ,' ਅਤੇ 'ਅੰਤਰਰਾਸ਼ਟਰੀ ਨਿਯਮਾਂ' ਦਾ ਦੰਭ ਰਚ ਕੇ ਆਪਣਾ ਦਬਦਬਾ ਬਣਾਈ ਰੱਖਿਆ। ਅਮਰੀਕੀ ਸਾਮਰਾਜੀ ਹਕੂਮਤ ਵੱਲੋਂ ਵੀਅਤਨਾਮ ਤੋਂ ਲੈ ਕੇ ਇਰਾਕ ਅਤੇ ਅਫ਼ਗਾਨਿਸਤਾਨ ਤੱਕ ਕੀਤੇ ਗਏ ਧਾੜਵੀ ਹਮਲੇ ਅਤੇ ਵਿਆਪਕ ਕਤਲੇਆਮ ਪੱਛਮੀ ਸਾਮਰਾਜੀ ਸ਼ਬਦ-ਕੋਸ਼ ਵਿਚ ਜਾਇਜ਼ ਮੰਨੇ ਜਾਂਦੇ ਹਨ। ਟਰੰਪ ਸਰਕਾਰ ਹੋਰ ਵੀ ਕਰੂਰ ਹਮਲੇ ਕਰਨਾ ਚਾਹੁੰਦੀ ਹੈ। ਇਸ ਖ਼ਾਤਰ ਫ਼ੌਜ ਤਾਕਤ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਟਰੰਪ ਵੱਲੋਂ ਫ਼ੌਜੀ ਬਜਟ ਵਿਚ 50% ਵਾਧੇ – 1 ਖ਼ਰਬ ਡਾਲਰ ਤੋਂ 1.5 ਡੇਢ ਖਰਬ ਡਾਲਰ ਕਰਨ – ਦੀ ਤਜਵੀਜ਼ ਪੇਸ਼ ਕੀਤੀ ਗਈ ਹੈ।

ਇੰਝ ਲੱਗਦਾ ਹੈ ਕਿ ਅਮਰੀਕੀ ਹਾਕਮ ਜਮਾਤ ਦਾ ਘੋਰ ਫਾਸ਼ੀਵਾਦੀ ਧੜਾ ਹੁਣ ਇਹ ਸਮਝਦਾ ਹੈ ਕਿ ਇਹ ਪੁਰਾਣਾ ਸੰਸਾਰ ਢਾਂਚਾ ਅਮਰੀਕਾ ਲਈ ਹੁਣ ਮੁਆਫ਼ਕ ਨਹੀਂ ਹੈ। ਟਰੰਪ ਦੀ ਅਗਵਾਈ ਹੇਠਲਾ ਹੁਕਮਰਾਨ ਗੁੱਟ ਸੰਧੀਆਂ ਅਤੇ ਪਹਿਲੇ ਸਮਝੌਤਿਆਂ ਨੂੰ ਤੋੜ ਕੇ ਸਿੱਧਾ ਫ਼ੌਜੀ ਤਾਕਤ ਦੇ ਜ਼ੋਰ ਅਮਰੀਕੀ ਦਬਦਬਾ ਵਧਾਉਣਾ ਚਾਹੁੰਦਾ ਹੈ, ਜਿਸਦੀ ਸ਼ੁਰੂਆਤ ਪੱਛਮੀ ਅਰਧ-ਗੋਲੇ ਤੋਂ ਕਰਨ ਦੇ ਸੰਕੇਤ ਹਨ। ਚੀਨ ਅਤੇ ਰੂਸ ਨੂੰ ਪਰ੍ਹਾਂ ਰੱਖਣ ਦੇ ਨਾਂ ਹੇਠ ਧਰਤੀ ਦੇ ਇਸ ਪੂਰੇ ਹਿੱਸੇ ਉੱਪਰ ਮੁਕੰਮਲ ਕੰਟਰੋਲ ਕਰਨ ਦੇ ਐਲਾਨ ਇਹੀ ਦਰਸਾਉਂਦੇ ਹਨ।

ਇਹ ਸਰਮਾਏਦਾਰੀ ਪ੍ਰਬੰਧ ਦਾ ਮੂਲ ਸੰਕਟ ਹੈ। ਸਰਮਾਏਦਾਰਾ ਸੰਸਾਰ ਵਿਚ ਤਾਕਤਾਂ ਵਸੀਲਿਆਂ, ਮੰਡੀਆਂ, ਸਪਲਾਈ ਚੇਨਾਂ, ਫ਼ੌਜੀ ਅੱਡਿਆਂ ਅਤੇ ਯੁੱਧਨੀਤਕ ਖੇਤਰਾਂ ਲਈ ਲਗਾਤਾਰ ਖਹਿ-ਭੇੜ ਵਿਚ ਲੱਗੀਆਂ ਰਹਿੰਦੀਆਂ ਹਨ। ਇਹ ਸਰਮਾਏਦਾਰੀ ਪ੍ਰਬੰਧ ਦਾ ਲਾਜ਼ਮੀ ਨਤੀਜਾ ਹੈ: ਜੇਕਰ ਇੱਕ ਸਾਮਰਾਜੀ ਸਰਮਾਏਦਾਰਾ ਗੁੱਟ ਅੱਗੇ ਨਹੀਂ ਵਧੇਗਾ ਤਾਂ ਦੂਜਾ ਉਸਨੂੰ ਨਿਗਲ ਜਾਵੇਗਾ। ਜਦੋਂ ਇਹ ਖਹਿਭੇੜ ਤੇਜ਼ ਹੁੰਦਾ ਹੈ, ਤਾਂ ਸੱਤਾ ਦੇ ਵਧੇਰੇ ਕਰੂਰ ਅਤੇ ਘੋਰ ਰੂਪ ਸਾਹਮਣੇ ਆਉਂਦੇ ਹਨ। ਫਾਸ਼ੀਵਾਦ ਉਸਦਾ ਹੀ ਰੂਪ ਹੈ: ਮੁਲਕ ਦੇ ਅੰਦਰ ਤਾਨਾਸ਼ਾਹੀ, ਬਾਹਰ ਖੁੱਲ੍ਹੀ ਸਾਮਰਾਜਵਾਦੀ ਦਹਿਸ਼ਤ। ਟਰੰਪ ਦੇ ਕਦਮ ਅਮਰੀਕੀ ਸਾਮਰਾਜੀਆਂ ਦੀ ਨਵੀਂ ਵਿਸ਼ਵ ਨੀਤੀ ਦਾ ਸੰਕੇਤ ਹਨ। ਸਰਮਾਏਦਾਰੀ ਪ੍ਰਬੰਧ ਦਾ ਇਹੀ ਖਮਿਆਜ਼ਾ ਅੱਜ ਦੁਨੀਆ ਟਰੰਪ ਦੇ ਰੂਪ 'ਚ ਭੁਗਤ ਰਹੀ ਹੈ। ਜਿਸ ਤੋਂ ਸਭ ਤੋਂ ਵੱਧ ਖ਼ਤਰਾ ਪੂਰੀ ਮਾਨਵਤਾ ਨੂੰ ਹੈ ਅਤੇ ਇਸਨੂੰ ਠੱਲ੍ਹ ਵੀ ਸਰਮਾਏਦਾਰਾ ਸਰਕਾਰਾਂ ਨਹੀਂ, ਦੁਨੀਆ ਦੇ ਲੋਕ ਹੀ ਪਾ ਸਕਦੇ ਹਨ।



***ਟਰੰਪ ਦੀ 'ਨੈਤਿਕਤਾ' ਅਮਰੀਕੀ ਸਾਮਰਾਜੀ ਸਟੇਟ ਦੀ ਸਾਮਰਾਜੀ ਪਸਾਰਵਾਦੀ ਨੀਤੀ ਦਾ ਹੀ ਵਧੇਰੇ ਮੂੰਹਫਟ ਕੁੱਢਰ ਇਜ਼ਹਾਰ ਹੈ। ਦਹਾਕਿਆਂ ਤੋਂ ਅਮਰੀਕਾ ਨੇ ਦੁਨੀਆ ਉੱਪਰ 'ਲੋਕਤੰਤਰ,' 'ਮਨੁੱਖੀ ਅਧਿਕਾਰ,' ਅਤੇ 'ਅੰਤਰਰਾਸ਼ਟਰੀ ਨਿਯਮਾਂ' ਦਾ ਦੰਭ ਰਚ ਕੇ ਆਪਣਾ ਦਬਦਬਾ ਬਣਾਈ ਰੱਖਿਆ। ਅਮਰੀਕੀ ਸਾਮਰਾਜੀ ਹਕੂਮਤ ਵੱਲੋਂ ਵੀਅਤਨਾਮ ਤੋਂ ਲੈ ਕੇ ਇਰਾਕ ਅਤੇ ਅਫ਼ਗਾਨਿਸਤਾਨ ਤੱਕ ਕੀਤੇ ਗਏ ਧਾੜਵੀ ਹਮਲੇ ਅਤੇ ਵਿਆਪਕ ਕਤਲੇਆਮ ਪੱਛਮੀ ਸਾਮਰਾਜੀ ਸ਼ਬਦ-ਕੋਸ਼ ਵਿਚ ਜਾਇਜ਼ ਮੰਨੇ ਜਾਂਦੇ ਹਨ। ਟਰੰਪ ਸਰਕਾਰ ਹੋਰ ਵੀ ਕਰੂਰ ਹਮਲੇ ਕਰਨਾ ਚਾਹੁੰਦੀ ਹੈ। ਇਸ ਖ਼ਾਤਰ ਫ਼ੌਜ ਤਾਕਤ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਟਰੰਪ ਵੱਲੋਂ ਫ਼ੌਜੀ ਬਜਟ ਵਿਚ 50% ਵਾਧੇ – 1 ਖ਼ਰਬ ਡਾਲਰ ਤੋਂ 1.5 ਡੇਢ ਖਰਬ ਡਾਲਰ ਕਰਨ – ਦੀ ਤਜਵੀਜ਼ ਪੇਸ਼ ਕੀਤੀ ਗਈ ਹੈ।***

# ਕਿਉਂ ਏਨੇ ਮਹੱਤਵਪੂਰਨ ਹਨ ਰੇਅਰ ਅਰਥ ਮਿਨਰਲ?

## (ਅਮਰੀਕਨ ਆਰਥਿਕ ਪਾਬੰਦੀਆਂ ਨੇ ਤਬਾਹ ਕੀਤੇ ਕਈ ਦੇਸ਼)

**ਹਰਜੀਤ ਸਿੰਘ ਗਿੱਲ**
**ਫੋਨ: +1 647 542 0007 (ਕਨੇਡਾ)**
**+91 98889-45127 (ਭਾਰਤ)**

ਆਰਥਿਕ ਪਾਬੰਦੀਆਂ ਨੂੰ ਆਧੁਨਿਕ ਕਾਲੋਨੀਅਲ ਹਥਿਆਰ ਵੀ ਕਿਹਾ ਜਾਂਦਾ ਹੈ। ਆਰਥਿਕ ਪਾਬੰਦੀਆਂ ਦਾ ਸਬੰਧ ਅਕਸਰ ਖਣਿਜ, ਤੇਲ ਅਤੇ ਕੁਦਰਤੀ ਸਰੋਤਾਂ ਦੀ ਲੁੱਟ ਦੀ ਜੀਓ ਪਾਲੇਟਿਕਸ ਨਾਲ ਜੁੜਦਾ ਹੈ। ਪੱਛਮੀ ਮੁਲਕ ਅਤੇ ਅਮਰੀਕਾ ਦੀਆਂ ਸਰਕਾਰਾਂ ਵੱਲੋਂ ਕਿਹਾ ਜਾਂਦਾ ਹੈ ਕਿ ਪਾਬੰਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ, ਲੋਕਤੰਤਰ ਦੀ ਬਹਾਲੀ, ਸੁਰੱਖਿਆ ਨੂੰ ਖਤਰਾ ਅਤੇ ਨਿਊਕਲੀਅਰ ਖ਼ਤਰਾ ਵਰਗੇ ਕਾਰਨਾਂ ਕਰਕੇ ਲਗਾਈਆਂ ਜਾਂਦੀਆਂ ਹਨ। ਪਰ ਵਿਹਾਰਕ ਤੌਰ 'ਤੇ ਇਹ ਅਕਸਰ ਉਨ੍ਹਾਂ ਦੇਸ਼ਾਂ 'ਤੇ ਲੱਗਦੀਆਂ ਹਨ ਜੋ ਤੇਲ, ਗੈਸ, ਲਿਥੀਅਮ, ਕੋਬਾਲਟ, ਯੂਰੇਨੀਅਮ ਅਤੇ ਸੋਨੇ ਵਰਗੇ ਰਣਨੀਤਕ ਖਣਿਜ ਆਪਣੀਆਂ ਧਰਤੀਆਂ 'ਤੇ ਰੱਖਦੇ ਹਨ ਅਤੇ ਪੱਛਮੀ ਦੇਸ਼ਾਂ ਦੇ ਕੰਟਰੋਲ ਤੋਂ ਬਾਹਰ ਦੀਆ ਨੀਤੀਆਂ ਅਪਣਾਉਂਦੇ ਹਨ। ਅਮਰੀਕਾ ਦੀਆਂ ਆਰਥਿਕ ਪਾਬੰਦੀਆਂ ਇਕ ਅਹੰਕਾਰ ਪੂਰਨ ਅਤੇ ਧੱਕੇਸ਼ਾਹੀ ਵਾਲੀ ਵਿਦੇਸ਼ ਨੀਤੀ ਦੇ ਹਿੱਸੇ ਵਜੋਂ ਵਰਤੀਆਂ ਜਾਂਦੀਆਂ ਹਨ। ਇਨ੍ਹਾਂ ਦਾ ਉਦੇਸ਼ ਅਕਸਰ ਕਿਸੇ ਦੇਸ਼ ਦੀ ਸਰਕਾਰ 'ਤੇ ਦਬਾਅ ਬਣਾਉਣਾ ਜਾਂ ਅੰਤਰਰਾਸ਼ਟਰੀ ਨੀਤੀਆਂ ਬਦਲਵਾਉਣਾ ਹੁੰਦਾ ਹੈ। ਮੋਟੇ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਜਿੱਥੇ ਤੇਲ ਹੈ, ਉੱਥੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਦਖਲ, ਪਾਬੰਦੀ ਜਾਂ ਹਸਤਕਸ਼ੇਪ ਵੀ ਹੈ। ਆਰਥਿਕ ਪਾਬੰਦੀਆਂ ਆਧੁਨਿਕ ਸਾਮਰਾਜਵਾਦ ਦਾ ਇੱਕ ਘਾਤਕ ਹਥਿਆਰ ਹੈ। ਪਛੜੇ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਲਈ ਇੱਕ ਕਿਸਮ ਦੀ ਸਿੱਧੀ ਆਰਥਿਕ ਜੰਗ ਹੈ। ਇਨ੍ਹਾਂ ਆਰਥਿਕ ਪਾਬੰਦੀਆਂ ਦੀ ਮਾਰ ਝੱਲਦਿਆਂ ਪਹਿਲਾਂ ਹੀ ਮੰਦਹਾਲੀ ਦਾ ਸ਼ਿਕਾਰ ਗਰੀਬ ਅਤੇ ਤੀਸਰੀ ਦੁਨੀਆ ਦੇ ਦੇਸ਼ ਆਰਥਿਕ ਤਬਾਹੀ ਵੱਲ ਵਧਦੇ ਜਾਂਦੇ ਹਨ। ਆਮ ਜਨਤਾ ਵਿਚ ਬੇਚੈਨੀ ਫੈਲਦੀ ਹੈ ਅਤੇ ਇਸ ਦਾ ਫਾਇਦਾ ਚੁੱਕ ਕੇ ਬਹੁਤ ਵਾਰ ਇਨ੍ਹਾਂ ਤਾਕਤਵਰ ਅਤੇ ਧਾਕੜ ਮੁਲਕਾਂ ਦੀਆਂ ਖੁਫੀਆ ਏਜੰਸੀਆਂ ਹਰਕਤ ਵਿਚ ਆਉਂਦੀਆਂ ਹਨ। ਇਹ ਕਹਿ ਕੇ ਇਸ ਦੇਸ਼ ਦੀ ਪਬਲਿਕ ਦਾ ਸਰਕਾਰ ਪ੍ਰਤੀ ਵਿਸ਼ਵਾਸ ਨਹੀਂ ਰਿਹਾ ਅਤੇ ਸਰਕਾਰ ਦੇ ਤਖਤੇ ਪਲਟ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਵੇਖਣ ਨੂੰ ਲੋਕਤੰਤਰੀ ਪਰ ਅਸਲ ਵਿਚ ਇਹ ਲੁਟੇਰੇ ਮੁਲਕ ਆਪਣੀ ਕਠਪੁਤਲੀ ਸਰਕਾਰ ਬਣਾ ਕੇ ਫਿਰ ਉਸ ਦੇਸ਼ ਦੇ ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ ਕਰਦੇ ਹਨ। ਦੋ ਵੱਡੀਆਂ ਵਿਸ਼ਵ ਜੰਗਾਂ ਤੋਂ ਬਾਅਦ ਜੇਤੂ ਮੁਲਕਾਂ ਨੇ ਸਿੱਧਾ ਬਸਤੀਵਾਦੀ ਸਿਧਾਂਤ ਤਿਆਗ ਕੇ ਇਨ੍ਹਾਂ ਮੁਲਕਾਂ ਦੀ ਆਰਥਿਕ ਲੁੱਟ-ਖਸੁਟ ਕਰਨ ਵਾਸਤੇ ਆਪਸੀ ਵੰਡ ਕਰ ਲਈ ਸੀ।

ਖ਼ਾਸ ਕਰਕੇ ਦੂਜੇ ਵਿਸ਼ਵ ਯੁੱਧ ਉਪਰੰਤ ਆਪਸੀ ਮਿਲੀ-ਭੁਗਤ ਨਾਲ ਗਰੀਬ ਮੁਲਕਾਂ ਦੀ ਲੁੱਟ ਕਰਨ ਲਈ ਨਵੇਂ ਰਸਤੇ ਤਰਾਸ਼ੇ। ਹੁਣ ਕਿਸੇ ਵੀ ਮੁਲਕ 'ਤੇ ਫ਼ੌਜ ਦੀ ਵਰਤੋਂ ਕਰਕੇ ਸਿੱਧਾ ਕਬਜ਼ਾ ਕਰਨ ਅਤੇ ਆਪਣੀ ਬਸਤੀ ਬਣਾਉਣ ਦਾ ਮਹਿੰਗਾ ਧੰਦਾ ਛੱਡ ਕੇ ਨਵ-ਉਪਨਿਵੇਸ਼ਵਾਦ ਦਾ ਸੌਖਾ ਰਾਹ ਲੱਭ ਲਿਆ ਗਿਆ। ਗੁਲਾਮ ਦੇਸ਼ ਨੂੰ ਆਜ਼ਾਦੀ ਦੇ ਨਾਂ ਹੇਠ ਸਿਰਫ ਅਜ਼ਾਦ ਝੰਡਾ ਅਤੇ ਕੌਮੀ ਤਰਾਨਾ ਦੇ ਕੇ ਅਰਥਵਿਵਸਥਾ ਨੂੰ ਗ਼ੁਲਾਮ ਬਣਾ ਲਿਆ ਗਿਆ। ਅਫਰੀਕਾ ਦੇ ਮਹਾਨ ਆਜ਼ਾਦੀ ਸੰਗਰਾਮੀ, ਘਾਨਾ ਦੇ ਪਹਿਲੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਕਵਾਮੇ ਨਕਰੂਮਾ ਜੋ ਵਿਸ਼ਵ ਪੱਧਰੀ ਸਾਮਰਾਜਵਾਦੀ ਵਿਰੋਧੀ ਚਿੰਤਕ ਅਤੇ ਜੁਝਾਰੂ ਆਗੂ ਸਨ, ਉਨ੍ਹਾਂ ਨੇ 1965 ਵਿਚ ਲਿਖੀ ਆਪਣੀ ਪ੍ਰਸਿੱਧ ਕਿਤਾਬ ਨਵ-ਉਪਨਿਵੇਸ਼ਵਾਦ (Neo-Colonialism: The Last Stage of Imperialism) ਵਿਚ ਇਹ ਸਪਸ਼ਟ ਕਰ ਦਿੱਤਾ ਸੀ। ਅਮੀਰ ਮੁਲਕਾਂ ਨੇ ਅੰਤਰਰਾਸ਼ਟਰੀ ਵਿੱਤੀ ਸੰਸਥਾਵਾਂ ਵਿਸ਼ਵ ਬੈਂਕ ਅਤੇ ਵਿਸ਼ਵ ਮੁਦਰਾ ਕੋਸ਼ ਬਣਾ ਕੇ, ਵੇਖਣ ਨੂੰ ਨਿਰਪੱਖ ਅਤੇ ਕਾਨੂੰਨੀ ਜਿਹਾ ਲਗਦਾ ਲੁੱਟ ਦਾ ਫੰਦਾ ਤਿਆਰ ਕਰ ਲਿਆ। ਇਨ੍ਹਾਂ ਵਿੱਤੀ ਸੰਸਥਾਵਾਂ ਰਾਹੀਂ ਕਰਜ਼ੇ ਦੇ ਬਦਲੇ ਵਿਕਾਸ ਦਾ ਰਾਹ ਰੋਕਣ ਵਾਲੀਆਂ ਸਖਤ ਸ਼ਰਤਾਂ ਲਾਈਆਂ ਗਈਆਂ। ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਪਹਿਲੀ ਵਾਰ ਨਵੰਬਰ 1981 ਵਿਚ ਭਾਰਤ ਨੂੰ ਅੰਤਰਰਾਸ਼ਟਰੀ ਮੁਦਰਾ ਫੰਡ (IMF) ਵੱਲੋਂ ਲਗਭਗ 5.8 ਬਿਲੀਅਨ ਅਮਰੀਕੀ ਡਾਲਰ ਦਾ ਕਰਜ਼ਾ ਸਖਤ ਸ਼ਰਤਾਂ ਹੇਠ ਮਿਲਿਆ ਸੀ। ਜੋ ਉਸ ਸਮੇਂ ਅੰਤਰਰਾਸ਼ਟਰੀ ਮੁਦਰਾ ਫੰਡ ਦਾ ਇੱਕ ਸਭ ਤੋਂ ਵੱਡਾ ਕਰਜ਼ਾ ਸੀ। ਪਰ ਚੰਗਾ ਇਹ ਹੋਇਆ ਕਿ ਭਾਰਤੀ ਰੁਪਏ ਦੀ ਡੀਵੈਲੂਏਸ਼ਨ ਨਹੀਂ ਸੀ ਮੰਨੀ ਗਈ। ਜਿਨ੍ਹਾਂ ਅਧੀਨ ਸਬਸਿਡੀ ਖ਼ਤਮ ਕਰਨ, ਸਰਕਾਰੀ ਖਰਚ ਘਟਾਉਣ, ਨਿੱਜੀਕਰਨ ਰਾਹੀਂ ਵਿਦੇਸ਼ੀ ਕੰਪਨੀਆਂ ਨੂੰ ਮਜ਼ਬੂਤ ਕਰਨ, ਸਿੱਖਿਆ ਅਤੇ ਸਿਹਤ ਵਰਗੇ ਸਰਕਾਰੀ ਜ਼ਿੰਮੇਵਾਰੀ ਅਤੇ ਸਹਾਇਤਾ ਨਾਲ ਚੱਲਣ ਵਾਲੇ ਪ੍ਰੋਗਰਾਮ ਬੰਦ ਕਰਵਾਉਣ ਲਈ ਦਬਾਅ ਬਣਾਇਆ ਗਿਆ। ਬਹੁ-ਰਾਸ਼ਟਰੀ ਕੰਪਨੀਆਂ ਨੂੰ ਟੈਕਸਾਂ ਵਿਚ ਭਾਰੀ ਛੋਟਾਂ ਰਾਹੀਂ ਲੋੜਵੰਦ ਗਰੀਬ ਮੁਲਕਾਂ ਦੇ ਸਸਤਾ ਮਜ਼ਦੂਰ, ਮੁਫ਼ਤ ਦੇ ਭਾਅ ਖਣਿਜ ਅਤੇ ਮੁਨਾਫ਼ਾ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਇੰਡਸਟਰੀ ਦਾ ਸਾਰਾ ਮਲਬਾ, ਸਕ੍ਰੈਪ, ਵੇਸਟ ਅਤੇ ਗੰਦਗੀ ਗਰੀਬ ਮੁਲਕਾਂ ਦੇ ਵਿਚ ਡੰਪ ਕਰਨੀ ਸ਼ੁਰੂ ਕੀਤੀ। ਸਭ ਤੋਂ ਤਾਕਤਵਰ ਮੁਲਕ ਅਮਰੀਕਾ ਨੇ ਆਪਣੀ ਕਰੰਸੀ ਡਾਲਰ ਨੂੰ ਵਿਸ਼ਵ ਵਪਾਰ ਦੀ ਮੁਦਰਾ ਬਣਾ ਕੇ ਡਾਲਰ ਡੋਮੀਨੇਸ਼ਨ ਲਾਗੂ ਕੀਤਾ। ਗਰੀਬ ਮੁਲਕ ਨੂੰ ਡਾਲਰਾਂ ਵਿਚ ਕਰਜ਼ੇ ਦੇ ਜਾਲ ਵਿਚ ਫਸਾਇਆ ਗਿਆ। ਇਨ੍ਹਾਂ ਦਾਅ-ਪੇਚਾਂ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਕਰੰਸੀ ਨੂੰ ਕਮਜ਼ੋਰ ਕਰਕੇ ਸਦੀਵੀ ਕਰਜ਼ੇ ਵੱਲ ਧੱਕ ਦਿੱਤਾ। ਬਿਆਜ ਉੱਤੇ ਫਿਰ ਬਿਆਜ ਮਿਸ਼ਰਤ ਬਿਆਜ ਲਾ ਕੇ ਕਦੇ ਨਾ ਮੁੱਕਣ ਵਾਲੀ ਕਰਜ਼ੇ ਦੀ ਆਧੁਨਿਕ ਗੁਲਾਮੀ ਪੈਦਾ ਕਰ ਦਿੱਤੀ। ਵਿਸ਼ਵ ਵਪਾਰ ਸੰਸਥਾ (WTO) ਵੱਲੋਂ ਨਾ ਬਰਾਬਰੀ ਵਾਲੇ ਵਪਾਰ ਸਮਝੌਤਿਆਂ ਨੂੰ ਮੁਫਤ ਵਪਾਰ ਸਮਝੌਤੇ ਕਹਿ ਕੇ ਨਿਰਭਰਤਾ ਦਾ ਸਿਧਾਂਤ ਲਾਗੂ ਕੀਤਾ। ਗਰੀਬ ਦੇਸ਼ਾਂ ਦਾ ਕੱਚਾ ਮਾਲ ਕੌਡੀਆਂ ਦੇ ਭਾਅ ਅਤੇ ਆਪਣਾ ਤਿਆਰ ਕੀਤਾ ਮਾਲ ਉਨ੍ਹਾਂ ਦੇਸ਼ਾਂ ਨੂੰ ਮਹਿੰਗਾ ਖਰੀਦਣ ਲਈ ਮਜਬੂਰ ਕੀਤਾ। ਕੁਦਰਤੀ ਸਰੋਤਾਂ ਦੀ ਲੁੱਟ ਤੋਂ ਵੀ ਵੱਧ ਖਤਰਨਾਕ ਨੀਤੀ ਸਥਾਨਕ ਸਭਿਆਚਾਰ ਅਤੇ ਗਿਆਨ ਨੂੰ ਤੁੱਛ ਦੱਸਦੇ ਹੋਏ ਪੱਛਮੀ ਯੂਨੀਵਰਸਿਟੀ ਮਾਡਲ, ਗੈਰ-ਮੁਨਾਫ਼ਾ ਸੰਗਠਨ (NGO) ਦਾ ਏਜੰਡਾ ਲਾਗੂ ਕੀਤਾ। ਇਨ੍ਹਾਂ ਦੇਸ਼ਾਂ ਦੇ ਮੀਡੀਆ 'ਤੇ ਕੰਟਰੋਲ ਕਰਕੇ ਆਪਣੀ ਵੈਸਟਰਨ ਸੋਚ ਵੀ ਆਯਾਤ ਕੀਤੀ। ਜਿਸ ਵੀ ਮੁਲਕ ਨੇ ਪੱਛਮੀ ਕੰਪਨੀਆਂ ਦੇ ਅਧਿਕਾਰਾਂ ਨੂੰ ਸੀਮਤ ਕਰਕੇ ਆਪਣੇ ਕੁਦਰਤੀ ਸਰੋਤਾਂ ਦਾ ਰਾਸ਼ਟਰੀਕਰਨ ਕਰਨ ਦਾ ਯਤਨ ਕੀਤਾ, ਉਨ੍ਹਾਂ ਦੇ ਕਰਜ਼ੇ ਵਿੱਤੀ ਸੰਸਥਾਵਾਂ ਵੱਲੋਂ ਰੋਕ ਲਏ ਗਏ, ਆਰਥਿਕ ਪਾਬੰਦੀਆਂ ਲਾ ਕੇ ਉਸ ਦੇਸ਼ ਦੀ ਕਰੰਸੀ ਨੂੰ ਡੇਗਣ ਦੇ ਹੱਥਕੰਡੇ ਅਪਣਾਏ ਗਏ।

ਇਰਾਨ, ਇਰਾਕ, ਲਿਬੀਆ ਅਤੇ ਵੇਨੇਜ਼ੂਏਲਾ ਵਰਗੇ ਮੁਲਕਾਂ ਨੇ ਤੇਲ ਦਾ ਰਾਸ਼ਟਰੀਕਰਨ ਕਰਨ ਦੀ ਜੁਰਅਤ ਕੀਤੀ ਤਾਂ ਉਨ੍ਹਾਂ ਦੀ ਪੱਛਮੀ ਮੁਲਕਾਂ ਅਤੇ ਅਮਰੀਕਾ ਵੱਲੋਂ ਆਰਥਿਕ ਨਾਕਾਬੰਦੀ ਕਰ ਦਿੱਤੀ ਗਈ। ਇਸੇ ਤਰ੍ਹਾਂ ਹੀ ਬੋਲੀਵੀਆ ਨੇ ਗੈਸ ਅਤੇ ਲਿਥੀਅਮ, ਜ਼ਿੰਬਾਬਵੇ ਨੇ ਜ਼ਮੀਨ ਅਤੇ ਖਣਿਜ, ਅਲਜੀਰੀਆ ਨੇ ਤੇਲ ਅਤੇ ਗੈਸ ਅਤੇ ਇਥੋਂ ਤੱਕ ਕਿ ਰੂਸ ਵਰਗੇ ਵੱਡੇ ਦੇਸ਼ ਵੀ ਜੇਕਰ ਆਪਣੇ ਤੇਲ, ਗੈਸ, ਖਣਿਜ ਤੇ ਕੰਟ੍ਰੋਲ ਕਰਨ ਦਾ ਯਤਨ ਕਰਦੇ ਹਨ ਤਾਂ ਕੂਟਨੀਤਿਕ ਅਤੇ ਆਰਥਿਕ ਦਬਾਅ ਨਾਲ ਆਰਥਿਕ ਨਾਕਾਬੰਦੀ ਕਰਕੇ ਤਣਾਅਪੂਰਨ ਸਥਿਤੀ ਬਣਾਈ ਗਈ। ਕੁਦਰਤੀ ਸਰੋਤਾਂ ਦੇ ਰਾਸ਼ਟਰੀਕਰਨ ਅਤੇ ਉਸਦੇ ਜਵਾਬ ਵਜੋਂ ਫੌਜੀ ਤਾਕਤ ਦੀ ਵਰਤੋਂ ਦਾ ਵੀ ਇੱਕ ਇਤਿਹਾਸ ਰਿਹਾ ਹੈ। ਜਿਸ ਦੀਆਂ ਅਨੇਕ ਉਦਾਹਰਣਾਂ ਹਨ, ਜਿਨ੍ਹਾਂ ਵਿਚ ਮੁੱਖ ਇਰਾਨ, ਇਰਾਕ, ਕਾਂਗੋ, ਲਿਬੀਆ ਅਤੇ ਚਿਲੀ ਦੀਆਂ ਹਨ। ਕਈ ਵਾਰ ਜਦੋਂ ਆਰਥਿਕ ਪਾਬੰਦੀਆਂ ਅਤੇ ਆਰਥਿਕ ਨਾਕਾਬੰਦੀ ਨਾਲ ਵੀ ਗੱਲ ਨਹੀਂ ਬਣਦੀ ਤਾਂ ਗਲੋਬਲ ਪਾਵਰ ਪੋਲਿਟਿਕਸ ਵਿਚ ਨਵ-ਉਪਨਿਵੇਸ਼ਵਾਦੀ ਅਤੇ ਸਾਮਰਾਜਵਾਦੀ ਤਾਕਤਾਂ ਲਈ ਉਹ ਦੇਸ਼ ਸਿੱਧੀ ਚੁਣੌਤੀ ਬਣ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਸਰੋਤ ਹੱਥੋਂ ਨਿਕਲਦੇ ਹਨ, ਤਾਂ ਸਾਮਰਾਜ ਹੱਥ ਵਿਚ ਬੰਦੂਕ ਫੜ ਲੈਂਦਾ ਹੈ, ਆਪਣੀਆਂ ਖੁਫੀਆ ਏਜੰਸੀਆਂ ਦੀ ਵਰਤੋਂ ਕਰਕੇ ਅਤੇ ਫੌਜੀ ਸ਼ਕਤੀ ਨਾਲ ਸਟੇਟ ਮੁਖੀਆਂ ਦੀਆਂ ਹੱਤਿਆਵਾਂ, ਫੌਜੀ ਕੂ, ਗ੍ਰਹਿ ਯੁੱਧ, ਚੁਣੀ ਹੋਈ ਸਰਕਾਰ ਢਾਹ ਕੇ ਸ਼ਾਸਨ ਤਬਦੀਲੀ ਕਰਕੇ ਕਠਪੁਤਲੀ ਹਕੂਮਤ ਖੜ੍ਹੀ ਕਰ ਦਿੱਤੀ ਜਾਂਦੀ ਹੈ। ਅਫਗਾਨਿਸਤਾਨ ਦੀ ਜੰਗ ਦਾ ਇੱਕ ਅਸਲ ਕਾਰਨ ਇੱਕ ਟ੍ਰਿਲੀਅਨ ਡਾਲਰ ਦੇ ਖਣਿਜ ਵੀ ਹਨ।

ਲੈਟਿਨ ਅਮਰੀਕੀ ਮੁਲਕਾਂ ਉਤੇ ਅਮਰੀਕਾ ਦੇ ਦਬਦਬੇ, ਪਾਬੰਦੀਆਂ ਅਤੇ ਵਿੱਤੀ ਲੁੱਟ ਦਾ ਵੱਡਾ ਇਤਿਹਾਸ ਹੈ। 1823 ਦੇ ਰਾਸ਼ਟਰਪਤੀ ਜੇਮਸ ਮੋਨਰੋ ਦੀ ਬਣਾਈ ਨੀਤੀ ਮੋਨਰੋ ਸਿਧਾਂਤ (Monroe Doctrine) ਦੀ ਸੋਚ ਹੇਠ ਲੈਟਿਨ



ਅਮਰੀਕਾ ਨੂੰ ਯੂ ਐਸ ਨੇ ਕਦੀ ਵੀ ਸਵੈ-ਪ੍ਰਭੂਸੱਤਾ ਸੰਪੂਰਨ ਰਾਜ ਨਹੀਂ ਮੰਨਿਆ, ਸਗੋਂ ਕੱਚੇ ਮਾਲ ਦੀ ਮਾਰਕੀਟ ਵਜੋਂ ਦੇਖਿਆ ਗਿਆ। ਹਮੇਸ਼ਾਂ ਇਹ ਸਮਝਿਆ ਗਿਆ ਕਿ ਲੈਟਿਨ ਅਮਰੀਕਾ ਸਿਰਫ ਅਮਰੀਕਾ ਦਾ ਪ੍ਰਭਾਵ ਖੇਤਰ ਹੈ। ਯੂਰਪ ਅਤੇ ਹੋਰ ਮੁਲਕ ਦੂਰ ਹੀ ਰਹਿਣ। ਹੁਣ ਤਾ ਰਾਸ਼ਟਰਪਤੀ ਟਰੰਪ ਨੇ ਮੁਨਰੋ ਡਾਕਟਰੇਨ ਨੂੰ ਨਵਾਂ ਨਾਂ ਡੋਨਰੋ ਡਾਕਟਰੇਨ ਦੇ ਦਿੱਤਾ ਹੈ। ਵੈਨੇਜ਼ੁਏਲਾ ਦੇ ਤੇਲ ਉਦਯੋਗ 'ਤੇ ਭਾਰੀ ਪਾਬੰਦੀਆਂ ਲਾਈਆਂ ਗਈਆਂ ਅਤੇ ਵਿਦੇਸ਼ੀ ਖਾਤੇ ਫ਼ਰੀਜ਼ ਕਰ ਦਿੱਤੇ। ਇਸ ਨਾਲ ਮਹਿੰਗਾਈ ਅਤੇ ਭੁੱਖਮਰੀ ਵਧੀ, ਪਰ ਸੰਕਟ ਲਈ ਸਰਕਾਰ ਨੂੰ ਦੋਸ਼ੀ ਠਹਿਰਾਉਣ ਦੀ ਰਾਜਨੀਤੀ ਅਪਣਾਈ ਗਈ। ਹੁਣ ਤਾਂ ਅਖੀਰ ਹੀ ਹੋ ਗਈ, ਜਦੋ ਵੈਨੇਜ਼ੁਏਲਾ ਦੇ ਚੁਣੇ ਹੋਏ ਰਾਸ਼ਟਰਪਤੀ ਨਿਕੋਲਸ ਮਾਦੂਰੋ ਨੂੰ ਨਾਰਕੋ ਟੈਰਿਸਟ ਕਰਾਰ ਦੇ ਕੇ ਕਿਡਨੈਪ ਕਰ ਲਿਆ ਗਿਆ ਹੈ। ਇਸ ਤੋਂ ਪਹਿਲਾਂ ਨਿਕਾਰਾਗੁਆ ਅਤੇ ਬੋਲੀਵੀਆ ਦੀਆਂ ਖੱਬੀ ਸਰਕਾਰਾਂ 'ਤੇ ਪਾਬੰਦੀਆਂ ਲਾ ਕੇ ਅੰਤਰਰਾਸ਼ਟਰੀ ਮੁਦਰਾ ਫੰਡ (IMF) ਅਤੇ ਸੰਸਾਰ ਬੈਂਕ ਵੱਲੋਂ ਕਰਜ਼ਿਆਂ 'ਤੇ ਰੋਕ ਅਤੇ ਹੋਰ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਏ ਗਏ। ਇਹ ਪਾਬੰਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਵਾਸਤੇ ਨਹੀਂ (ਜਿਵੇਂ ਕਿ ਅਮਰੀਕਾ ਦੱਸਦਾ ਹੈ) ਸਗੋਂ ਰਾਜਨੀਤਕ ਤੌਰ 'ਤੇ ਇਨ੍ਹਾਂ ਮੁਲਕਾਂ ਨੂੰ ਕਾਬੂ ਕਰਨ ਲਈ ਵਰਤੀਆਂ ਗਈਆਂ।

1959 ਵਿਚ ਹੋਏ ਇਨਕਲਾਬ ਤੋਂ ਬਾਅਦ ਕਿਊਬਾ ਵਿਚ ਮੁਫ਼ਤ ਸਿੱਖਿਆ ਅਤੇ ਸਿਹਤ ਦਾ ਪ੍ਰਬੰਧ, ਜ਼ਮੀਨ ਸੁਧਾਰ ਅਤੇ ਉਦਯੋਗਾਂ ਦਾ ਰਾਸ਼ਟਰੀਕਰਨ ਕੀਤਾ ਗਿਆ। 1961 ਵਿਚ ਕਿਊਬਾ ਨੂੰ ਸਮਾਜਵਾਦੀ ਰਾਜ ਹੋਣ ਦਾ ਐਲਾਨ ਕੀਤਾ ਗਿਆ। ਕਿਊਬਾ ਦਾ ਇਨਕਲਾਬ ਲੈਟਿਨ ਅਮਰੀਕਾ ਦਾ ਪਹਿਲਾ ਸਫਲ ਸਮਾਜਵਾਦੀ ਇਨਕਲਾਬ ਸੀ, ਜਿਸ ਨੇ ਅਮਰੀਕੀ ਦਬਦਬੇ ਨੂੰ ਖੁੱਲ੍ਹੀ ਚੁਣੌਤੀ ਦਿੱਤੀ। ਇਸ ਤੋਂ ਪ੍ਰੇਰਿਤ ਹੋ ਕੇ ਅਫ਼ਰੀਕਾ, ਏਸ਼ੀਆ, ਲੈਟਿਨ ਅਮਰੀਕਾ ਦੀਆਂ ਕਈ ਮੁਕਤੀ ਲਹਿਰਾਂ 'ਸ਼ੁਰੂ ਹੋਈਆਂ। ਫੀਦਲ ਕਾਸਤਰੋ ਦਾ ਸਮਾਜਵਾਦ ਵੱਲ ਝੁਕਾਅ ਹੋਣ ਕਾਰਨ ਅਮਰੀਕਾ ਲਈ ਕਿਊਬਾ ਇੱਕ ਖ਼ਤਰਨਾਕ ਮਿਸਾਲ ਬਣ ਗਿਆ। ਅਪ੍ਰੈਲ 1961 ਵਿਚ CIA ਦੀ ਮਦਦ ਨਾਲ ਕਿਊਬਨ ਜਲਾਵਤਨ ਕੀਤੇ ਲੋਕਾਂ ਨੇ ਕਿਊਬਾ 'ਤੇ ਹਮਲਾ ਕੀਤਾ। ਕਿਊਬਨ ਫੌਜ ਅਤੇ ਲੋਕਾਂ ਨੇ ਹਮਲਾਵਰ ਫੜ ਲਏ ਅਤੇ 72 ਘੰਟਿਆਂ ਵਿਚ ਰਾਜ ਪਲਟੇ ਦੇ ਅਮਰੀਕੀ ਯਤਨ ਪੂਰੀ ਤਰ੍ਹਾਂ ਨਾਕਾਮ ਹੋ ਗਏ। ਅਮਰੀਕਾ ਦੀ ਵਿਸ਼ਵ ਪੱਧਰ 'ਤੇ ਭਾਰੀ ਬੇਇਜ਼ਤੀ ਹੋਈ। ਇਹ ਅਮਰੀਕਾ ਵੱਲੋਂ ਸਿੱਧਾ ਤਖ਼ਤਾ ਪਲਟ ਕਰਨ ਦਾ ਯਤਨ ਸੀ। ਇਸ ਬੇਇਜ਼ਤੀ ਨੂੰ ਅਮਰੀਕਾ ਕਦੀ ਵੀ ਨਹੀਂ ਭੁੱਲਿਆ ਅਤੇ 1961 ਤੋਂ 63 ਦੇ ਦਰਮਿਆਨ CIA ਦੀ ਗੁਪਤ ਯੋਜਨਾ ਅਧੀਨ ਝੂਠੀ ਪ੍ਰਚਾਰ ਮੁਹਿੰਮ ਨਾਲ ਅੰਦਰੂਨੀ ਬਗਾਵਤ ਭੜਕਾਉਣੀ ਜਾਰੀ ਰੱਖੀ। ਫੀਡਲ ਕਾਸਤਰੋ ਦੀ ਹੱਤਿਆ ਕਰਨ ਦੇ 600 ਤੋਂ ਵੱਧ ਵਾਰ ਯਤਨ ਕੀਤੇ ਗਏ। ਸੀ ਆਈ ਏ ਦੇ ਡੀਕਲਾਸੀਫ਼ਾਈਡ ਦਸਤਾਵੇਜ਼ਾਂ ਦੇ ਹਵਾਲਿਆਂ ਨਾਲ ਕਈ ਯੋਜਨਾਵਾਂ ਦੀ ਪੁਸ਼ਟੀ ਹੋ ਚੁੱਕੀ ਹੈ। ਜਿਨ੍ਹਾਂ ਰਾਹੀਂ ਜ਼ਹਿਰ ਵਾਲੀ ਸਿਗਾਰ, ਜ਼ਹਿਰ ਮਿਲੀ ਕਾਫੀ, ਧਮਾਕੇਦਾਰ ਸੀਪ (diving shell), ਜ਼ਹਿਰੀਲਾ ਸੂਟ ਅਤੇ ਮਹਿਲਾ ਏਜੰਟ ਰਾਹੀਂ ਕਤਲ ਕਰਨ ਦੀ ਯੋਜਨਾ ਸ਼ਾਮਲ ਸੀ। ਪਰ ਹਰ ਯਤਨ ਨੇ ਕਿਊਬਾ ਦੇ ਰਾਸ਼ਟਰਵਾਦ ਅਤੇ ਫੀਡਲ ਕਾਸਤਰੋ ਦੀ ਸੱਤਾ ਨੂੰ ਹੋਰ ਮਜ਼ਬੂਤ ਕੀਤਾ। 1962 ਵਿਚ ਅਮਰੀਕੀ ਹਮਲੇ ਦੇ ਡਰ ਕਾਰਨ ਸੋਵੀਅਤ ਯੂਨੀਅਨ ਨੇ ਕਿਊਬਾ 'ਚ ਮਿਜ਼ਾਈਲਾਂ ਤੈਨਾਤ ਕਰ ਦਿੱਤੀਆਂ ਅਤੇ ਦੁਨੀਆ ਨਿਊਕਲੀਅਰ ਜੰਗ ਦੇ ਕੰਢੇ ਆਣ ਖੜ੍ਹੀ ਹੋਈ। ਇਹ ਸੰਕਟ ਅਮਰੀਕੀ ਹਮਲਿਆਂ ਦੀ ਸਿੱਧੀ ਪੈਦਾਵਾਰ ਸੀ। ਜਦੋ ਅਮਰੀਕਾ ਨੂੰ ਇਹ ਮਹਿਸੂਸ ਹੋਇਆ ਕਿ ਸਿੱਧੇ ਹਮਲਿਆਂ ਵਿਚ ਸਫਲਤਾ ਨਹੀਂ ਮਿਲ ਰਹੀ ਤਾਂ ਕਿਊਬਾ ਨੂੰ ਅਲੱਗ-ਥਲੱਗ ਕਰਨ ਦੀ ਕੋਸ਼ਿਸ਼ ਲਈ ਅਮਰੀਕੀ ਪਾਬੰਦੀਆਂ ਲਗਾ ਦਿੱਤੀਆਂ। 1962 ਤੋਂ ਹੁਣ ਤੀਕ ਕਿਊਬਾ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ ਜਿਨ੍ਹਾਂ ਰਾਹੀਂ ਵਪਾਰ, ਬੈਂਕਿੰਗ, ਦਵਾਈਆਂ 'ਤੇ ਰੋਕ ਲਾ ਦਿੱਤੀ ਜਿਸ ਦਾ ਮਕਸਦ ਕਿਊਬਾ ਦੀ ਅਰਥਵਿਵਸਥਾ ਨੂੰ ਇੰਨਾ ਕਮਜ਼ੋਰ ਕਰ ਦੇਣਾ ਕਿ ਲੋਕ ਖੁਦ ਸਰਕਾਰ ਖ਼ਿਲਾਫ਼ ਉੱਠ ਖੜ੍ਹੇ ਹੋਣ।

ਦੁਨੀਆ ਭਰ ਵਿਚ ਮੱਚੀ ਅਜੋਕੀ ਅਫਰਾ-ਤਫਰੀ ਪਿੱਛੇ ਵੀ ਮੁੱਦੇ ਦੀ ਜੜ੍ਹ ਕੁਦਰਤੀ ਸਾਧਨਾਂ ਦੀ ਲੁੱਟ, ਤੇਲ ਦੀ ਭੁੱਖ, ਦੁਰਲੱਭ ਖਣਿਜ ਜਿਨ੍ਹਾਂ ਵਿਚ ਨਿਓਡੀਮੀਅਮ, ਡਿਸਪ੍ਰੋਸੀਅਮ, ਲੈਂਥਨਮ, ਸੀਰੀਅਮ, ਯਟ੍ਰੀਅਮ ਅਤੇ ਅੱਗੇ ਹੋਰ ਕ੍ਰਿਟੀਕਲ ਮਿਨਰਲ ਜਿਨ੍ਹਾਂ ਵਿਚ ਲਿਥੀਅਮ, ਕੋਬਾਲਟ, ਨਿਕਲ, ਗ੍ਰੇਫਾਈਟ, ਤਾਂਬਾ, ਗੈਲੀਅਮ ਅਤੇ ਜਰਮੇਨੀਅਮ ਸ਼ਾਮਲ ਹਨ। ਇਹ ਦੁਰਲੱਭ ਅਤੇ ਕ੍ਰਿਟੀਕਲ ਮਿਨਰਲ ਭਵਿੱਖ ਦੀ ਜੀਉਪਾਲੇਟਿਕਸ, ਟੈਕਨਾਲੋਜੀ, ਤਾਕਤ ਦੀ ਰਾਜਨੀਤੀ ਲਈ ਅਤਿਅੰਤ ਮਹੱਤਵਪੂਰਨ ਮੰਨੇ ਜਾਂਦੇ ਹਨ। ਜੋ ਇਨ੍ਹਾਂ ਦੁਰਲੱਭ ਖਣਿਜਾਂ ਨੂੰ ਕੰਟਰੋਲ ਕਰੇਗਾ, ਉਹੀ ਭਵਿੱਖ ਨੂੰ ਨਿਯੰਤਰਿਤ ਕਰ ਸਕਦਾ ਹੈ। ਹੁਣ ਵਾਸ਼ਿੰਗਟਨ (ਅਮਰੀਕਾ) ਵਿਚ ਲੈਟਿਨ ਅਮਰੀਕਾ, ਯੂਰਪ ਅਤੇ ਹੋਰ ਮੁਲਕਾਂ ਦੇ ਸਰਕਾਰੀ ਅਧਿਕਾਰੀ ਇੱਕ ਜ਼ਰੂਰੀ ਮੀਟਿੰਗ ਕਰ ਰਹੇ ਹਨ, ਜੋ ਦੁਰਲੱਭ, ਨਾਜ਼ੁਕ ਮਿਨਰਲ ਦੇ ਮੁੱਦੇ 'ਤੇ ਕੇਂਦ੍ਰਿਤ ਹੈ। ਭਾਰਤ ਦੇ ਮੰਤਰੀ ਅਸ਼ਵਨੀ ਵੈਸ਼ਨੂੰ ਵੀ ਇਸ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਵਾਸ਼ਿੰਗਟਨ ਪਹੁੰਚ ਚੁੱਕੇ ਹਨ। ਅਮਰੀਕਾ ਦੀਆਂ ਵਿੱਤੀ ਨੀਤੀਆਂ ਅਤੇ ਟੈਰਿਫ ਦਾ ਸਤਾਇਆ ਭਾਰਤ ਜਦ ਵੀ ਚੀਨ ਨਾਲ ਸਹਿਯੋਗ ਵਧਾਉਣ ਵੱਲ ਕਦਮ ਪੁੱਟਦਾ ਹੈ ਤਾਂ ਅਮਰੀਕਾ ਤਰੁੰਤ ਹਰਕਤ ਵਿਚ ਆਉਂਦਾ ਹੈ, ਅਤੇ ਉਸ ਨੂੰ ਆਪਣੇ ਖੇਮੇ ਵਿਚ ਰੱਖਣ ਲਈ ਅਤੇ ਉਸ ਦੀ ਅਹਿਮੀਅਤ ਦਰਸਾਉਣ ਵਾਸਤੇ ਅਜਿਹੀਆਂ ਕਾਰਵਾਈਆਂ ਅਰੰਭ ਕਰ ਦਿੰਦਾ ਹੈ। ਹਾਲ ਹੀ ਵਿਚ ਭਾਰਤ ਨੇ ਚੀਨੀ ਕੰਪਨੀਆਂ ਨੂੰ ਭਾਰਤ ਵਿਚ ਸਰਕਾਰੀ ਅਦਾਰਿਆਂ ਵਿਚ ਠੇਕੇ ਲੈਣ ਅਤੇ ਹੋਰ ਪ੍ਰਾਜੈਕਟਾਂ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਦੇਣ ਦੀ ਨੀਤੀ ਅਪਣਾਈ ਹੈ। ਜਿਸ ਕਰਕੇ ਭਾਰਤ ਨੂੰ ਵੀ ਸੱਦ ਲਿਆ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਭਾਰਤ ਨੂੰ ਵਿਸ਼ਵ ਸਪਲਾਈ ਚੇਨ, ਕਲੀਨ ਊਰਜਾ ਅਤੇ ਤਕਨਾਲੌਜੀ ਸੈਕਟਰ ਦਾ ਹਿੱਸਾ ਬਣਾਉਣ ਲਈ ਬੁਲਾਇਆ ਗਿਆ ਹੈ। ਚੀਨ ਨੇ ਦੁਰਲੱਭ ਧਰਤੀ ਖਣਿਜਾਂ ਪ੍ਰਕਿਰਿਆ 'ਤੇ ਸਰਦਾਰੀ ਕਾਇਮ (ਡੋਮੀਨੇਸ਼ਨ) ਕਰ ਰੱਖੀ ਹੈ ਅਤੇ ਦੁਰਲੱਭ ਖਣਿਜਾਂ ਦੇ ਵਿਸ਼ਵ ਵਪਾਰ ਵਿਚ ਚੀਨ ਦਾ ਬਹੁਤ ਵੱਡਾ ਕਬਜ਼ਾ ਹੈ। ਇਸ ਲਈ G7 ਦੇ ਦੇਸ਼, ਯੂਰਪੀਅਨ ਯੂਨੀਅਨ, ਅਤੇ ਆਸਟਰੇਲੀਆ, ਇੰਡੀਆ, ਸਾਊਥ ਕੋਰੀਆ ਅਤੇ ਮੈਕਸੀਕੋ ਵਰਗੇ ਕਈ ਮੁਲਕ ਇਸਨੂੰ ਖ਼ਤਰੇ ਦੇ ਤੌਰ 'ਤੇ ਦੇਖ ਰਹੇ ਹਨ। ਇਸ ਕਾਰਨ ਪੂਰਬ ਅਤੇ ਪੱਛਮ ਦੇ ਮੁਲਕ ਸਪਲਾਈ ਚੇਨ ਵਿਭਿੰਨਤਾ 'ਤੇ ਕੰਮ ਕਰ ਰਹੇ ਹਨ। ਅਮਰੀਕਾ ਨੇ ਪਹਿਲਾਂ ਹੀ ਆਸਟਰੇਲੀਆ ਨਾਲ 8.5 ਬਿਲੀਅਨ ਦਾ ਸਮਝੌਤਾ ਕੀਤਾ ਹੈ ਕਿ ਇਨ੍ਹਾਂ ਮਿਨਰਲਾਂ ਲਈ ਇੱਕ ਰਣਨੀਤਕ ਰਿਜ਼ਰਵ ਬਣਾਇਆ ਜਾਵੇ।

# ਸਾਕਸ਼ੀ-ਭਾਵ ਦੀ ਪੌੜੀ ਹੈ – ਸਿਮਰਨ

ਇੱਕ ਅੰਗਰੇਜ਼ੀ ਕਵੀ ਹੋਇਆ ਹੈ ਟੈਨਿਸਨ। ਉਸਨੇ ਆਪਣੀਆਂ ਯਾਦਾਂ ਵਿਚ ਇੱਕ ਬਹੁਤ ਅਨੋਖੀ ਗੱਲ ਲਿਖੀ ਹੈ। ਉਸਨੇ ਲਿਖਿਆ ਹੈ ਕਿ ਮੈਂ ਛੋਟਾ ਬੱਚਾ ਸੀ ਅਤੇ ਘਰ 'ਚ ਮੈਨੂੰ ਜਲਦੀ ਸੌਣ ਲਈ ਭੇਜ ਦਿੱਤਾ ਜਾਂਦਾ ਸੀ। ਘਰ ਦੇ ਲੋਕ ਤਾਂ ਦੇਰ ਤੱਕ ਜਾਗਦੇ, ਪਰ ਬੱਚਿਆਂ ਨੂੰ ਜਲਦੀ ਭੇਜ ਦਿੰਦੇ। ਮੈਨੂੰ ਨੀਂਦ ਨਾ ਆਉਂਦੀ ਅਤੇ ਹਨੇਰੇ ਵਿਚ ਮੈਨੂੰ ਡਰ ਵੀ ਲੱਗਦਾ। ਹਨੇਰਾ ਕਰ ਦਿੰਦੇ ਕਮਰੇ ਵਿਚ ਅਤੇ ਦਰਵਾਜ਼ਾ ਬੰਦ ਕਰ ਦਿੰਦੇ ਅਤੇ ਕਹਿੰਦੇ ਕਿ ਸੌਂ ਜਾਓ ਅਤੇ ਸੌਣਾ ਪੈਂਦਾ। ਨੀਂਦ ਨਾ ਆਉਂਦੀ ਅਤੇ ਹਨੇਰੇ ਵਿਚ ਭੂਤ-ਪ੍ਰੇਤ ਦਿਖਾਈ ਦਿੰਦੇ ਅਤੇ ਡਰ ਵੀ ਲੱਗਦਾ।

ਤਾਂ ਮੈਂ ਅੱਖਾਂ ਬੰਦ ਕਰਕੇ ਕਿ ਕੀ ਕਰਾਂ— ਪਿਤਾ ਨਾਸਤਕ ਸਨ ਇਸ ਲਈ ਕੋਈ ਪ੍ਰਾਰਥਨਾ ਕਦੇ ਸਿਖਾਈ ਨਹੀਂ ਸੀ। ਪਰਮਾਤਮਾ ਦਾ ਕੋਈ ਨਾਮ ਨਹੀਂ ਸਿਖਾਇਆ, ਤਾਂ ਕੀ ਕਰਾਂ? ਤਾਂ ਮੈਂ ਆਪਣਾ ਹੀ ਨਾਮ ਦੁਹਰਾਉਂਦਾ: 'ਟੈਨਿਸਨ-ਟੈਨਿਸਨ-ਟੈਨਿਸਨ।' ਉਸ ਨਾਲ ਥੋੜੀ ਹਿੰਮਤ ਵਧਦੀ, ਥੋੜਾ ਨਿੱਘ ਆਉਂਦਾ ਅਤੇ 'ਟੈਨਿਸਨ, ਟੈਨਿਸਨ, ਟੈਨਿਸਨ ਦੁਹਰਾਉਂਦੇ-ਦੁਹਰਾਉਂਦੇ ਮੈਂ ਸੌਂ ਜਾਂਦਾ।



ਹੌਲੀ-ਹੌਲੀ ਇਹ ਅਭਿਆਸ ਹੋ ਗਿਆ। ਅਤੇ ਜਦੋਂ ਵੀ ਚਿੰਤਾ ਫੜਦੀ, ਕੋਈ ਤਣਾਅ ਹੁੰਦਾ ਤਾਂ ਟੈਨਿਸਨ ਕਹਿੰਦਾ ਹੈ, ਬਸ ਤਿੰਨ ਵਾਰ ਅੰਦਰ ਅੱਖਾਂ ਬੰਦ ਕਰਕੇ ਮੈਨੂੰ ਇੰਨਾ ਹੀ ਕਹਿਣਾ ਪੈਂਦਾ: ਟੈਨਿਸਨ, ਟੈਨਿਸਨ, ਟੈਨਿਸਨ ਅਤੇ ਸਭ ਸ਼ਾਂਤ ਹੋ ਜਾਂਦਾ। ਮੰਤਰ ਹੋ ਗਿਆ ਆਪਣਾ ਹੀ ਨਾਮ।

ਅਤੇ ਟੈਨਿਸਨ ਨੇ ਲਿਖਿਆ ਹੈ ਕਿ ਮੈਂ ਇਸ ਨਾਲ ਬਹੁਤ ਡੂੰਘੇ ਧਿਆਨ ਵਿਚ ਉਤਰਨ ਲੱਗਾ। ਇਹ ਤਾਂ ਮੈਨੂੰ ਬਹੁਤ ਬਾਅਦ ਵਿਚ ਪਤਾ ਲੱਗਾ ਕਿ ਇਸਨੂੰ ਲੋਕ ਧਿਆਨ ਕਹਿੰਦੇ ਹਨ।

ਆਪਣੇ ਹੀ ਨਾਮ ਦਾ ਸਿਮਰਨ ਵੀ ਤੁਹਾਨੂੰ ਪਰਮਾਤਮਾ ਤੱਕ ਪਹੁੰਚਾ ਸਕਦਾ ਹੈ। ਇਹ ਸਵਾਲ ਨਹੀਂ ਹੈ, ਕਿਉਂਕਿ ਸਾਰੇ ਨਾਮ ਉਸਦੇ ਹਨ। ਤੁਹਾਡਾ ਨਾਮ ਵੀ ਉਸੇ ਦਾ ਹੈ। ਟੈਨਿਸਨ ਵੀ ਉਸਦਾ ਨਾਮ ਹੈ। ਅੱਲ੍ਹਾ ਉਸੇ ਦਾ ਨਾਮ ਹੈ, ਰਾਮ ਉਸੇ ਦਾ ਨਾਮ ਹੈ। ਕੋਈ ਦਸ਼ਰਥ ਦੇ ਪੁੱਤਰ ਨੇ ਠੇਕਾ ਲਿਆ ਹੈ? ਤੁਸੀਂ ਵੀ ਕਿਸੇ ਦਸ਼ਰਥ ਦੇ ਪੁੱਤਰ ਹੋ। ਤੁਹਾਡਾ ਨਾਮ ਵੀ ਉਸੇ ਦਾ ਨਾਮ ਹੈ।

ਤੁਸੀਂ ਆਪਣਾ ਹੀ ਨਾਮ ਵੀ ਦੁਹਰਾਓ ਤਾਂ ਵੀ ਨਤੀਜਾ ਉਹੀ ਹੋਵੇਗਾ। ਕਿਉਂਕਿ ਅਸਲ ਸਵਾਲ ਬੋਧ-ਪੂਰਵਕ ਅੰਦਰ ਸਿਮਰਨ ਨੂੰ ਜਗਾਉਣ ਦਾ ਹੈ। ਕੁਝ ਵੀ ਤੁਸੀਂ ਦੁਹਰਾਉਂਦੇ ਹੋ, ਉਸਨੂੰ ਦੁਹਰਾਉਣ ਦੇ ਪਲ ਵਿਚ ਹੀ ਅੰਦਰ ਇੱਕ ਸ਼ਾਂਤ ਅਵਸਥਾ ਬਣਨ ਲੱਗਦੀ ਹੈ। ਅਤੇ ਉਸਨੂੰ ਦੁਹਰਾਉਂਦੇ-ਦੁਹਰਾਉਂਦੇ ਤੁਹਾਨੂੰ ਇਹ ਦਿਖਾਈ ਦੇਣ ਲੱਗਦਾ ਹੈ ਕਿ ਦੁਹਰਾਉਣ ਵਾਲਾ ਵੱਖਰਾ ਹੈ ਅਤੇ ਜੋ ਦੁਹਰਾਇਆ ਜਾ ਰਿਹਾ ਹੈ ਉਹ ਵੱਖਰਾ ਹੈ। ਤੁਸੀਂ ਹੌਲੀ-ਹੌਲੀ ਸਾਕਸ਼ੀ-ਭਾਵ ਵਿਚ ਪ੍ਰਗਟ ਹੋਣ ਲੱਗਦੇ ਹੋ।

ਸਿਮਰਨ ਸਾਕਸ਼ੀ-ਭਾਵ ਦੀ ਪੌੜੀ ਹੈ। ਜਿੰਨਾ ਸਿਮਰਨ ਡੂੰਘਾ ਹੁੰਦਾ ਹੈ, ਓਨੇ ਤੁਸੀਂ ਸਾਕਸ਼ੀ-ਭਾਵ ਨਾਲ ਭਰ ਜਾਂਦੇ ਹੋ। ਇਸਨੂੰ ਤੁਸੀਂ ਕਰਕੇ ਦੇਖੋ। ਜੇਕਰ ਨਾ ਹੋਵੇ ਪਰਮਾਤਮਾ 'ਤੇ ਭਰੋਸਾ, ਕੋਈ ਚਿੰਤਾ ਨਹੀਂ, ਤੁਸੀਂ ਆਪਣਾ ਹੀ ਸਿਮਰਨ ਕਰੋ।

***~ ਓਸ਼ੋ***
***ਅਨੁਵਾਦ: ਮੀਤ ਅਨਮੋਲ***

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 649ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 649ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ ਹਰ ਸਾਲ ਦੀ ਤਰ੍ਹਾਂ 30, 31 ਜਨਵਰੀ ਅਤੇ ਪਹਿਲੀ ਫਰਵਰੀ 2026 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ, ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**30 ਜਨਵਰੀ 2026, ਸ਼ੁਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10:00 ਵਜੇ*

**1 ਫਰਵਰੀ 2026, ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10:00 ਵਜੇ*

* ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।
* ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)

**12200 E. 131st., Street Fishers, IN 46037-6621**

**Cell: 317-792-7121 Ph: 317-773-8446**

# ਨਾਵਲ ਰਾਹੀਂ ਗੁਰਬਾਣੀ ਸੰਗੀਤ ਦੀ ਆਤਮਾ ਨੂੰ ਫੜਨ ਦਾ ਅਦੁੱਤੀ ਉਪਰਾਲਾ

***ਮਨਮੋਹਨ ਹੁਰੀਂ ਪੁਲਿਸ ਦੇ ਉਚ ਅਹੁਦੇ ਤੋਂ ਪਿੱਛੇ ਜਿਹੇ ਹੀ ਰਿਟਾਇਰ ਹੋਏ ਹਨ। ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਕਵਿਤਾ, ਦਾਰਸ਼ਨਿਕ ਨਿਬੰਧਾਂ ਅਤੇ ਨਾਵਲਕਾਰੀ ਦੇ ਖੇਤਰ ਵਿਚ ਹੁਣ ਤੱਕ 30 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ ਹੈ। ਅੱਜ ਤੋਂ 15 ਕੁ ਵਰ੍ਹੇ ਪਹਿਲਾਂ ਉਨ੍ਹਾਂ ਵਲੋਂ ਮਹਾਨ ਨਾਵਲਕਾਰ ਕਰਾਤੁਨ ਐਨ ਹੈਦਰ ਦੇ ਨਾਵਲ 'ਅੱਗ ਦਾ ਦਰਿਆ' ਦੀ ਤਰਜ਼ 'ਤੇ ਲਿਖਿਆ ਉਨ੍ਹਾਂ ਦਾ ਨਾਵਲ 'ਨਿਰਵਾਣ' ਗੰਭੀਰ ਚਰਚਾ ਦਾ ਵਿਸ਼ਾ ਬਣਿਆ ਰਿਹਾ। ਹਾਲੀਆ ਨਾਵਲ 'ਮਨ ਭੰਖੀ ਭਇਓ' ਵਿਚ ਉਨ੍ਹਾਂ ਨੇ ਸਿੱਖ ਰਾਜ ਦੇ ਖਾਤਮੇ ਤੋਂ ਲੈ ਕੇ ਪੂਰੀ ਇਕ ਸਦੀ ਦੇ ਪੰਜਾਬ ਦੇ ਇਤਿਹਾਸ ਨੂੰ ਪਿੱਠਭੂਮੀ ਬਣਾਉਂਦਿਆਂ ਗੁਰਬਾਣੀ ਸੰਗੀਤ ਦੀ ਆਤਮਾ ਨੂੰ ਜਿਸ ਸੁਹਜ ਨਾਲ ਗੁੰਧਿਆ ਹੈ, ਉਹ ਪੜ੍ਹਿਆਂ ਹੀ ਬਣਦਾ ਹੈ। ਡਾ. ਬਲਕਾਰ ਸਿੰਘ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਸ ਨਾਵਲ ਦੀ ਸਮੀਖਿਆ ਸਾਂਝੀ ਕੀਤੀ ਹੈ। -ਸੰਪਾਦਕ***

ਡਾ. ਮਨਮੋਹਨ ਸਿੰਘ ਦੇ ਨਾਵਲ 'ਮਨੁ ਪੰਖੀ ਭਇਓ' ਨੂੰ ਸਰਵਰਕ ਤੋਂ ਲੈ ਕੇ ਆਖਰੀ ਪੰਨੇ ਤੱਕ ਪੜ੍ਹ ਲੈਣ ਪਿਛੋਂ ਮੇਰੀ ਅਕਾਂਖਿਆ ਅਤੇ ਸੰਤੁਸ਼ਟੀ ਜਿਸ ਸੰਬਾਦ ਦੇ ਸਨਮੁਖ ਹੋਈ, ਓਸੇ ਨੂੰ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਅਹਿਸਾਸ, ਸੋਝੀ ਅਤੇ ਸਮਾਜਿਕਤਾ ਨਾਲ ਜੁੜੇ ਹੋਏ ਪਾਤਰਾਂ ਵਿਚੋਂ ਬੋਧੇ ਨੂੰ ਕੇਂਦਰ ਵਿਚ ਰੱਖ ਕੇ ਗੱਲ ਤੋਰਦਾ ਹਾਂ ਤਾਂ ਗੁਰਮਤਿ ਦੀਆਂ ਉਹ ਰਮਜ਼ਾਂ ਸਾਹਮਣੇ ਆਉਣ ਲੱਗ ਪੈਂਦੀਆਂ ਹਨ, ਜਿਨ੍ਹਾਂ ਨੂੰ ਗੁਰੂ ਦੇ ਨਾਮ 'ਤੇ ਜਿਊਣ ਵਾਲੇ ਪੰਜਾਬ ਨਾਲ ਜੋੜ ਕੇ ਸਮਝੇ-ਸਮਝਾਏ ਜਾਣ ਦੀ ਸਪੇਸ ਇਸ ਨਾਵਲ ਦੇ ਹਵਾਲੇ ਨਾਲ ਪੈਦਾ ਹੋ ਗਈ ਹੈ ਅਤੇ ਇਸਨੂੰ ਵਿਚਾਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਨਾਵਲ ਇਤਿਹਾਸ ਦੇ ਆਸਰੇ ਤੁਰਨ ਦੀ ਥਾਂ ਸਿਧਾਂਤਕੀ ਦੇ ਆਸਰੇ ਤੁਰਦਾ ਲੱਗਦਾ ਹੈ। ਸਿਧਾਂਤਕੀ ਭਾਵ ਗੁਰੂ ਦੇ ਨਾਮ 'ਤੇ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91-93163-01328**

ਤੁਰਨ ਵਾਲੇ ਪੰਜਾਬ ਦਾ ਸਮਕਾਲ ਕਿਹੋ ਜਿਹੀਆਂ ਹੋਣੀਆਂ ਨੂੰ ਹੰਢਾਉਂਦਾ ਆ ਰਿਹਾ ਹੈ? ਜਾ ਰਹੀ ਕਲੋਨੀਅਲ ਹਕੂਮਤ ਅਤੇ ਆ ਰਹੀ ਲੋਕਤਾਂਤ੍ਰਿਕਤਾ ਦੀ ਦਾਅਵੇਦਾਰੀ ਵਾਲੀ ਸਿਆਸਤ ਵਿਚਕਾਰ ਇਸਲਾਮਿਕ ਰਾਸ਼ਟਰਵਾਦ ਰਾਹੀਂ ਪਾਕਿਸਤਾਨ ਬਣਾਉਣ ਦੀ ਸਿਆਸਤ ਨਾਲ ਉਖੜੇ ਮਨਾਂ ਦੇ ਉਲਾਰ ਦਾ ਆਮ ਬੰਦਾ ਸ਼ਿਕਾਰ ਕਿਵੇਂ ਤੇ ਕਿਉਂ ਹੋ ਰਿਹਾ ਸੀ, ਨੂੰ ਇਸ ਨਾਵਲ ਦੇ ਹਵਾਲੇ ਨਾਲ ਸਮਝਿਆ ਸਕਦਾ ਹੈ ਅਤੇ ਸਮਝਾਇਆ ਵੀ ਜਾ ਸਕਦਾ ਹੈ। ਪੰਜਾਬ ਆਪੂੰ ਸਹੇੜੀਆਂ ਸਮੱਸਿਆਵਾਂ ਵਿਚ ਘਿਰਦਾ ਵੀ ਹੈ ਅਤੇ ਨਿਕਲਣ ਲਈ ਫੜਫੜਾਉਂਦਾ ਵੀ ਹੈ। ਇਸ ਸਥਿਤੀ ਵਿਚ ਨਾ ਕੀਤੀਆਂ ਸਜ਼ਾਵਾਂ ਭੁਗਤਣ ਵੱਲ ਭੱਜ ਰਹੀ ਪੰਜਾਬੀ ਪਾਤਰਤਾ ਦੀ ਮਾਨਸਿਕ ਧਰਾਤਲ ਨੂੰ ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੁ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥167


ਡਾ. ਮਨਮੋਹਨ ਸਿੰਘ ਬਹੁ-ਵਿਧਾਵੀ ਸਾਹਿਤਕਾਰ ਵਜੋਂ ਸਥਾਪਤ ਹੈ ਅਤੇ ਇਸ ਦੀ ਪੁਸ਼ਟੀ ਇਹ ਨਾਵਲ ਕਰਦਾ ਹੈ। ਪਰਤਾਂ ਦੀਆਂ ਬਾਰੀਕੀਆਂ ਅਤੇ ਵਿਸਥਾਰ ਲੇਖਕ ਦੀ ਸ਼ੈਲੀ ਦਾ ਉਹ ਰੰਗ ਸਾਹਮਣੇ ਲੈ ਆਉਂਦੀਆਂ ਹਨ, ਜਿਸ ਨੂੰ ਵਾਰਸਸ਼ਾਹੀ ਸ਼ੈਲੀ ਕਹਿਣਾ ਚਾਹੁੰਦਾ ਹਾਂ (143)। ਇਸ ਨਾਲ ਸਮਝ ਅਤੇ ਸੂਚਨਾ ਕਰਿੰਘੜੀ ਪਾ ਕੇ ਤੁਰਦੀਆਂ ਨਜ਼ਰ ਆਉਂਦੀਆਂ ਹਨ। ਨਾਵਲ ਦੇ ਮੁੱਖ ਪਾਤਰ ਭਾਈ ਬੁੱਧ ਸਿੰਘ ਦੇ ਗੁਰਮਤਿ ਦੀ ਰੌਸ਼ਨੀ ਵਿਚ ਹੋਏ ਬਿਰਤਾਂਤ ਨੂੰ ਇਸ ਤਰ੍ਹਾਂ ਪੰਜਾਬੀ ਨਾਵਲਕਾਰੀ ਵਿਚ ਪਹਿਲਾਂ ਕਿਸੇ ਲੇਖਕ ਨੇ ਉਸਾਰਿਆ ਹੋਵੇ, ਮੇਰੀ ਪੜ੍ਹਤ ਵਿਚ ਨਹੀਂ ਆਇਆ। ਸਮਾਜਿਕਤਾ ਦਾ ਬੋਧਾ ਅਤੇ ਯਾਰਾਂ ਦਾ ਬੁੱਧੂ ਨਾਵਲ ਵਿਚ ਸਿੱਖ ਅਹਿਸਾਸ ਦੇ ਪਾਤਰ ਵਜੋਂ ਭਾਈ ਬੁੱਧ ਸਿੰਘ ਹੋ ਗਿਆ ਹੈ। ਮੁੱਖ ਪਾਤਰ ਦੀ ਤਿੰਨ ਪਰਤੀ ਪਛਾਣ ਨੂੰ ਪੰਜਾਬੀ ਸਭਿਆਚਾਰ ਵਿਚ ਮਾਇਆ ਦੀ ਤਿੰਨ ਪਰਤੀ ਪਛਾਣ- 'ਇਸ ਮਾਇਆ ਕੇ ਤੀਨ ਨਾਮ, ਪਰਸੂ ਪਰਸਾ ਪਰਸ ਰਾਮ' ਵਾਂਗ ਵੀ ਵੇਖਿਆ ਜਾ ਸਕਦਾ ਹੈ। ਵਿਸ਼ਵਾਸੀ ਚੇਤਨਾ ਦੁਆਲੇ ਉਸਰਦੀ ਬੋਧੇ ਦੀ ਮਾਨਸਿਕਤਾ ਨੂੰ ਹਰ ਉਹ ਪਾਤਰ ਸਹਾਰਾ ਦੇਂਦਾ ਹੈ, ਜਿਹੜਾ ਪ੍ਰਾਪਤ ਸਭਿਆਚਾਰ ਦੇ ਪ੍ਰਸੰਗ ਵਿਚ ਧਾਰਮਿਕ ਰੰਗ ਦਾ ਪ੍ਰਤੀਨਿਧ ਹੈ। ਇਸ ਤਰ੍ਹਾਂ ਦੇ ਪ੍ਰਭਾਵ ਦੀ ਪਹਿਲੀ ਪਰਤ ਉਸ ਦਾ ਪਿਓ ਹੈ, ਜੋ ਜੁਲਾਹਾ ਹੈ ਅਤੇ ਹਰ ਰੋਜ਼ ਕੰਮ ਸ਼ੁਰੂ ਕਰਨ ਵੇਲੇ ਇਹ ਦੁਰਾਉਂਦਾ ਹੈ- 'ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ'। ਪੰਜਾਬੀਆਂ ਦੇ ਸੁਭਾ ਨੂੰ ਲੱਗੀ ਗੁਰਮਤੀ ਜਾਗ ਦੇ ਹਵਾਲੇ ਦੀ ਉਸ ਨੂੰ ਕਦੇ ਲੋੜ ਹੀ ਨਹੀਂ ਪਈ। ਉਹ ਭੈਅ ਭਾਵਨੀ ਵਾਲੇ ਜਗਿਆਸੂਆਂ ਦੀ ਸੇਵਾ ਨੂੰ ਪੁੰਨ ਸਮਝਦਾ ਰਿਹਾ ਸੀ। ਪਿਤਾ ਦੀ ਸ਼ਰਧਾਲੂ ਪਹੁੰਚ ਨੂੰ ਜਿਸ ਤਰ੍ਹਾਂ ਬੋਧੇ ਨੇ ਸੁਤੇ-ਸਿਧ ਹੀ ਅਪਣਾ ਲਿਆ ਸੀ, ਉਸ ਤਰ੍ਹਾਂ ਉਸ ਦੇ ਵਡੇ ਦੋ ਭਰਾਵਾਂ ਨੇ ਨਹੀਂ ਅਪਣਾਇਆ ਸੀ। ਤਿੰਨਾਂ ਭਰਾਵਾਂ ਵਿਚੋਂ ਮਹਿਟਰਾਂ ਵਾਂਗ ਵੀ ਬੋਧਾ ਹੀ ਵਿਚਰਦਾ ਰਿਹਾ ਸੀ। ਘਰ ਵਿਚੋਂ ਲੋੜੀਂਦੇ ਮੁਹੱਬਤੀ ਹੁੰਗਾਰੇ ਨਾਲੋਂ ਟੁੱਟਿਆ ਬੋਧਾ ਧਾਰਮਿਕ ਸਥਾਨਾਂ ਰਾਹੀਂ ਆਪਣੇ ਅੰਦਰ ਨਾਲ ਜੁੜਣ ਵਾਲੇ ਰਾਹ ਪੈ ਗਿਆ ਸੀ। ਇਹ ਉਹਦੀ ਚੋਣ ਨਹੀਂ, ਮਜਬੂਰੀ ਸੀ, ਪਰ ਇਸ ਰਾਹ ਤੁਰਨ ਦੇ ਨਤੀਜਿਆਂ ਨੇ ਉਸ ਨੂੰ ਸੰਤੁਸ਼ਟ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪਣੇ ਭਰਾਵਾਂ ਨਾਲ ਪਿਤਾ ਦੇ ਫੁੱਲ ਪਾਉਣ ਵਾਸਤੇ ਹਰਿਦਵਾਰ ਜਾ ਕੇ ਵੀ ਦੁਨੀਆਂਦਾਰ ਵਡੇ ਭਰਾਵਾਂ ਨਾਲ ਆਪਣੇ ਅੰਦਾਜ਼ ਵਿਚ ਹੀ ਪੇਸ਼ ਆਉਂਦਾ ਰਿਹਾ ਸੀ। ਪਾਂਡੇ ਦੇ ਪਰਵਚਨਾਂ ਨੂੰ ਭਰਾ ਕੇਵਲ ਸੁਣਦੇ ਸਨ ਅਤੇ ਬੋਧਾ ਸਮਝਦਾ ਲੱਗਦਾ ਸੀ। ਮੌਤ ਦੇ ਹਵਾਲੇ ਨਾਲ ਬੋਧੇ ਨੂੰ ਬ੍ਰਹਿਮੰਡ, ਬ੍ਰਹਮ ਅਤੇ ਸ਼ਬਦ ਨੂੰ ਪਾਂਡੇ ਕੋਲੋਂ ਸੁਣ ਕੇ ਆਪਣੀਆਂ ਰਗਾਂ ਵਿਚ ਅਗੰਮੀ ਲੈਅ ਅਤੇ ਰੂਹਾਨੀ ਤਾਲ ਵਰਗਾ ਅਹਿਸਾਸ ਹੋਇਆ ਸੀ। ਵਾਪਸ ਆ ਕੇ ਉਸ ਨੂੰ ਲਗਿਆ ਕਿ ਮਾਪੇ ਨਹੀਂ ਰਹੇ ਤਾਂ ਕਾਹਦਾ ਘਰ। ਹਰ ਕਾਸੇ ਤੋਂ ਉਪਰਾਮ ਹੋ ਗਿਆ ਸੀ। ਉਸ ਦੀ ਇਹ ਪਿਆਸ ਗੁਰਦੁਆਰੇ ਜਾਣ ਨਾਲ ਪਰਚਣ ਲੱਗ ਪਈ ਸੀ। ਗੁਰਦੁਆਰੇ ਦੀ ਇਹ ਭੂਮਿਕਾ ਉਸ ਨਾਲ ਕਿਸੇ ਨ ਕਿਸੇ ਰੂਪ ਵਿਚ ਸਾਰੀ ਉਮਰ ਨਿਭਦੀ ਰਹੀ ਸੀ। ਪੁਸਤਕ ਸਭਿਆਚਾਰ ਤੋਂ ਮਹਿਰੂਮ ਪਿੰਡ ਵਿਚ ਪੜ੍ਹਨ ਦੀ ਰੁਚੀ ਸੰਤਾਂ ਦੇ ਡੇਰੇ ਨੇ ਪੈਦਾ ਕੀਤੀ ਅਤੇ ਪਾਠ ਕਰ ਲੈਣ ਦੀ ਸਮਰੱਥਾ ਨੇ ਉਸ ਨੂੰ ਗੁਰਦੁਆਰੇ ਨਾਲ ਜੋੜ ਦਿਤਾ ਸੀ। ਗਵੱਈਆ ਹੋਣ ਦੀ ਕੁਦਰਤੀ ਦਾਤ ਨੇ ਉਸ ਨੂੰ ਰਾਗੀ ਪ੍ਰੇਮ ਸਿੰਘ ਦੇ ਨੇੜੇ ਲੈ ਆਂਦਾ। ਗੁਰਦੁਆਰੇ ਦਾ ਗ੍ਰੰਥੀ ਕਰਮ ਸਿੰਘ ਵੀ ਉਸ ਨੂੰ ਚੰਗੇ ਪਾਠੀ ਵਾਂਗ ਪਿਆਰ ਕਰਨ ਲਗ ਪਿਆ ਸੀ। ਉਹ ਸ਼ਬਦ ਕੀਰਤਨ ਦੀ ਲੈਅਕਾਰੀ ਨਾਲ ਜੁੜਦਾ ਗਿਆ ਅਤੇ ਅਖੰਡਪਾਠੀਆਂ ਵਿਚ ਸ਼ਾਮਲ ਹੋਣ ਦਾ ਮੌਕਾ ਵੀ ਮਿਲਦਾ ਰਹਿੰਦਾ। ਕੀਰਤਨ ਅਤੇ ਪਾਠ ਵਾਸਤੇ ਉਸ ਦਾ ਗਲਾ ਅਤੇ ਯਾਦਾਸ਼ਤ ਬੜੀ ਕੰਮ ਆਈ। ਸੰਗਤ ਵਿਚ ਉਹ ਭਾਈ ਬੁੱਧ ਸਿੰਘ ਦੇ ਨਾਮ ਨਾਲ ਅਤੇ ਪਿੰਡ ਵਾਲਿਆਂ ਨਾਲ ਨਿਮਰ ਸੇਵਕ ਵਾਂਗ ਨਿਭਦਾ ਆ ਰਿਹਾ ਸੀ।

ਮੈਲੇ ਕਪੜਿਆਂ ਵਾਲਾ ਬੋਧਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਵਾਂਗ ਸਜਿਆ-ਸਜਾਇਆ ਆਪਣੇ-ਆਪ ਨੂੰ 'ਧੁਰ ਅੰਦਰੋਂ ਧੋਤਾ-ਧੋਤਾ, ਨਿਰਮਲ-ਨਿਰਮਲ, ਪਵਿਤਰ-ਪੁਨੀਤ ਜਿਹਾ ਅਨੁਭਵ ਕਰਨ ਲਗ ਪਿਆ ਸੀ। ਉਸ ਦੇ ਅੰਦਰ ਨਵਾਂ ਵਿਸ਼ਵਾਸ ਅਤੇ ਨਵੀਂ ਊਰਜਾ ਪੈਦਾ ਹੋਣ ਲਗ ਪਈ ਸੀ। ਇਸ ਨਵੀਂ ਪਰਤ ਨਾਲ ਹੀ ਨਾਵਲ ਦੇ ਸਿਰਲੇਖ ਦਾ ਪ੍ਰਸੰਗ ਭਗਤ ਕਬੀਰ ਦੇ ਇਸ ਹਵਾਲੇ ਨਾਲ ਨਾਵਲ ਦਾ ਹਿੱਸਾ ਹੋ ਗਿਆ ਹੈ:

ਕਬੀਰ ਮਨੁ ਪੰਖੀ ਭਇਓ, ਉਡਿ ਉਡਿ ਦਹ ਦਿਸ ਜਾਇ॥
ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਪਾਇ॥

ਪ੍ਰਸੰਗ ਦੇ ਵਿਸਥਾਰ ਵਿਚ ਜਾਏ ਬਿਨਾ ਪੰਖੀ ਮਾਨਸਿਕਤਾ ਦੀ ਪੁਸ਼ਟੀ ਨਾਵਲ ਵਿਚੋਂ ਇਸ ਤਰ੍ਹਾਂ ਹੁੰਦੀ ਹੈ- 'ਉਸ (ਬੋਧੇ) ਨੂੰ ਇੰਜ ਲੱਗਦਾ ਉਹ ਜਿਵੇਂ ਕੋਈ ਪੰਛੀ ਹੋਵੇ, ਜੋ ਅਚਾਨਕ ਕਿਸੇ ਉਚੀ ਆਵਾਜ਼ ਜਾਂ ਧਮਾਕੇ ਨਾਲ ਤ੍ਰਬਕ ਕੇ ਹਿੱਲ ਗਿਆ ਹੋਵੇ' ਬੋਧੇ ਦੀ ਪੰਛੀਆਂ ਵਰਗੀ ਮਾਨਸਿਕਤਾ ਦਾ ਹਵਾਲਾ ਇਸ ਤਰ੍ਹਾਂ ਪ੍ਰਾਪਤ ਹੈ- 'ਉਸ ਦੇ ਅੰਦਰ ਉਡ ਰਿਹਾ ਇਕ ਅਨਾਮ ਪੰਛੀ ਉਡਦਾ ਉਡਦਾ ਕਿਸੇ ਬੇਨਾਮ ਡਰ ਕਾਰਨ ਪਿੰਜਰੇ 'ਚ ਆ ਪਰਤਦਾ। ਉਹ ਪੰਛੀ ਨੂੰ ਤਾਂ ਪਿੰਜਰੇ ਵਿਚੋਂ ਕੱਢ ਦਿੰਦਾ ਪਰ ਪੰਛੀ ਦੇ ਦਿਲ ਵਿਚੋਂ ਪਿੰਜਰਾ ਨਾ ਕਢ ਸਕਦਾ।' ਮੁੱਖ ਪਾਤਰ ਭਾਈ ਬੁੱਧ ਸਿੰਘ ਨੂੰ ਬਾਰ ਦੇ ਇਲਾਕੇ ਲਾਇਲਪੁਰ ਵਿਖੇ ਸਿੰਘ ਸਭਾ ਗੁਰਦੁਆਰੇ ਵਿਚ ਗ੍ਰੰਥੀ ਦੀ ਸੇਵਾ ਮਿਲ ਜਾਂਦੀ ਹੈ ਅਤੇ ਗੁਰਦੁਆਰੇ ਦਾ ਮੁਖੀਆ ਜਗੀਰਦਾਰੀ ਰੁਚੀਆਂ ਵਾਲਾ ਗੁਰਸਿੱਖ ਹੈ। ਗੁਰਦੁਆਰੇ ਦੀ ਸੇਵਾ ਦੀ ਦਸ਼ਾ ਅਤੇ ਦਿਸ਼ਾ ਪ੍ਰਧਾਨ ਅਤੇ ਗ੍ਰੰਥੀ ਰਾਹੀਂ ਸਾਹਮਣੇ ਆ ਜਾਂਦੀ ਹੈ। ਸਿੱਖੀ ਦੀ ਦਿਸ਼ਾ ਅਤੇ ਦਸ਼ਾ ਜਿਵੇਂ ਸ਼ੁਰੂਆਤ ਵਿਚ ਇਸ ਨਾਵਲ ਰਾਹੀਂ ਪ੍ਰਗਟ ਹੋ ਗਈ ਹੈ, ਉਸ ਨੂੰ ਅਹਿਮ ਮਸਲੇ ਵਜੋਂ ਵਿਚਾਰੇ ਜਾਣ ਦੀ ਲੋੜ ਹੈ। ਲੇਖਕ, ਨਾਵਲ ਦੇ ਪਾਤਰਾਂ ਰਾਹੀਂ ਪਾਤਰਾਂ ਦੇ ਸਮਕਾਲ ਨੂੰ ਸਮਝਣ-ਸਮਝਾਉਣ ਦੀਆਂ ਸੰਭਾਵਨਾਵਾਂ ਨੂੰ ਨਾਵਲ ਦੀ ਬੁਣਤੀ ਵਿਚ ਬੁਣ ਦੇਂਦਾ ਹੈ। ਤਾਏ ਨਾਲ ਬੋਧਾ ਆਦਿਧਰਮੀਆਂ ਦੀ ਮੀਟਿੰਗ ਵਿਚ ਜਾਂਦਿਆਂ ਜਿਹੋ ਜਿਹੇ ਪ੍ਰਸ਼ਨ ਕਰਦਾ ਹੈ, ਉਸ ਨਾਲ ਉਸ ਦੀ ਜਗਿਆਸਾ ਦਾ ਉਹ ਰੰਗ ਦਿਸਣ ਲੱਗ ਪੈਂਦਾ ਹੈ, ਜਿਸ ਨੇ ਨਾਵਲ ਨੂੰ ਬਾਣੀ ਦੇ ਹਵਾਲੇ ਨਾਲ ਲਿਖਿਆ ਹੋਇਆ ਨਾਵਲ ਹੋ ਜਾਣ ਦੇ ਪਾਸੇ ਤੋਰਨਾ ਹੈ। ਬਾਣੀ ਦੇ ਮਰਮ ਅਤੇ ਸੰਗੀਤ ਨਾਲ ਜੁੜੇ ਹੋਏ ਵਿਸਥਾਰ ਬਾਰੇ ਗੱਲ ਤੁਰੇਗੀ ਤਾਂ ਬਹੁਤ ਦੂਰ ਤੱਕ ਜਾਏਗੀ। ਮੈਨੂੰ ਇਹ ਅਣਛੋਹੇ ਅਕਾਦਮਿਕ ਪ੍ਰਸੰਗ ਲੱਗਦੇ ਹਨ। ਇਸ ਦੇ ਵਿਸਥਾਰ ਵਿਚ ਜਾਏ ਬਿਨਾ ਮੁੱਖ ਪਾਤਰ ਦੇ ਸਿੱਖ ਉਸਾਰੀ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।

ਪਿੰਡੋਂ ਬੋਧਾ ਪਹਿਲੀ ਵਾਰ ਗ੍ਰੰਥੀ ਦੀ ਨੌਕਰੀ ਵਾਸਤੇ ਘਰੋਂ ਬਾਹਰ ਨਿਕਲਦਾ ਹੈ। ਗ੍ਰੰਥੀ ਵਜੋਂ ਸ਼ੁਰੂ ਕੀਤੀ ਨਵੀਂ ਜ਼ਿੰਦਗੀ ਵਿਚ ਉਸ ਨੂੰ ਪਿੰਡ ਬਹੁਤ ਯਾਦ ਆਉਂਦਾ ਹੈ। ਉਸ ਨੂੰ ਢੋਲਕੀ ਦੇ ਕੁਦਰਤੀ ਕਲਾਕਾਰ ਹੀਰੇ ਦਾ ਫਿਕਰ ਹੋਣ ਲੱਗਦਾ ਹੈ ਕਿਉਂਕਿ ਉਹ ਰਿਆਜ਼ੇ ਘੁਮਿਆਰ ਦੀ ਬੇਟੀ ਤਰੰਨੁਮ ਨੂੰ ਕੱਢ ਕੇ ਲੈ ਜਾਂਦਾ ਹੈ। ਉਸ ਨੂੰ ਹੀਰੇ ਦੀ ਭੈਣ ਕੰਮੋ ਵੀ ਯਾਦ ਆਉਂਦੀ ਹੈ। ਕੰਮੋ ਦਾ ਪਿਓ ਹੌਲਦਾਰ ਭਾਗ ਸਿੰਘ ਕਦੇਸਣ ਨੂੰ ਫੌਜ ਦੀ ਨੌਕਰੀ ਛਡ ਕੇ ਵਿਆਹ ਲਿਆਇਆ ਸੀ। ਪਿੰਡ ਵਿਚੋਂ ਉਸ ਦਾ ਸੂਚਨਾ ਸ੍ਰੋਤ ਤਾਇਆ ਬਿਸ਼ਨ ਸਿੰਘ ਸੀ। ਤਾਏ ਨੇ ਹੀ ਉਸ ਨੂੰ ਸਮਕਾਲੀ ਚੇਤਨਾ ਨਾਲ ਜੁੜ ਕੇ ਤੁਰਦੇ ਰਹਿਣ ਦੇ ਰਾਹ ਪਾਇਆ ਸੀ। ਤਾਏ ਨੇ ਹੀ ਚਿੱਠੀ ਰਾਹੀਂ ਦੱਸਿਆ ਕਿ ਹੀਰਾ ਤਰੰਨੁਮ ਨਾਲ ਵਿਆਹ ਕਰ ਲੈਣ ਪਿਛੋਂ ਉਸ ਨੂੰ ਨਾਲ ਲੈ ਕੇ ਪਿੰਡ ਪਰਤ ਆਇਆ ਸੀ ਅਤੇ ਉਸਨੂੰ ਕਿਸੇ ਨੇ ਕਤਲ ਕਰ ਦਿੱਤਾ ਸੀ। ਏਨੇ ਸਾਰੇ ਪਾਤਰਾਂ ਵਿਚ ਭਾਈ ਬੁੱਧ ਸਿੰਘ ਦਾ ਵਿਆਹ ਉਸ ਦੇ ਤਾਏ ਨੇ ਹੀਰੇ ਦੀ ਭੈਣ ਕੰਮੋ ਨਾਲ ਕਰਵਾ




ਦਿੱਤਾ ਸੀ ਅਤੇ ਉਹ ਕੰਮੋ ਨਾਲ ਗ੍ਰਹਿਸਤੀ ਜੀਵਨ ਸਫਲਤਾ ਨਾਲ ਜੀਅ ਰਿਹਾ ਸੀ। ਉਸ ਦੇ ਦੋ ਪੁੱਤਰ ਸਨ। ਹੀਰੇ ਦੇ ਕਤਲ ਨੂੰ ਕੰਮੋ ਤੋਂ ਲੁਕਾਉਣ ਦਾ ਸੰਘਰਸ਼ ਭਾਈ ਬੁੱਧ ਸਿੰਘ ਦੇ ਸਿੱਖ ਅਹਿਸਾਸ ਦਾ ਹਿੱਸਾ ਹੈ। ਗੁਰਸਿੱਖ ਦੀ ਸਮਾਜਿਕਤਾ ਨਾਲ ਜੁੜੀਆਂ ਪਰਤਾਂ ਵਿਚ ਹੀਰੇ ਦੇ ਕਤਲ ਪਿੱਛੋਂ ਤਰੰਨੁਮ ਦਾ ਵਿਆਹ ਲਾਇਲਪੁਰ ਦੇ ਕਿਸੇ ਵਡੀ ਉਮਰ ਦੇ ਬੰਦੇ ਨਾਲ ਹੋ ਜਾਂਦਾ ਹੈ। ਤਾਇਆ ਉਸ ਦੀ ਸੂਹ ਕੱਢਦਾ ਕੱਢਦਾ ਗੁਰਦੁਆਰੇ ਬੋਧੇ ਕੋਲ ਪਹੁੰਚ ਜਾਂਦਾ ਹੈ ਅਤੇ ਤਰੰਨੁਮ ਨੂੰ ਲਭ ਲੈਂਦਾ ਹੈ। ਕੰਮੋ ਤੇ ਤਰੰਨੁਮ ਨਨਾਣ ਭਰਜਾਈ ਵਾਂਗ ਮਿਲਦੀਆਂ ਹਨ। ਤਰੰਨੁਮ ਨੂੰ ਪਤਾ ਹੈ ਕਿ ਉਹ ਮਾਂ ਨਹੀਂ ਬਣ ਸਕਦੀ ਅਤੇ ਕੰਮੋ ਦੇ ਜੌੜੇ ਮੁੰਡਿਆਂ ਗੋਪੀ ਤੇ ਗੁਰੀ ਵਿਚੋਂ ਗੁਰੀ ਨੂੰ ਪਿਆਰ ਕਰਨ ਲੱਗ ਪੈਂਦੀ ਹੈ। ਇਥੋਂ ਹੀ ਬੋਧੇ ਦੇ ਸੁਖੀ ਵੱਸਦੇ ਪਰਿਵਾਰ ਦੇ ਦੁਖਾਂਤਕ ਅੰਤ ਦੀ ਕਹਾਣੀ ਸ਼ੁਰੂ ਹੋ ਜਾਂਦੀ ਹੈ।

ਨਾਵਲ, 1926 ਤੋਂ ਲੈ ਕੇ 1947 ਵਿਚਕਾਰ ਸ਼ੁਰੂ ਹੋ ਕੇ ਸੰਪੂਰਨ ਹੁੰਦਾ ਹੈ। ਇਹ ਸਮਾਂ ਦੋ ਕੌਮਾਂ ਦੇ ਸਿਧਾਂਤ ਦੀ ਸਿਆਸਤ ਦੇ ਸ਼ੁਰੂ ਹੋਣ ਦਾ ਹੈ। ਇਹ ਸਿਧਾਂਤ ਸਿੱਖਾਂ ਨੂੰ ਖਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਠੀਕ ਨਹੀਂ ਬੈਠਦਾ, ਕਿਉਂਕਿ ਇਸ ਵਾਸਤੇ ਲੋੜੀਂਦਾ ਧਾਰਮਿਕ ਉਲਾਰ ਸਿੱਖਾਂ ਅਤੇ ਪੰਜਾਬੀਆਂ ਦੇ ਸੁਭਾ ਵਿਚ ਨਹੀਂ ਹੈ। ਦੋ ਕੌਮਾਂ ਦਾ ਸਿਧਾਂਤ ਵੀਰ ਸਾਵਰਕਰ ਵਲੋਂ ਸ਼ੁਰੂ ਕੀਤਾ ਗਿਆ ਸੀ, ਪਰ ਇਸ ਦਾ ਸਿਆਸੀ ਲਾਹਾ ਪਾਕਿਸਤਾਨ ਬਣਾ ਕੇ ਜਿਨਾਹ ਨੇ ਲਿਆ ਸੀ। ਜਿਸ ਤਰ੍ਹਾਂ ਪੰਜਾਬ ਦਾ ਮੁਸਲਮਾਨ ਜਿਨਾਹ ਦੀ ਹਮਾਇਤ ਵਿਚ ਆ ਗਿਆ ਸੀ, ਉਸ ਤਰ੍ਹਾਂ ਪੰਜਾਬ ਦਾ ਹਿੰਦੂ ਵੀਰ ਸਾਵਰਕਰ ਦੀ ਹਮਾਇਤ ਵਿਚ ਨਹੀਂ ਆਇਆ ਸੀ। ਇਸ ਦੀਆਂ ਪਰਤਾਂ ਨੂੰ ਲੇਖਕ ਨੇ ਦਿਆਨਤਦਾਰੀ ਨਾਲ ਸਾਹਮਣੇ ਲਿਆਉਂਦਿਆਂ ਬਹੁਤ ਬਰੀਕੀ ਨਾਲ ਪਾਤਰਾਂ ਰਾਹੀਂ ਬਿਆਨਿਆ ਹੈ। ਬੁੱਧ ਸਿੰਘ ਦੀ ਪਾਤਰ ਉਸਾਰੀ ਰਾਹੀਂ ਸਿੱਖ ਅਤੇ ਬਾਣੀ ਕਟਹਿਰੇ ਵਿਚ ਆ ਜਾਂਦੇ ਹਨ। ਸਿੱਖੀ ਦਾ ਪ੍ਰਤੀਨਿਧ ਗੁਰਦੁਆਰੇ ਦਾ ਪ੍ਰਧਾਨ ਨਹੀਂ, ਕਿਉਂਕਿ ਉਹ ਬਾਣੀ ਨਾਲ ਉਸ ਤਰ੍ਹਾਂ ਨਹੀਂ ਜੁੜਿਆ, ਜਿਵੇਂ ਭਾਈ ਬੁੱਧ ਸਿੰਘ ਸਿੱਖੀ ਦੇ ਪ੍ਰਤੀਨਿਧ ਵਜੋਂ ਸਾਹਮਣੇ ਆਉਂਦਾ ਹੈ। ਨਾਵਲ ਵਿਚ ਪਰਤਾਂ ਨੂੰ ਜਿਵੇਂ ਪ੍ਰਸੰਗ ਵਾਂਗ ਵਿਸਥਾਰਤ ਕੀਤਾ ਹੋਇਆ ਹੈ, ਬੰਦੇ ਦਾ ਪਾਗਲਪਣ ਸਿਆਸੀ ਰੰਗ ਵਿਚ ਸਾਹਮਣੇ ਆਉਣ ਲੱਗ ਜਾਂਦਾ ਹੈ ਅਤੇ ਸਭਿਆਚਾਰ ਅਤੇ ਧਰਮ ਵਿਚੋਂ ਨੈਤਿਕ ਕਦਰਾਂ-ਕੀਮਤਾਂ ਹਾਰਦੀਆਂ ਨਜ਼ਰ ਆਉਂਦੀਆਂ ਹਨ। ਲੀਡਰਾਂ ਵਿਚ ਮਾਸਟਰ ਤਾਰਾ ਸਿੰਘ ਦੀ ਭੂਮਿਕਾ ਨਾਲ ਵੀ ਗੁਰਮਤਿ ਦੀ ਭੂਮਿਕਾ ਕਾਇਮ ਰਹਿੰਦੀ ਹੈ। ਲੇਖਕ ਨੇ ਪਾਤਰਾਂ ਰਾਹੀਂ ਇਹ ਸੱਚ ਸਾਹਮਣੇ ਲੈ ਆਂਦਾ ਹੈ ਕਿ ਚੇਤਿਆਂ ਵਿਚੋਂ ਵਿਰਾਸਤੀ ਪ੍ਰਸੰਗ ਜੇ ਉੱਖੜ ਜਾਵੇ ਤਾਂ ਚੇਤਿਆਂ ਦੀ ਸਿਆਸਤ ਪੱਲੇ ਪੁਆਉਣੀ ਪੈ ਜਾਂਦੀ ਹੈ। ਪੰਜਾਬੀ ਸਭਿਆਚਾਰ ਨੂੰ ਜਿਵੇਂ ਸਿੱਖ ਸਭਿਆਚਾਰ ਨਾਲ ਲੈ ਕੇ ਤੁਰਦਾ ਆ ਰਿਹਾ ਹੈ, ਉਸ ਤਰ੍ਹਾਂ ਹੋਰ ਕਿਸੇ ਧਰਮ ਦਾ ਸਭਿਆਚਾਰ ਨਹੀਂ ਕਰ ਸਕਿਆ। ਪੰਜਾਬੀ ਵਿਵਿਧਤਾ ਦਾ ਸਭਿਆਚਾਰਕ ਪ੍ਰਸੰਗ ਸਿਆਸਤ ਦੇ ਪੈਰੋਂ ਜਿਵੇਂ ਦੇਸ਼ ਦੀ ਵੰਡ ਤੱਕ ਪਹੁੰਚਦਾ ਹੈ, ਇਸ ਨਾਵਲ ਰਾਹੀਂ ਸਾਹਮਣੇ ਆ ਗਿਆ ਹੈ। ਇਸ ਨੂੰ ਨਾਵਲ ਦੇ ਹਵਾਲੇ ਨਾਲ ਇਨਸਾਨੀਅਤ ਦੇ ਘਾਣ ਵਜੋਂ ਹੀ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ। ਓਹਲੇ ਦੀ ਸਿਆਸਤ ਵਿਚੋਂ ਇਸ ਨੂੰ ਸ਼ਹਿ ਮਿਲਦੀ ਰਹੀ ਹੈ। ਇਸ ਦਾ ਵਿਸਥਾਰ ਨਾਵਲ ਦੀ 'ਉਤਰ ਕਥਾ' ਵਿਚ ਆ ਗਿਆ ਹੈ। ਜਿਨਾਹ ਨੂੰ ਇਸਲਾਮਿਕ ਲੜਾਈ ਲੜਨ ਦਾ ਨਾਟਕ ਕਰਦਿਆਂ ਜਿਵੇਂ ਪਾਕਿਸਤਾਨ ਮਿਲ ਗਿਆ ਸੀ, ਉਸ ਨਾਲ ਇਸ ਖਿੱਤੇ ਵਿਚ ਧਾਰਮਿਕ ਰਾਸ਼ਟਰਵਾਦ ਦੇ ਬੀਜੇ ਗਏ ਬੀਜਾਂ ਦੀ ਫਸਲ ਹਰ ਕਿਸੇ ਨੂੰ ਵੱਢਣੀ ਪਈ ਅਤੇ ਵਢਣੀ ਪੈ ਰਹੀ ਹੈ। ਇਸ ਸਰਾਪੀ ਪ੍ਰਾਪਤੀ ਨਾਲ ਹਿੰਦੂ, ਹਿੰਦੂ ਨਹੀਂ ਰਹਿ ਸਕਦਾ ਅਤੇ ਮੁਸਲਮਾਨ, ਮੁਸਲਮਾਨ ਨਹੀਂ ਰਹਿ ਸਕਦਾ। ਜਨਮ ਤੋਂ ਧਰਮ ਅੱਗੇ ਕਰਮ ਤੋਂ ਧਰਮ ਦੇ ਹਾਰ ਜਾਣ ਨਾਲ ਬੋਧੇ ਰਾਹੀਂ 'ਕੋਇ ਨ ਦਿਸੈ ਬਾਹਰਾ ਜੀਓ' ਵਰਗੀਆਂ ਗੁਰਮਤੀ ਸੰਭਾਵਨਾਵਾਂ ਦੀ ਦਿਸ਼ਾ ਅਤੇ ਦਸ਼ਾ ਇਸ ਨਾਵਲ ਦਾ ਹਾਸਲ ਹੋ ਗਿਆ ਹੈ। ਧਾਰਮਿਕ ਵੰਡ ਵਡੀਹਰੇ ਤੋਂ ਬਚਣ ਵਾਸਤੇ ਲੋੜੀਂਦਾ ਰਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੋਣ ਦੇ ਬਾਵਜੂਦ ਸਿੱਖਾਂ ਵੱਲੋਂ ਸਿਆਸੀ ਅਪਹਰਣ ਦਾ ਸ਼ਿਕਾਰ ਹੋਵੇਗਾ ਤਾਂ ਸਿਧਾਂਤ ਨੂੰ ਅਮਲ ਹੱਥੋਂ ਹਾਰਨ ਤੋਂ ਰੋਕਿਆ ਨਹੀਂ ਜਾ ਸਕੇਗਾ। ਵੰਡ ਦੇ ਵਿੱਛੜਿਆਂ ਨੂੰ ਕਰਤਾਪੁਰ ਸਾਹਿਬ ਦਾ ਲਾਂਘਾ ਤੀਜੀ ਪੀੜ੍ਹੀ ਰਾਹੀਂ ਦੂਜੀ ਪੀੜ੍ਹੀ ਨੂੰ ਮਿਲਾਉਂਦਾ ਹੈ।

ਮੁੱਖ ਪਾਤਰ ਦੇ ਆਲੇ-ਦੁਆਲੇ ਬੁਣਿਆ ਹੋਇਆ ਨਾਵਲ ਏਧਰ-ਓਧਰ ਨੂੰ ਜਿਸ ਬਾਰੀਕ ਸੁਰ ਵਿਚ ਨਾਲ ਲੈ ਕੇ ਤੁਰਦਾ ਹੈ, ਉਸ ਦੇ ਸਭਿਆਚਾਰਕ, ਧਾਰਮਿਕ ਅਤੇ ਵਿਚਾਰਧਾਰਕ ਪਹਿਲੂਆਂ ਬਾਰੇ ਚਰਚਾ ਤੋਂ ਸੰਕੋਚ ਕਰਕੇ ਇਸ ਨਾਵਲ ਦੇ ਗੁਰਮਤੀ ਪ੍ਰਸੰਗ ਨੂੰ ਕੇਂਦਰ ਵਿਚ ਰੱਖ ਕੇ ਗੱਲ ਕਰਨਾ ਚਾਹ ਰਿਹਾ ਹਾਂ, ਕਿਉਂਕਿ ਇਸ ਨਾਵਲ ਦੀ ਅਹਿਮੀਅਤ ਮੇਰੇ ਲਈ ਇਹ ਹੋ ਗਈ ਹੈ ਕਿ ਧਰਮੀਆਂ ਦੇ ਪੈਰੋਂ ਪੈਦਾ ਹੋਏ ਧਰਮ ਦੇ ਨਫਰਤੀ ਵਰਤਾਰਿਆਂ ਦੀ ਸਿਆਸਤ ਵਿਚ ਗੁਰੂ ਨਾਨਕ ਦੇਵ ਜੀ ਨੇ ਜਿਹੜੀ ਮਾਨਸਿਕ ਪਰਿਵਰਤਨ ਦੀ ਮੁਹਿੰਮ ਭਾਈ ਮਰਦਾਨਾ ਨੂੰ ਨਾਲ ਲੈ ਕੇ ਸੱਚੇ ਸੌਦੇ ਨਾਲ ਸ਼ੁਰੂ ਕੀਤੀ ਸੀ, ਉਹ ਕਿਸੇ ਨ ਕਿਸੇ ਮਾਤਰਾ ਵਿਚ ਭਾਈ ਬੁਧ ਸਿੰਘ ਰਾਹੀਂ ਨਿਭ ਰਹੀ ਵੇਖੀ ਜਾ ਸਕਦੀ ਹੈ। ਇਸ ਨਾਲ ਆਸ ਦੀ ਕਿਰਨ, ਕਿ ਸੱਚ ਨਾਲ ਜੁੜੇ ਹੋਏ ਵਿਰਲੇ ਓਸੇ ਤਰ੍ਹਾਂ ਹਾਰਦੇ ਰਹਿੰਦੇ ਹਨ, ਜਿਵੇਂ ਦੋ ਕੌਮਾਂ ਦੀ ਰਾਸ਼ਟਰਵਾਦੀ ਸਿਆਸਤ ਵਾਲੇ ਪਹਿਲਾਂ ਵੀ ਹਾਰੇ ਸਨ ਅਤੇ ਹੁਣ ਵੀ ਹਾਰ ਰਹੇ ਹਨ। ਇਸ ਦ੍ਰਿਸ਼ਟੀ ਤੋਂ ਜਿਸ ਤਰ੍ਹਾਂ ਭਾਈ ਬੁੱਧ ਸਿੰਘ ਧਾਰਮਿਕ ਕੱਟੜਵਾਦੀਆਂ ਦੇ ਪੈਰੋਂ ਬਲਦੀ ਦੇ ਬੁੱਥੇ ਆਉਂਦਾ ਹੈ, ਉਸ ਦਾ ਆਰੰਭ ਤਰੰਨੁਮ ਕੋਲੋਂ ਆਪਣੇ ਪੁੱਤਰ ਗੌਰੀ ਨੂੰ ਲੈਣ ਜਾਣ ਨਾਲ ਹੁੰਦਾ ਹੈ।

ਨਾਵਲ ਵਿਚ ਜਾਤੀਵਾਦੀ ਸਮਾਜਿਕਤਾ ਬਾਰੇ ਇਹ ਭਾਵਨਾ ਸਾਹਮਣੇ ਆਉਣ ਲਗ ਪਈ ਕਿ 'ਸਾਨੂੰ ਤਾਂ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਪਹਿਲਾਂ ਦੇਸੀ ਹਾਕਮਾਂ ਦੀ ਦਾਸਤਾ ਤੋਂ ਨਿਜਾਤ ਪਾਉਣ ਲਈ ਸਮਾਜਿਕ ਬਰਾਬਰੀ ਦਾ ਸੰਘਰਸ਼ ਵਿੱਢਣਾ ਜ਼ਰੂਰੀ ਹੈ। ਬੋਧਾ, ਜਿਸ ਪੇਂਡੂ ਸਮਾਜਿਕਤਾ ਦਾ ਹਿੱਸਾ ਹੈ, ਉਸ ਨੂੰ ਆਤਮ-ਨਿਰਭਰ ਸਮਾਜਿਕਤਾ ਸਾਰੀਆਂ ਜਾਤੀਆਂ- ਜੱਟ, ਜੁਲਾਹਾ, ਲੁਹਾਰ, ਅਤੇ ਸੁਨਿਆਰਾ ਆਦਿ ਦੀ ਅੰਤਰ-ਸਬੰਧਤਾ ਦੇ ਵਰਤਾਰੇ ਨਾਲ ਜੁੜੀ ਹੋਈ ਹੈ। ਇਸ ਦਾ ਸਿੱਖ ਪ੍ਰਸੰਗ ਬੋਧੇ ਦੇ ਸੁਭਾ ਵਿਚ ਸੁਤੇ-ਸਿਧ ਪਰਵੇਸ਼ ਹੁੰਦਾ ਹੈ ਅਤੇ ਉਸ ਨੂੰ ਲੱਗਣ ਲੱਗ ਪਿਆ ਸੀ ਕਿ ਬਾਣੀ ਸਾਰੇ ਬੰਦਿਆਂ ਨੂੰ ਰੱਬ ਦੇ ਬੰਦੇ ਮੰਨਦੀ ਹੈ ਅਤੇ ਵਹਿਮ-ਭਰਮ ਛੱਡ ਕੇ ਪ੍ਰਭੂ ਦੇ ਸਿਮਰਨ ਲਈ ਕਹਿੰਦੀ ਹੈ। ਪੰਜਾਬੀਆਂ ਵਿਚ ਸਮਝ ਨੂੰ ਗੁਰਦੁਆਰੇ ਦੇ ਪਲੈਟਫਾਰਮ ਰਾਹੀਂ ਪੱਕਾ ਕਰਨ ਦੀ ਕੋਸ਼ਿਸ਼ ਹੁੰਦੀ ਰਹਿੰਦੀ ਹੈ:

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ॥
ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ॥

ਨਾਵਲ ਵਿਚ ਇਸ ਰੰਗ ਦੀਆਂ ਸਚਾਈਆਂ ਨੂੰ ਨਾਵਲ ਦੇ ਪਾਤਰਾਂ ਰਾਹੀਂ ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਵਾਰਸ ਸ਼ਾਹ, ਮਿਰਜ਼ਾ ਗਾਲਿਬ ਅਤੇ ਹੋਰ ਕਵੀਆਂ ਦੀਆਂ ਟੂਕਾਂ ਰਾਹੀਂ ਸਾਹਮਣੇ ਲਿਆਉਣ ਦਾ ਵਰਤਾਰਾ ਚੱਲਦਾ ਰਹਿੰਦਾ ਹੈ। ਇਨ੍ਹਾਂ ਪਰਤ ਪ੍ਰਗਟਾਵਿਆਂ ਦਾ ਸਿਧਾਂਤਕ ਪ੍ਰਸੰਗ ਜਿਸ ਤਰ੍ਹਾਂ ਬਾਣੀ ਦੇ ਹਵਾਲੇ ਨਾਲ ਨਾਵਲ ਵਿਚ ਸਥਾਪਤ ਹੋ ਗਿਆ ਹੈ, ਉਸ ਨੂੰ ਪੰਜਾਬੀ ਨਾਵਲ ਦੇ ਪ੍ਰਸੰਗ ਵਿਚ ਸੱਜਰੀ ਪਹਿਲਤਾਜ਼ਗੀ ਵਾਂਗ ਵੇਖੇ ਜਾਣ ਦੀ ਲੋੜ ਹੈ। ਨਾਵਲੀ ਕੈਨਵਸ 'ਤੇ 1907 ਵਿਚ ਰੂਸ ਤੇ ਅੰਗ੍ਰੇਜ਼ਾਂ ਦੇ ਸਮਝੌਤ,1936 ਵਿਚ ਸੂਬਾ ਸਰਹੱਦ ਵਿਚ ਹੋਈਆਂ ਚੋਣਾਂ ਵਿਚ ਕਾਂਗਰਸ ਵੱਲੋਂ ਲੀਗੀਆਂ ਨੂੰ ਹਰਾਉਣ ਅਤੇ 1940 ਵਿਚ ਜਿਨਾਹ ਵੱਲੋਂ ਪਾਕਿਸਤਾਨ ਬਨਾਉਣ ਦਾ ਹਵਾਲਾ, ਪੈਦਾ ਹੋ ਰਹੇ ਸਿਆਸੀ ਵਰਤਾਰਿਆਂ ਨੂੰ ਦਰਸਾਉਂਦਾ ਹੋਇਆ ਬੋਧੇ ਵਾਂਗ ਬਿਨਾ ਕੀਤੀਆਂ ਦੀ ਸਜ਼ਾ ਭੁਗਤਣ ਵਾਲਿਆਂ ਲਈ ਮਜ਼੍ਹਬੀ ਸਿਆਸਤ ਵਾਸਤੇ ਅਣਚਾਹੀ ਸਪੇਸ ਪੈਦਾ ਕਰਦਾ ਹੈ। ਪੰਛੀਆਂ ਦੇ ਪੈੜਾਂ ਵਰਗੀ ਬੋਧੇ ਦੀ ਜ਼ਿੰਦਗੀ ਵਿਚ ਸੰਗੀਤ ਸਹਿਜ ਵਰਤਾਉਂਦਾ ਹੈ ਅਤੇ ਉਸ ਨੂੰ ਸਮਝ ਆਉਣ ਲੱਗ ਪੈਂਦਾ ਹੈ ਕਿ 'ਜਦੋਂ ਕਵਿਤਾ ਤੇ ਸੰਗੀਤ ਦਾ ਸੰਗਮ ਹੋ ਜਾਵੇ ਤਾਂ ਇਹ ਠੁਮਰੀ ਲਈ ਉੱਤਮ ਸਥਿਤੀ ਏ।' ਪਿੰਡ ਦੇ ਸਕੂਲ ਵਿਚ ਪੰਜਾਬੀ ਪੜ੍ਹਾਉਣ ਦੀ ਸੇਵਾ ਨਿਭਾਉਂਦਿਆਂ ਬੋਧੇ ਨੂੰ ਹਿੰਦੂ ਪਾਣੀ ਅਤੇ ਮੁਸਲਮ ਪਾਣੀ ਵਿਚ ਰਮਦਾਸੀਆਂ ਅਤੇ ਜੁਲਾਹਿਆਂ ਵਰਗੀਆਂ ਪਛੜੀਆਂ ਸ਼੍ਰੇਣੀਆਂ ਦੇ ਬਚਿਆਂ ਲਈ ਕੋਈ ਇੰਤਜ਼ਾਮ ਨਹੀਂ ਦਿੱਸਦਾ। ਸਕੂਲ ਦਾ ਹੈਡਮਾਸਟਰ ਅਹਿਮਦ ਦੀਨ ਪੱਕਾ ਮੁਸਲਮਾਨ ਹੋ ਕੇ ਵੀ ਕੱਟੜ ਨਹੀਂ ਹੈ ਅਤੇ ਬੋਧੇ ਨੂੰ ਪੁਸਤਕ ਕਲਚਰ ਨਾਲ ਜੁੜਨ ਦੇ ਅਵਸਰ ਪੈਦਾ ਕਰਦਾ ਰਹਿੰਦਾ ਹੈ। ਸੱਥਾਂ ਤੱਕ ਸਿਆਸਤ ਦੀਆਂ ਗੱਲਾਂ ਵੀ ਹੁੰਦੀਆਂ ਰਹਿੰਦੀਆਂ

*(ਬਾਕੀ ਅਗਲੇ ਸਫੇ 'ਤੇ)*

# ਪਾਠਾਂ ਦੀਆਂ 'ਕੋਤਰੀਆਂ' ਤੇ 'ਲੜੀਆਂ' ਮਰਿਆਦਾ ਨਾ.ਲ ਲੜੀਆਂ!

> ਵੋਟ-ਭੁੱਖ ਕਾਰਨ ਪਏ ਹੋਏ ਪੰਜਾਬ ਵਿਚਲੇ ਅਜੋਕੇ ਰਾਜ-ਰੌ.ਲੇ ਵਿਚ ਸਿੱਖ ਪੰਥ ਦੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਨਾਮ ਨਾਲ ਬੋਲੇ ਜਾ ਰਹੇ 'ਲਾਪਤਾ', 'ਚੋਰੀ ਹੋ ਗਏ' ਜਾਂ 'ਭ੍ਰਿਸ਼ਟਾਚਾਰ' ਜਿਹੇ ਸ਼ਬਦ ਸੁਣ ਕੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਹਿਰਦਿਆਂ 'ਤੇ ਸੱਟ ਵੱਜਦੀ ਹੈ। ਕਦੇ ਸਮਾਂ ਸੀ ਆਮ ਗੁਰਦੁਆਰੇ ਵਿਚ ਗੁਰੂ ਮਹਾਰਾਜ ਦਾ ਇੱਕ ਹੀ ਸਰੂਪ ਹੁੰਦਾ ਸੀ ਪਰ ਹੁਣ ਗੁਰਦੁਆਰਿਆਂ ਅਤੇ ਡੇਰਿਆਂ ਵਿਚ ਸੱਤਰ-ਅੱਸੀ ਜਾਂ ਸੈਂਕੜਿਆਂ ਤੋਂ ਵੀ ਵੱਧ ਸਰੂਪ ਮੌਜੂਦ



ਤਰਲੋਚਨ ਸਿੰਘ ਦੁਪਾਲ ਪੁਰ
ਫੋਨ: 001-408-905-5517
tsdupalpuri@yahoo.com

ਹਨ। ਕਾਰਨ? ਕਿਉਂ ਕਿ ਸੰਗਤ ਨੇ ਘਰਾਂ ਵਿਚ ਅਖੰਡ ਪਾਠ ਕਰਵਾਉਣੇ ਬਹੁਤ ਘੱਟ ਕਰ ਦਿੱਤੇ ਅਤੇ ਇਨ੍ਹਾਂ 'ਅਸਥਾਨਾਂ' ਵਿਚ ਹੁਣ ਅਖੰਡ ਪਾਠਾਂ ਦੀਆਂ ਲੜੀਆਂ ਚੱਲਣ ਲੱਗ ਪਈਆਂ।

> ਪੰਥ ਪ੍ਰਵਾਣਿਤ ਰਹਿਤ ਮਰਿਆਦਾ ਨੂੰ ਤਾਂ ਸਾਡੀ ਕੌਮ ਨੇ ਜਮਾਂ ਈ ਪਿੱਠ ਦਿੱਤੀ ਹੋਈ ਹੈ ਇਸ ਕਰਕੇ ਉਹਦੇ ਵਿਚੋਂ ਅਖੰਡ ਪਾਠ ਬਾਰੇ ਕੋਈ ਹਵਾਲੇ ਦੇਣ ਦੀ ਬਜਾਏ ਕੁੱਝ ਗੱਲਾਂ ਲੜੀਆਂ ਬਾਰੇ ਹੀ ਕਰ ਲਈਏ।

> ਕਦੇ ਉਹ ਵੀ ਸਮਾਂ ਸੀ ਜਦ ਕੋਈ ਗੁਰੂ ਨਾਨਕ ਨਾਮ ਲੇਵਾ ਆਪਣੇ ਘਰੇ ਅਖੰਡ ਪਾਠ ਜਾਂ ਸਹਿਜ ਪਾਠ ਕਰਵਾਉਂਦਾ ਸੀ ਤਾਂ ਭੋਗ ਉਪਰੰਤ ਘਰ ਦਾ ਮੁਖੀਆ ਮਹਾਰਾਜ ਦਾ ਸਰੂਪ ਸਿਰ 'ਤੇ ਲੈ ਕੇ ਘਰ ਦੇ ਹਰ ਕਮਰੇ ਵਿਚ ਘੁੰਮਦਾ ਹੁੰਦਾ ਸੀ। ਪਰ ਹੁਣ ਅਮੀਰੀ ਨੇ ਸ਼ਰਧਾ ਸਤਿਕਾਰ ਘਟਾ ਦਿੱਤੇ ਅਤੇ ਸ਼ਰਧਾਲੂ ਜਨ ਪਿੰਡ ਦੇ ਗੁਰਦੁਆਰੇ ਜਾਂ ਕਿਸੇ ਲਾਗਲੇ ਡੇਰੇ ਵਿਚ 'ਲੜੀ' ਜਾਂ 'ਕੋਤਰੀ' ਸ਼ੁਰੂ ਹੋਣ 'ਤੇ ਉੱਥੇ ਹੀ ਨਿਰਧਾਰਤ ਮਾਇਆ ਜਮ੍ਹਾਂ ਕਰਾ ਦਿੰਦੇ ਹਨ। ਬੀਬੀਆਂ ਵੀ ਖੁਸ਼ ਅਤੇ ਬੀਬੇ ਵੀ ਵਿਹਲੇ!

> ਪਾਠੀ ਸਿੰਘ ਦੱਸਦੇ ਨੇ ਕਿ ਲੜੀਆਂ ਚਲਾਉਣ ਵਾ.ਲੇ ਪ੍ਰਬੰਧਕ ਸ਼ਰਧਾਲੂਆਂ ਪਾਸੋਂ ਤਾਂ ਖੁੱਲ੍ਹੀ ਮਾਇਆ ਲੈਂਦੇ ਹਨ ਪਰ ਪਾਠੀ ਸਿੰਘਾਂ ਨੂੰ ਭੇਟਾ 'ਹੱਥ ਘੁੱਟ ਕੇ' ਦਿੰਦੇ ਹਨ। ਮਾਇਕ ਪੱਖੋਂ ਲੋੜਵੰਦ ਪਾਠੀ ਸਿੰਘ ਵਿਚਾਰੇ ਪ੍ਰਬੰਧਕਾਂ ਮੋਹਰੇ ਕੋਈ ਉਜ਼ਰ ਨਹੀਂ ਕਰਦੇ।

> ਲੜੀਆਂ ਵਿਚ ਪਾਠ ਕਰਨ ਵਾ.ਲੇ ਪਾਠੀਆਂ ਨੇ ਬਾਣੀ ਦੀ ਸੰਥਿਆ ਲਈ ਹੋਈ ਹੈ ਜਾਂ ਨਹੀਂ? ਇਹਦਾ ਪਤਾ ਨਾ ਅਖੰਡ ਪਾਠ ਕਰਾਉਣ ਵਾਲੇ ਕਰਦੇ ਹਨ ਅਤੇ ਨਾ ਹੀ ਪ੍ਰਬੰਧਕ। ਇਸ ਦਾ ਫਾਇਦਾ ਉਠਾਉਂਦਿਆਂ ਧੂਫੀਏ ਵੀ 'ਪਾਠੀ' ਬਣ ਕੇ ਰੌ.ਲਾਂ ਲਾਈ ਜਾਂਦੇ ਹਨ। ਅੱਗੇ ਪਾਠੀਆਂ ਵਿਚ ਵੀ ਕਈ 'ਠੇਕੇਦਾਰ' ਬਣ ਜਾਂਦੇ ਹਨ, ਜੋ ਪਾਠੀ ਸਿੰਘਾਂ ਨੂੰ ਲੜੀ ਵਿਚਲੇ ਪਾਠਾਂ ਦੀਆਂ ਡਿਊਟੀਆਂ ਦਿੰਦੇ ਹਨ! ਅਜਿਹੇ ਠੇਕੇਦਾਰ ਸਿਰਫ ਉਤਲੀ ਦੇਖ-ਰੇਖ ਹੀ ਕਰਦੇ ਹਨ, ਅਖੰਡ ਪਾਠ ਵਿਚ ਕੋਈ ਰੌ.ਲ ਨਹੀਂ ਲਾਉਂਦੇ!

> ਜਦੋਂ ਸ੍ਰੀ ਅਕਾਲ ਤਖਤ ਸਾਹਿਬ 'ਤੋਂ ਮੜ੍ਹੀਆਂ ਜਾਂ ਸਮਾਧਾਂ ਉੱਤੇ ਗੁਰੂ ਮਹਾਰਾਜ ਸਰੂਪ ਲੈਜਾਣ 'ਤੇ ਪਾਬੰਦੀ ਲਾਈ ਗਈ ਤਾਂ ਬਹੁਤੇ ਡੇਰਿਆਂ, ਖਾਸ ਕਰਕੇ ਦੁਆਬੇ ਵਿਚਲੇ ਜਠੇਰਿਆਂ ਵਾ.ਲਿਆਂ ਨੇ ਅਖੰਡ ਪਾਠਾਂ ਵਾਸਤੇ ਵੱਖਰੇ ਹਾਲ ਬਣਾ ਲਏ।

> ਅਜਿਹੇ 'ਧਾਰਮਿਕ ਅਸਥਾਨਾਂ' ਵਿਚ ਭਾਵੇਂ ਪੰਜਾਹ-ਪੰਜਾਹ ਅਖੰਡ ਪਾਠ ਅਰੰਭ ਹੋਏ ਹੋਣ ਪਰ ਲੰਗਰ ਆਦਿ ਦੀ ਅਰਦਾਸ ਮੜ੍ਹੀ ਜਾਂ ਸਮਾਧ ਅੱਗੇ ਥਾ.ਲ ਪਰੋਸ ਕੇ ਕੀਤੀ ਜਾਂਦੀ ਹੈ। ਇੱਥੇ ਹੀ ਬੱਸ ਨਹੀਂ ਅਰੰਭ ਜਾਂ ਭੋਗ ਵੇਲੇ ਕੀਤੀ ਜਾਂਦੀ ਅਰਦਾਸ ਵਿਚ ਮੜ੍ਹੀ/ਸਮਾਧ ਵਾ.ਲੇ ਬਾਬੇ ਦਾ ਉਚੇਚਾ ਨਾਂ ਲਿਆ ਜਾਂਦਾ ਹੈ-'ਧੰਨ ਧੰਨ ਬਾਬਾ ਫਲਾਣਾ ਜੀ ਮਹਾਰਾਜ...!'

> ਅਜਿਹੇ ਡੇਰਿਆਂ ਵਿਚ ਅਖੰਡ ਪਾਠਾਂ ਦੀ ਗਿਣਤੀ ਵੀ ਆਏ ਸਾਲ ਵਧੀ ਜਾਂਦੀ ਹੈ ਅਤੇ ਗੁਰਮਤਿ ਮਰਿਆਦਾ ਦਾ ਘਾਣ ਵੀ ਨਿਰੰਤਰ ਹੁੰਦਾ ਰਹਿੰਦਾ ਹੈ। ਇਕ ਡੇਰੇ ਵਿਚ ਮੈਂ ਅੱਖੀਂ ਦੇਖਿਆ ਕਿ ਲੜੀ ਦੇ ਪ੍ਰਬੰਧਕ ਸ਼ਰਧਾਲੂਆਂ ਨੂੰ ਦੋ ਦੋ ਰਮਾਲੇ ਲਿਆਉਣ ਲਈ ਕਹਿ ਰਹੇ ਸਨ-ਇਕ ਗੁਰੂ ਮਹਾਰਾਜ 'ਤੇ ਦੂਜਾ ਮੜ੍ਹੀ ਜਾਂ ਸਮਾਧ ਉੱਤੇ ਦੇਣ ਲਈ।



> ਪਹਿਲੇ-ਪਹਿਲ ਤਾਂ ਲੜੀਆਂ ਵਾਸਤੇ ਆਂਢ-ਗੁਆਂਢ ਦੇ ਪਿੰਡਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਇਕੱਠੇ ਕੀਤੇ ਜਾਂਦੇ ਸਨ, ਪਰ ਜਦ ਪਿੰਡਾਂ ਦੀਆਂ ਕਮੇਟੀਆਂ ਵਾ.ਲੇ ਚੜ੍ਹਾਵੇ ਦੀ ਮੰਗ ਕਰਨ ਲੱਗ ਪਏ ਤਦ ਲੜੀ-ਪ੍ਰਬੰਧਕਾਂ ਨੇ ਆਪਣੇ ਡੇਰੇ ਵਿਚ ਹੀ ਸੱਚਖੰਡ ਅਸਥਾਨ ਬਣਾ ਕੇ ਵੱਡੀ ਗਿਣਤੀ ਵਿਚ ਮਹਾਰਾਜ ਦੇ ਸਰੂਪ ਰੱਖਣੇ ਸ਼ੁਰੂ ਕਰ ਦਿੱਤੇ।

> ਇਨਾਂ ਡੇਰਿਆਂ ਜਠੇਰਿਆਂ ਦੀ ਗੱਲ ਤਾਂ ਇਕ ਪਾਸੇ ਰਹੀ, ਅਖੰਡ ਪਾਠਾਂ ਦੀਆਂ ਲੜੀਆਂ (ਕੁੱਝ ਵੱਖਰੇ ਢੰਗ ਨਾਲ) ਇਤਿਹਾਸਕ ਅਤੇ ਦੇਸ-ਵਿਦੇਸ਼ ਦੇ ਗੁਰਦੁਆਰਿਆਂ ਵਿਚ ਵੀ ਚੱਲਦੀਆਂ ਹਨ। ਮਰਿਆਦਾ ਜਾਂ ਗੁਰਮਤਿ ਸਿਧਾਂਤ ਬਾਰੇ ਸਵਾਲ ਕਰਨ ਵਾਲਿਆਂ ਨੂੰ ਪ੍ਰਬੰਧਕ ਸੱਜਣ ਠੋਕ ਕੇ ਕਹਿ ਦਿੰਦੇ ਹਨ ਕਿ ਸ਼ਰਧਾਲੂ ਅਖੰਡ ਪਾਠਾਂ ਲਈ ਮਾਇਆ ਭੇਜਦੇ ਹਨ, ਅਸੀਂ ਕੁੱਝ ਨੀ ਕਰ ਸਕਦੇ। ਇਸ ਵਿਸ਼ੇ ਬਾਰੇ ਬਹੁਤ ਸੰਕੋਚ ਨਾਲ ਲਿਖਿਆ ਹੈ ਨਹੀਂ ਤਾਂ ਹੋਰ ਬਹੁਤ ਕੁੱਝ ਅਜਿਹਾ ਹੋ ਰਿਹਾ ਹੈ ਜਿਸਨੂੰ ਲਿਖਦਿਆਂ ਗੁਰੇਜ਼ ਕਰਨਾ ਪੈਂਦਾ।

ਸ਼ਬਦ-ਗੁਰੂ ਦੇ ਪੁਜਾਰੀ, ਬੰਦਿਆਂ ਦੇ ਬੰਦੇ ਬਣੇ ਹੋਏ ਹਨ-

'ਝੁਕਦਾ ਹੈ ਜੋ ਬੰਦੇ ਅੱਗੇ ਉਸਦੀ ਕੀਮਤ ਕੁੱਝ ਵੀ ਨਹੀਂ,
> ਲਾਹਣਤ ਹੈ ਉਸ ਬੰਦੇ ਉੱਤੇ
> ਜੋ ਬੰਦੇ ਦਾ ਬੰਦਾ ਹੈ!'
> ਭੁੱਲ-ਚੁੱਕ ਦੀ ਖਿਮਾਂ।

---

*(ਪਿਛਲੇ ਸਫੇ ਦਾ ਬਾਕੀ)*

ਹਨ ਅਤੇ ਸਿਆਸਤ ਤੋਂ ਉਪਰ ਇਨਸਾਨੀਅਤ ਦੀ ਗੱਲ ਵੀ ਵਿਰਲਿਆਂ-ਵਾਂਝਿਆਂ ਵੱਲੋਂ ਤੁਰਦੀ ਰਹਿੰਦੀ ਹੈ। ਭਗਤ ਸਿੰਘ ਅਤੇ ਸਰਾਭੇ ਦੀਆਂ ਗੁਲਾਮੀ ਤੋਂ ਮੁਕਤੀ ਦੀਆਂ ਗੱਲਾਂ ਵੀ ਚੱਲਦੀਆਂ ਰਹਿੰਦੀਆਂ ਹਨ। ਇਹ ਚਰਚਾ ਵੀ ਸੱਥ-ਸਭਿਆਚਾਰ ਦਾ ਹਿੱਸਾ ਸੀ ਕਿ ਬਰਤਾਨਵੀ ਹਕੂਮਤ ਨੇ ਕਿਵੇਂ ਧਰਮਾਂ ਅਤੇ ਜਾਤਾਂ ਦੀਆਂ ਹੱਦਬੰਦੀਆਂ ਰਾਹੀਂ ਸਰਪ੍ਰਸਤੀ ਦਾ ਵਿਆਪਕ ਨਿਜ਼ਾਮ ਸਥਾਪਤ ਕੀਤਾ ਹੋਇਆ ਹੈ। ਬੋਧੇ ਦੀ ਡਾਇਰੀ ਵਿਚ ਇਹੋ ਜਿਹੀ ਸੰਜੀਦਗੀ ਸ਼ਾਮਲ ਸੀ ਕਿ 'ਮੈਂ ਆਪਣੇ ਹੋਣ ਦੇ ਸੱਚ ਨੂੰ ਤੇਰੇ ਨਾ ਹੋਣ ਦੇ ਸੱਚ 'ਚੋਂ ਲੱਭਦਾਂ...ਤੇਰੀ ਗੈਰਹਾਜ਼ਰੀ ਸੱਚ ਚੋਂ ਮੇਰੀ ਹਾਜ਼ਰੀ ਦਾ ਗੁੰਮ ਜਾਂਦਾ...(123)।

ਭਾਈ ਬੁੱਧ ਸਿੰਘ ਨਿਮਰਤਾ ਅਤੇ ਬਚਨਬੱਧਤਾ ਰਾਹੀਂ ਚੇਤਨਾ ਦੀ ਪ੍ਰਚੰਡਤਾ ਵੱਲ ਵਧਦਾ ਹੋਇਆ ਗੁਰਮਤਿ ਅਤੇ ਪੰਜਾਬੀਅਤ ਦੇ ਸੰਜਮੀ ਸਭਿਆਚਾਰ ਵਿਚੋਂ ਸੁਤੇ-ਸਿਧ ਪੈਦਾ ਹੋਇਆ ਪਾਤਰ ਅਤੇ ਪ੍ਰਤੀਨਿਧ ਲੱਗਦਾ ਹੈ। ਬੋਧੇ ਨੂੰ ਜੋ ਭੋਗਣਾ ਪਿਆ, ਉਸ ਵਿਚ ਸਿਆਸਤ ਦੇ ਕ੍ਰਿਸ਼ਮਿਆਂ ਦੀ ਲੀਲ੍ਹਾ ਦਾ ਅਹਿਮ ਰੋਲ ਸੀ। ਇਸ ਨੂੰ ਮਾਨਵ ਦੇ ਅਮਾਨਵੀ ਵਰਤਾਰਿਆਂ ਵਾਂਗ ਵੀ ਵੇਖਿਆ ਜਾ ਸਕਦਾ ਹੈ। ਏਸੇ ਨਾਲ ਜੁੜੇ ਦੋ ਕੌਮਾਂ ਦੇ ਸਿਧਾਂਤ ਨਾਵਲ ਦਾ ਹਿੱਸਾ ਹੋ ਗਏ ਹਨ ਅਤੇ ਉਸ ਦੇ ਪਰਤ ਪ੍ਰਗਟਾਵੇ ਲੇਖਕ ਦੀ ਕਰਤਾਰੀ ਪ੍ਰਤਿਭਾ ਦੇ ਸ਼ਾਹਦ ਹੋ ਗਏ। ਇਸ ਦੀ ਸ਼ੁਰੂਆਤ ਤਾਂ ਨਾਵਲ ਵਿਚ ਸਾਰਤਰ ਅਤੇ ਦੋਸਤੋਵਸਕੀ ਦੇ ਹਵਾਲੇ ਵਾਲੀਆਂ ਟੂਕਾਂ ਨਾਲ ਹੋ ਜਾਂਦੀ ਹੈ। ਇਸ ਦੇ ਪਾਤਰਾਂ ਰਾਹੀਂ ਪੈਦਾ ਹੋਏ ਮਾਨਵਵਾਦ ਨੂੰ ਬਾਣੀ ਦੇ ਹਵਾਲੇ ਨਾਲ ਅਮਰਜੀਤ ਗਰੇਵਾਲ ਦੇ ਗੁਰਮਤੀ ਸੰਭਾਵਤ ਪੋਸਟਹਿਊਮੈਨ ਬਾਰੇ ਗੱਲ ਹੋ ਸਕਦੀ ਹੈ। ਇਸ ਪਾਸੇ ਤੁਰਾਂਗੇ ਤਾਂ ਸਮਝ ਆਉਣ ਲੱਗ ਪਵੇਗਾ ਕਿ ਮਾਰਕਸਵਾਦੀ ਸਿਧਾਂਤਕੀ ਥੱਕੀ ਥੱਕੀ ਕਿਉਂ ਲੱਗਣ ਲੱਗ ਪਈ ਹੈ? ਲੋੜੀਂਦੀ ਚਰਚਾ ਨੂੰ ਜਾਨਵਰ ਤੋਂ ਬੰਦੇ ਤੱਕ ਦੇ ਸਫਰ ਤੇ ਮੁਕਾਉਣ ਦੀ ਥਾਂ ਮਾਨਵੀ ਵਿਕਾਸ/ਵਿਗਾਸ ਦੀ ਧਰਾਤਲ ਤੇ ਸਕਰਮਕ ਗੁਰਮਤਿ ਦੀ ਤ੍ਰਿਕੜੀ-ਜੁਗਤਿ-ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਨਾਲ ਪੈਦਾ ਹੋਣ ਵਾਲੀ ਵਿਵਹਾਰਕਤਾ ਤੱਕ ਤੁਰਦੀ ਰੱਖੀ ਜਾ ਸਕਦੀ ਹੈ। ਇਸ ਚੇਤਨ ਸੁਜੱਗਤਾ ਨਾਲ ਜੁੜੇ ਬਿਨਾ ਦੇਸ਼ ਦੀ ਵੰਡ ਵੇਲੇ ਸਾਹਮਣੇ ਆਈਆਂ ਸੰਭਾਵਨਾਵਾਂ ਨੂੰ ਰੋਕਿਆ ਨਹੀਂ ਜਾ ਸਕੇਗਾ। ਨਾਵਲ ਦਾ ਮੁੱਖ ਪਾਤਰ ਅਨਰੰਗੀ ਮਾਨਸਿਕਤਾ ਦੇ ਉਲਾਰ ਦਾ ਸ਼ਿਕਾਰ ਹੁੰਦਾ ਹੈ ਕਿਉਂਕਿ ਇਹੋ ਜਿਹੀਆਂ ਸਥਿਤੀਆਂ ਵਿਚ ਭੀੜ ਤੰਤ੍ਰ ਦੀ ਸਿਆਸਤ ਦਾ ਵਾਪਰਨਾ ਲਾਜ਼ਮੀ ਹੈ। ਗੁਰੂਆਂ ਦੀ ਚਰਨ ਛੋਹ ਵਾਲੀ ਧਰਤੀ 'ਤੇ ਬੋਧੇ ਦੀ ਹੋਣੀ ਮਾਨਵੀ ਕਲੰਕ ਨਜ਼ਰ ਆਉਣ ਲੱਗਦੀ ਹੈ। ਨਾਵਲ, ਪਾਤਰਾਂ ਰਾਹੀਂ ਡੇਰੇ ਵਾਲੇ ਕਬੀਰ ਅਤੇ ਗੁਰਦੁਆਰੇ ਵਾਲੇ ਕਬੀਰ ਨੂੰ ਗੁਰਮਤੀ ਭਾਵਨਾ ਵਿਚ ਇਕ ਕਰਦਾ ਨਜ਼ਰ ਆ ਜਾਂਦਾ ਹੈ। ਗ੍ਰੰਥੀ ਕਰਮ ਸਿੰਘ ਰਾਹੀਂ ਮਾਨਸਿਕਤਾ ਦਾ ਵਿਵਹਾਰਕਤਾ ਉਤੇ ਹਾਵੀ ਹੋਣਾ ਸਭਿਆਚਾਰ ਅਤੇ ਧਰਮ ਨੂੰ ਇਕੱਠਿਆਂ ਤੋਰਦਾ ਨਜ਼ਰ ਆ ਜਾਂਦਾ ਹੈ। ਸਿੱਖੀ ਦਾ ਜਗਿਆਸੂ ਤੋਂ ਅਨੁਭਵੀ ਸਕਰਮਕਤਾ ਵੱਲ ਸੇਧਤ ਸਫਰ ਵੀ ਪਾਤਰਾਂ ਰਾਹੀਂ ਜਿਸ ਤਰ੍ਹਾਂ ਨੈਰੇਟਿਵ ਉਸਾਰਨ ਵਿਚ ਸਹਾਈ ਹੁੰਦਾ ਹੈ, ਉਸ ਬਾਰੇ ਨਾਵਲ ਵਿਚਲੇ ਬਾਣੀ ਦੇ ਹਵਾਲਿਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਨੂੰ ਲੋਕ ਗਾਇਣ ਤੋਂ ਕੀਰਤਨ ਵਿਚ ਪਰਿਵਰਤਿਤ ਹੁੰਦਾ ਵੀ ਨਾਵਲ ਦੇ ਪਾਤਰਾਂ ਰਾਹੀਂ ਵੇਖਿਆ ਤੇ ਸਮਝਿਆ ਜਾ ਸਕਦਾ ਹੈ। ਪਾਤਰਾਂ ਰਾਹੀਂ ਮੌਤ ਅਤੇ ਜੀਵਨ ਬਾਰੇ ਸਵਾਲੇ ਪੈਦਾ ਹੁੰਦਾ ਹੈ ਕਿ ਅਮਰਤਾ ਕੀ ਹੈ? ਜਵਾਬ 'ਉਹ ਜੋ ਬਚ ਜਾਂਦੈ ਮੌਤ ਏ। ਉਹ ਜੋ ਨਹੀਂ ਮਰਦਾ ਅੰਮ੍ਰਿਤ ਬੀਜ ਆ...। ਪਹਿਲਾਂ ਕੀ ਆ ਮੌਤ ਜਾਂ ਅਮਰਤਾ?' ਕੋਈ ਨਹੀਂ ਜਾਣਦਾ। ਪਾਤਰਾਂ ਦਾ ਗੁਰਮਤਿ ਪ੍ਰਸੰਗ ਬੇਸ਼ਕ ਗੁਰਦੁਆਰੇ ਦੇ ਹਵਾਲੇ ਨਾਲ ਸਾਹਮਣੇ ਆਉਂਦਾ ਹੈ- 'ਜਿਵੇਂ ਸਾਰਾ ਕੁਝ ਇਕ ਏ ਉਵੇਂ ਰਾਗ ਤੇ ਕਾਵਿ...ਸ਼ਬਦ ਤੇ ਸੰਗੀਤ ਬਾਣੀ ਦਾ ਆਧਾਰ ਨੇ। ਇਸ ਦੇ ਨਾਲ ਹੀ ਸਮਾਂ, ਪ੍ਰਕਿਰਤੀ, ਸਥਾਨ, ਰੁੱਤਾਂ, ਰਸ, ਭਾਵ, ਲੈਅ ਤੇ ਤਾਲ ਜੁੜੇ ਨੇ। ਜਦੋਂ ਕਾਵਿ ਅਤੇ ਰਾਗ ਦੇ ਭੇਦ ਸੁਰਾਂ ਦੇ ਜੋੜਿਆਂ ਭਾਵ ਸੁਰਲਹਿਰੀਆਂ ਨਾਲ ਇਕ-ਮਿਕ ਹੋ ਜਾਂਦੇ ਨੇ ਤਾਂ ਰਹੱਸ ਬਾਰੇ ਬਾਬੇ ਨਾਨਕ ਨੂੰ ਵੀ ਕਹਿਣਾ ਪੈਂਦਾ, 'ਮਰਦਾਨਿਆ ਛੇੜ ਰਬਾਬ...ਬਾਣੀ ਆਈ ਏ।' ਸੰਗੀਤ ਦੀ ਸਮਝ ਨੂੰ ਬਰੀਕੀ ਨਾਲ ਪਾਤਰਾਂ ਰਾਹੀਂ ਬੁਣਿਆ ਗਿਆ ਹੈ ਜਿਵੇਂ 'ਤਾਲ ਵਿਚ ਮਾਤਰਾਵਾਂ ਦੀ ਗਿਣਤੀ ਦਾ ਧਿਆਨ ਰਖਣਾ ਬੜਾ ਜ਼ਰੂਰੀ ਏ' ਅਤੇ 'ਸੰਗੀਤ 'ਚ ਰਾਗਦਾਰੀ...ਰੂਹਦਾਰੀ ਦਾ ਅਸਲ ਗਹਿਣਾ ਈ ਨਫਾਸਤ ਅਤੇ ਲਤਾਫਤ ਆ।'

ਸਮਕਾਲ ਵਿਚ ਧਰਮ ਦੀ ਸਿਆਸਤ ਵੱਲ ਇਸ਼ਾਰਾ ਜਿਨਾਹ ਰਾਹੀਂ 1940 ਵਿਚ ਪਾਕਿਸਤਾਨ ਦੀ ਗੱਲ ਤੋਰਨ ਨਾਲ ਜੁੜਦਾ ਹੈ, ਜਿਹੜਾ ਵੰਡ ਵੇਲੇ ਪੰਜਾਬੀਆਂ ਦੀ ਖਾਨਾਜੰਗੀ ਦਾ ਕਾਰਨ ਬਣਦਾ ਹੈ। ਧਰਮ ਦੀ ਰਾਜਨੀਤੀ ਦਾ ਨਤੀਜਾ ਹੀ ਦੇਸ਼ ਦੀ ਵੰਡ ਵੇਲੇ ਕਤਲੋ-ਗਾਰਤ ਵਿਚ ਨਿਕਲਿਆ ਸੀ। ਭਾਈ ਬੁੱਧ ਸਿੰਘ ਵਲੋਂ ਗਾਂਧੀ ਬਾਰੇ ਸ਼ੂਦਰ ਚੇਤਨਾ ਦੇ ਪ੍ਰਤੀਨਿਧ ਪਾਤਰ ਤਾਏ ਨੂੰ ਕੀਤੇ ਸਵਾਲ ਦੇ ਜਵਾਬ ਵਿਚ ਮੁਸਲਮਾਨੀ ਪ੍ਰਭਾਵ ਦਾ ਆਧਾਰ ਇਹ ਸੀ ਕਿ 'ਹਿੰਦੂ ਜੇ ਆਪਣੇ ਧਰਮ ਵਾਲੇ ਸ਼ੂਦਰਾਂ ਦਾ ਮਿਤ ਨਹੀਂ ਬਣਿਆ ਤਾਂ ਅਸੀਂ ਕੀਹਦੇ ਪਾਣੀਹਾਰ ਹਾਂ।' ਸ਼ੂਦਰ ਚੇਤਨਾ ਦੇ ਪ੍ਰਤੀਨਿਧ ਪਾਤਰ ਤਾਏ ਦੀ ਰਾਏ ਮਹਾਤਮਾ ਗਾਂਧੀ ਬਾਰੇ ਇਸ ਪ੍ਰਕਾਰ ਹੈ- 'ਗਾਂਧੀ 'ਚ ਜੀਵਨ ਦਾ ਬਹਿਰੰਗ ਆ...ਜੀਵਨ ਦਾ ਅੰਤਰੀਵ ਨਹੀਂ। ਗਾਂਧੀ ਕੋਲ ਮਨ ਦਾ ਦਮਨ ਏ। ਤਿਆਗ ਦਾ ਤੰਤਰ ਏ। ਗਾਂਧੀ ਕੋਲ ਕਬੀਰ ਜਿਹਾ ਅਧਿਆਤਮ ਨਹੀਂ...ਸੁਰਤਿ ਨਹੀਂ...ਪ੍ਰੀਤੀ ਨਹੀਂ...ਰੀਤੀ ਨਹੀਂ। ਰਵਿਦਾਸ ਜਿਹੀ ਮਨ ਦੀ ਜਾਗਰਤੀ ਨਹੀਂ। ਉਹ ਆਰ ਜਾਂ ਪਾਰ 'ਤੇ ਨਹੀਂ...ਕੇਵਲ ਆਪਣੇ ਆਪ ਦੇ ਮੰਝਧਾਰ 'ਤੇ ਖੜ੍ਹਾ ਏ... ਆਪਣੇ ਅਹੰ ਦੀ ਠੋਸ ਪਠਾਰ ਉਤੇ ਖੜ੍ਹੇ ਗਾਂਧੀ ਨੂੰ ਸਿਰਫ ਆਪਣਾ ਆਪ ਹੀ ਦਿਖਾਈ ਦਿੰਦਾ।' ਦੋ ਕੌਮਾਂ ਦੇ ਸਿਧਾਂਤ ਮੁਤਾਬਿਕ ਹੋ ਰਹੀ ਵੰਡ ਵਿਚ ਸਿੱਖ ਲੀਡਰਸ਼ਿਪ ਕੋਲ ਜਿਨਾਹ ਦੇ ਧਾਰਮਿਕ ਰਾਸ਼ਟਰਵਾਦ ਅਤੇ ਕਾਂਗਰਸ ਦੇ ਲੋਕ ਤੰਤਰ ਵਿਚੋਂ ਕਿਸੇ ਇਕ ਨਾਲ ਜਾਣ ਦੀ ਮਜਬੂਰੀ ਸੀ। ਨਤੀਜਾ ਜਿਸ ਤਰ੍ਹਾਂ ਆਮ ਬੰਦੇ ਨੂੰ ਭੁਗਤਣਾ ਪਿਆ, ਓਸੇ ਨੂੰ ਨਾਵਲ ਰਾਹੀਂ ਸਾਹਮਣੇ ਲਿਆਂਦਾ ਗਿਆ ਹੈ।

ਭਾਈ ਬੁੱਧ ਸਿੰਘ ਦਾ ਦਲਿਤਤਵ, ਸਿੱਖ ਹੋ ਜਾਣ ਨਾਲ ਢਕਿਆ ਵੀ ਜਾਂਦਾ ਹੈ ਅਤੇ ਗੁਰਮਤਿ ਦੇ ਰੰਗ ਵਿਚ ਰੰਗਿਆ ਵੀ ਜਾਂਦਾ ਹੈ। ਇਸ ਦੇ ਬਾਵਜੂਦ ਦਲਿਤਾਂ ਨੂੰ ਸ਼੍ਰੇਣੀ ਵਜੋਂ ਕਿਸੇ ਪਾਸਿਉਂ ਕੋਈ ਮਾਨਤਾ ਨਜ਼ਰ ਨਹੀਂ ਆਉਂਦੀ ਅਤੇ ਦਲਿਤ ਸਥਾਪਤ ਜਾਤੀਆਂ ਵਾਸਤੇ ਅਛੂਤ ਹੀ ਰਹਿੰਦੇ ਹਨ। ਦਲਿਤ ਹੀਰਾ, ਲੁਹਾਰਾਂ ਦੀ ਕੁੜੀ ਨਾਲ ਪਿਆਰ ਵਿਆਹ ਕਰਕੇ ਵੀ ਇਸ ਤਰ੍ਹਾਂ ਕਤਲ ਹੁੰਦਾ ਹੈ ਕਿ ਉਸ ਦਾ ਧੜ ਤਾਂ ਮਿਲ ਜਾਂਦਾ ਹੈ ਪਰ ਨਾ ਸਿਰ ਮਿਲਦਾ ਹੈ ਤੇ ਨਾ ਕਾਤਲ ਦਾ ਪਤਾ ਲੱਗਦਾ ਹੈ। ਬੋਧਾ, ਗੁਰਦੁਆਰੇ ਰਾਹੀਂ ਜਿਵੇਂ ਸਿੱਖ ਸਥਾਪਤ ਹੁੰਦਾ ਹੈ, ਉਸ ਸਿਧਾਂਤਕੀ ਦੀ ਸ਼ੁਰੂਆਤ ਤਾਂ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨੇ ਦੇ ਰਿਸ਼ਤੇ ਨਾਲ ਹੋ ਗਈ ਸੀ ਅਤੇ ਪੰਜ ਪਿਆਰਿਆਂ ਦੀ ਸਾਜਨਾ ਨਾਲ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਏਸੇ ਤੇ ਮੋਹਰ ਲਾਈ ਗਈ ਸੀ। ਏਸੇ ਦਲਿਤ ਥੀਆਲੋਜੀ ਦੀਆਂ ਭਾਈ ਬੁੱਧ ਸਿੰਘ ਰਾਹੀਂ ਇਸ ਨਾਵਲ ਵਿਚ ਪੈੜਾਂ ਪੈ ਗਈਆਂ ਹਨ। ਸ਼ਬਦ-ਗੁਰੂ ਰਾਹੀਂ ਸਥਾਪਤ ਹੋ ਸਕਣ ਵਾਲੀ ਦਲਿਤ ਥੀਆਲੋਜੀ ਨੂੰ ਸਮਝਣ-ਸਮਝਾਉਣ ਦੀ ਗੱਲ ਇਸ ਨਾਵਲ ਦੇ ਹਵਾਲੇ ਨਾਲ ਅਕਾਦਮਿਕ ਸੁਰ ਵਿਚ ਅੱਗੇ ਤੋਰਨ ਨੂੰ ਸਿੱਖ ਚੇਤਨਾ ਵੱਲੋਂ ਵੰਗਾਰ ਵਾਂਗ ਲੈਣਾ ਚਾਹੀਦਾ ਹੈ। ਆਦਿ ਧਰਮ ਮੰਡਲ ਦੇ ਹਵਾਲੇ ਨਾਲ ਨਾਵਲ ਵਿਚ ਇਹ ਦਲਿਤ-ਪਰਤ ਸਾਹਮਣੇ ਆ ਗਈ ਹੈ ਕਿ 'ਬਾਹਮਣ ਤੇ ਖਤਰੀ ਦਾ ਪੈਦਾਵਾਰੀ ਢੰਗਾਂ ਨੂੰ ਬਦਲਣ 'ਚ ਬਹੁਤਾ ਦਖਲ ਨਹੀਂ ਸੀ ਰਿਹਾ।' ਤਾਂ ਤੇ ਹੱਥੀਂ ਕੰਮ ਕਰਣ ਵਾਲੀਆਂ ਸ਼੍ਰੇਣੀਆਂ ਨੂੰ ਪੰਜਵਾਂ ਵਰਣ ਕਿਹਾ ਹੋਇਆ ਹੈ। ਇਸ ਨੂੰ ਭਾਈ ਜੀਵਨ ਸਿੰਘ ਦੇ ਪੰਜਵਾਂ ਸਾਹਿਬਜ਼ਾਦਾ (ਰੰਗਰੇਟਾ ਗੁਰੂ ਕਾ ਬੇਟਾ) ਨਾਲ ਜੋੜ ਕੇ ਵੇਖਾਂਗੇ ਤਾਂ ਬਾਣੀ ਆਧਾਰਤ ਦਲਿਤ ਥੀਆਲੋਜੀ ਦੀਆਂ ਸੰਭਾਵਨਾਵਾਂ ਪੈਦਾ ਹੋਈਆਂ ਨਜ਼ਰ ਆ ਜਾਣਗੀਆਂ। ਇਸ ਪਾਸੇ ਤੁਰਾਂਗੇ ਤਾਂ ਜਾਤੀਆਂ ਦੇ ਸਭਿਆਚਾਰ ਗੁਰੂਆਂ ਦੀ ਥਾਂ, ਮਾਨਵਤਾ ਦੇ ਗੁਰੂ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਾਹਮਣੇ ਲਿਆਉਣ ਦਾ ਰਾਹ ਪੱਧਰਾ ਕਰ ਸਕਾਂਗੇ। ਨਾਵਲ ਵਿਚ ਇਹ ਸੰਕੇਤ ਵੀ ਹੋ ਗਿਆ ਹੈ ਕਿ ਇਸ ਬਾਰੇ ਸਹਿਮਤੀ ਅਕਾਦਮਿਕ ਸੁਰ ਹੀ ਸਕਦੀ ਹੈ। ਬੋਧੇ ਅਤੇ ਹੈਡਮਾਸਟਰ ਰਾਹੀਂ ਇਹ ਸਮਝ ਸਥਾਪਤ ਹੁੰਦੀ ਹੈ ਕਿ ਅਕਲਮੰਦੀ ਦੇ ਅੰਗ-ਸੰਗ ਰਹਿ ਕੇ ਉਲਾਰ ਨਾਲ ਨਿਭਣ ਦਾ ਸਲੀਕਾ ਪੈਦਾ ਕੀਤਾ ਜਾ ਸਕਦਾ ਹੈ। ਇਹੋ ਜਿਹੀ ਸਿਆਸਤ ਨੂੰ ਬੋਧਾ ਇਨਸਾਨੀਅਤ ਦੀ ਗੱਲ ਕਹਿਣਾ ਚਾਹੁੰਦਾ ਹੈ, ਪਰ ਸਿਆਸੀ ਕਾਵਾਂ-ਰੌਲੀ ਵਿਚ ਕੋਈ ਸੁਣਦਾ ਹੀ ਨਹੀਂ। ਉਹ ਸਿਆਸਤ ਨੂੰ ਖਾਸ ਕਰਕੇ ਮਜ਼ਹਬੀ ਸਿਆਸਤ ਨੂੰ ਬੜੀ ਚਲਾਕੀ ਵਾਲੀ ਗੱਲ ਸਮਝਦਾ ਹੈ। ਉਸ ਨੂੰ ਸਿਆਸਤ, ਮਜ਼ਹੱਬ ਤੇ ਜਿੱਦੀਪਨ ਦੀ ਉਦਾਹਰਣ ਲੱਗਦੀ ਹੈ। ਸਿਆਸਤ ਦੀ ਮਾਇਆ ਅਤੇ ਮਾਇਆ ਦੀ ਸਿਆਸਤ 'ਚ ਸਾਰਾ ਮੁਲਕ ਈ ਉਲਝਿਆ ਪਿਆ ਜਾਪਦਾ ਹੈ। ਉਸ ਨੂੰ ਸਮਝ ਆ ਗਈ ਹੈ ਕਿ ਸਿੱਖਸਤਾਨ ਸੁਆਹ ਮਿਲਣਾ ਸਿੱਖਾਂ ਨੂੰ...ਸਿੱਖਾਂ 'ਚ ਤਾਂ ਧੜੇਬਾਜ਼ੀ ਈ ਬਹੁਤ ਏ। ਜਗਿਆਸਾ ਦੀ ਸਿੱਖ ਯਾਤਰਾ ਵਿਚ ਸਿਆਸਤ ਦਾ ਓਨਾ ਕੂ ਹੀ ਥਾਂ ਜਾਪਦਾ ਹੈ ਜਿੰਨਾ ਕੂ ਬੋਧੇ ਨੂੰ ਸਮਝ ਆਉਂਦਾ ਹੈ। ਉਹ ਜਿੰਨਾ ਕੂ ਸਿੱਖ ਸਿਆਸਤ ਤੋਂ ਅਭਿੱਜ ਹੈ, ਉਸ ਨਾਲੋਂ ਕਿਤੇ ਵੱਧ ਕਾਂਗਰਸ, ਲੀਗੀਆਂ ਅਤੇ ਯੂਨੀਅਨਨਿਸਟਾਂ ਦੀ ਸਿਅਸਤ ਤੋਂ ਵੀ ਅਭਿੱਜ ਹੈ। ਇਸ ਨੂੰ ਗੁਰਮਤਿ ਦੇ ਪ੍ਰਭਾਵ ਵਾਂਗ ਵੀ ਵੇਖਿਆ ਜਾ ਸਕਦਾ ਹੈ। ਪਰ ਸਿਆਸਤ ਦੀ ਸਜ਼ਾ ਤਾਂ ਬੋਧੇ ਵਾਂਗ ਆਮ ਬੰਦੇ ਨੂੰ ਭੁਗਤਣੀ ਪੈਂਦੀ ਹੈ। ਬੋਧੇ ਨੂੰ ਸਮਝ ਆ ਚੁੱਕਾ ਸੀ ਕਿ ਧਰਮ ਦੀ ਸਿਆਾਸਤ ਨੇ ਆਮ ਸਾਧਾਰਨ ਬੰਦਿਆਂ ਦੇ ਮਨਾਂ ਵਿਚ ਨਾ ਮਿਟਣ ਵਾਲੀ ਤਰੇੜ ਦੀ ਬੁਨਿਆਦ ਤਾਂ ਰੱਖ ਹੀ ਦਿੱਤੀ ਹੈ, ਉਸ ਨੂੰ ਇਸ ਦੀ ਸਮਝ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲਿਆਂ ਨਾਲ ਆਉਂਦੀ ਸੀ ਅਤੇ ਕੀਰਤਨ ਵੇਲੇ ਭਗਤ ਨਾਮਦੇਵ ਦੇ ਸ਼ਬਦ ਨੂੰ ਬੰਧਿਸ਼ ਵਿਚ ਗਾਇਣ ਕਰਦਿਆਂ ਸ਼ਬਦ ਦੀ ਭਾਵਨਾ ਦੇ ਰੰਗ ਵਿਚ ਰੰਗਿਆ ਹੋਇਆ ਮਹਿਸੂਸ ਕਰਨ ਲੱਗਦਾ ਸੀ:

ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੋਹਾਂ ਤੇ ਗਿਆਨੀ ਸਿਆਣਾ॥
ਹਿੰਦੂ ਪੂਜੈ ਦੇਹੁਰਾ ਮੁਸਲਮਾਨ ਮਸੀਤਿ॥ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥

ਨਾਵਲ ਵਿਚ ਜਿਵੇਂ ਜਿਵੇਂ ਫਿਰਕੂ ਰੰਗ ਪੰਜਾਬ ਦੀ ਸਿਆਸਤ ਦੀ ਲਾਮਬੰਦੀ ਦਾ ਆਧਾਰ ਬਣਦਾ ਜਾ ਰਿਹਾ ਸੀ, ਤਿਵੇਂ ਤਿਵੇਂ ਬੋਧੇ ਨੂੰ ਗੁਰਮਤਿ ਦੇ ਮੁਹੱਬਤੀ ਸਰੋਕਾਰ ਵੰਗਾਰੇ ਜਾ ਰਹੇ ਪ੍ਰਤੀਤ ਹੁੰਦੇ ਲੱਗਦੇ ਸਨ। ਉਸ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਸਿੱਖ ਵੀ ਚੁਪ ਚੁਪੀਤੇ ਦੀਨੇ ਇਸਲਾਮ ਕਬੂਲ ਕਰ ਲੈਣਗ। ਪਾਕਿਸਤਾਨ ਦੇ ਐਲਾਨ ਨਾਲ ਗੈਰ ਮੁਸਲਮਾਨਾਂ ਦਾ ਕਤਲੋ ਗਾਰਤ ਤੇ ਲੁੱਟ ਸ਼ੁਰੂ ਹੋ ਗਈ ਸੀ। ਇਹੋ ਜਿਹੇ ਵਿਚ ਰਸ਼ੀਦੇ ਦਾ ਤਾਂਗਾ ਲੈ ਕੇ ਆਪਣੇ ਪੁੱਤਰ ਨੂੰ ਲੈਣ ਵਾਸਤੇ ਜਾਂਦੇ ਹੋਏ ਭਾਈ ਬੁੱਧ ਸਿੰਘ ਤੇ ਉਸ ਦੀ ਪਤਨੀ ਪਾਗਲ ਹੋ ਗਈ ਭੀੜ ਵਿਚ ਫਸ ਗਏ ਸਨ। ਕੰਮੋ ਨੂੰ ਕੰਨੀ ਬੰਨ੍ਹਿਆ ਜ਼ਹਿਰ ਖਾਣਾ ਪਿਆ ਸੀ ਅਤੇ ਉਸ ਦੀ ਲਾਸ਼ ਨਾਲ ਜਬਰ-ਜਨਾਹ ਹੋਇਆ ਸੀ। ਭਾਈ ਸਾਹਿਬ ਨੂੰ ਵਡਾ ਕਾਫਰ ਹੱਥ ਆਇਆ ਸਮਝ ਕੇ ਬੁਰੀ ਤਰ੍ਹਾਂ ਜ਼ਖਮੀ ਕਰ ਦਿਤਾ ਗਿਆ ਸੀ। ਰਸ਼ੀਦੇ ਦੀ ਹਿੰਮਤ ਨਾਲ ਉਹ ਬਚ ਗਿਆ ਸੀ, ਪਰ ਉਸ ਦੇ ਕੇਸ਼ ਕਤਲ ਕਰਕੇ ਜਬਰੀ ਸੁੰਨਤ ਵੀ ਕਰ ਦਿੱਤੀ ਗਈ। ਕਸੂਰ ਉਸ ਦਾ ਇਹ ਸੀ ਕਿ ਉਸ ਨੇ ਇਸਲਾਮ ਕਬੂਲ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ 'ਤੁਸੀਂ ਮੈਨੂੰ ਜ਼ਬਰਦਸਤੀ ਮੇਰੀ ਮਰਜ਼ੀ ਦੇ ਖਿਲਾਫ ਦੀਨ ਨਹੀਂ ਕਬੂਲ ਕਰਾ ਸਕਦੇ ਹੋ...ਇਸਲਾਮ ਇਸ ਦੀ ਇਜਾਜ਼ਤ ਨਹੀਂ ਦਿੰਦਾ। ਮੈਂ ਸਿੱਖ ਪਿਉ ਦੇ ਘਰੇ ਜੰਮਿਆਂ ਤੇ ਸਿੱਖ ਹੀ ਮਰਾਂਗਾ' ਇਹ ਸਥਿਤੀ ਮਜ਼੍ਹਬੀ ਵਬਾਅ ਕਾਰਨ ਜੰਗਲੀ ਜਾਨਵਰ ਹੋ ਜਾਣ ਦੀ ਸੀ। ਇਸ ਨੂੰ ਨਾਵਲਕਾਰ ਨੇ ਇਸ ਸ਼ੇਅਰ ਨਾਲ ਪੁਸ਼ਟ ਕੀਤਾ ਹੋਇਆ ਹੈ:

ਕਿਸੀ ਕੋ ਅਪਨੇ ਅਮਲ ਕਾ ਹਿਸਾਬ ਕਿਆ ਦੇਤੇ,
ਸਵਾਲਾਤ ਸਾਰੇ ਗ਼ਲਤ ਥੇ ਜਵਾਬ ਕਿਆ ਦੇਤੇ।

ਆਜ਼ਾਦੀ ਨਾਲ ਆਬਾਦੀਆਂ ਦੀ ਅਦ.ਲਾ-ਬਦਲੀ ਵਿਚ ਬੋਧਾ ਗੁਆਚੀ ਹੋਈ ਪਛਾਣ ਨਾਲ ਅੰਮ੍ਰਿਤਸਰ ਪਹੁੰਚ ਵੀ ਜਾਂਦਾ ਹੈ ਅਤੇ ਦਰਬਾਰ ਸਾਹਿਬ ਹਾਜ਼ਰੀ ਭਰ ਕੇ ਅਰਦਾਸ ਵੀ ਕਰਦਾ ਹੈ। ਉਸ ਦੀ ਦੇਹ ਹੀ ਜ਼ਖਮੀ ਨਹੀਂ, ਰੂਹ ਵੀ ਵਲੂੰਧਰੀ ਹੋਈ ਸੀ। ਜੋ ਉਸ ਨਾਲ ਹੋਇਆ, ਉਹੋ ਜਿਹਾ ਭੀੜ ਵਿਚ ਘਿਰੀ ਹੋਈ ਕੁੜੀ ਨਾਲ ਹੋਣ ਜਾ ਰਿਹਾ ਸੀ। ਭਾਈ ਬੁੱਧ ਸਿੰਘ ਨੇ ਉਸ ਨੂੰ ਬਚਾਉਣ ਵਾਸਤੇ ਆਪਣੇ ਸਿੱਖ ਭਰਾਵਾਂ ਅੱਗੇ ਧੀ ਧਿਆਨੀ ਦਾ ਵਾਸਤਾ ਪਾਇਆ ਸੀ। ਧਾਰਮਿਕ ਕਾਨੂੰਨ ਵਿਚ ਪਾਗਲ ਹੋਈ ਭੀੜ ਨੂੰ ਬੋਧਾ, ਨਾ ਸਿੱਖ ਲੱਗਾ, ਨਾ ਹਿੰਦੂ ਅਤੇ ਨਾ ਹੀ ਮੁਸਲਮਾਨ। ਉਸ ਨੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਭਾਈ ਬੁੱਧ ਸਿੰਘ ਏ। ਜਦੋਂ ਉਸ ਨੂੰ ਨੰਗਾ ਕਰਕੇ ਵੇਖਿਆ ਗਿਆ ਤਾਂ ਗੈਰਾਂ ਵੱਲੋਂ ਕੀਤੀ ਸੁੰਨਤ ਕਰਨ ਦੀ ਵਧੀਕੀ ਆਪਣਿਆਂ ਨੂੰ ਸਜ਼ਾ ਦੀ ਹੱਕਦਾਰ ਲੱਗੀ ਸੀ। ਕਿਰਪਾਨ ਦੇ ਇਕੋ ਝਟਕੇ ਨਾਲ ਬੋਧੇ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ। ਧਰਮ ਯੁੱਧ ਦੇ ਨਾਮ ਤੇ ਨਾ ਧਰਮ ਸੀ ਅਤੇ ਨ ਯੁੱਧ। ਇਕ ਸਿੱਖ ਦੀ ਕਿਰਪਾਨ ਨਾਲ ਇਕ ਸਿੱਖ ਮਾਰਿਆ ਗਿਆ। ਆਪਣਿਆਂ ਹੱਥੋਂ ਮਰਨ ਦਾ ਦੁਖਾਂਤ ਝੇਲਣ ਤੋਂ ਬੋਧਾ ਬਚ ਗਿਆ ਕਿਉਂਕਿ ਭਾਈ ਬੁੱਧ ਸਿੰਘ ਦਾ ਮਨ ਅਤੇ ਪੰਖੀ ਉਡਾਰੀ ਮਾਰ ਗਏ ਸਨ।

# ਮੈਂ ਤਾਂ ਲੋਕਾਂ ਨੂੰ ਜਾਗਰੂਕ ਕਰ ਰਿਹਾ ਸੀ: ਹਨੀ ਸਿੰਘ



ਜੋ ਜੋ ਹਨੀ ਸਿੰਘ ਨੂੰ ਹੁਣ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਹਾਲ ਹੀ ਵਿੱਚ ਰਿਲੀਜ਼ ਹੋਏ ਉਸਦੇ ਗਾਣੇ ਲੋਕਾਂ ਨੂੰ ਬਹੁਤ ਪਸੰਦ ਆ ਰਹੇ ਹਨ। ਇਸ ਗੱਲ ਤੋਂ ਵੀ ਮੁੱਕਰਿਆ ਨਹੀਂ ਜਾ ਸਕਦਾ ਕਿ ਹਨੀ ਸਿੰਘ ਦਾ ਨਾਮ ਅਕਸਰ ਵਿਵਾਦਾਂ ਵਿੱਚ ਘਿਰਿਆ ਰਹਿੰਦਾ ਹੈ। ਗਾਇਕ ਹਮੇਸ਼ਾ ਹਰ ਚੀਜ਼ ਬਾਰੇ ਖੁੱਲ ਕੇ ਅਤੇ ਸਪੱਸ਼ਟ ਬਿਆਨ ਦੇਣਾ ਪਸੰਦ ਕਰਦੇ ਹਨ। ਹਾਲ ਹੀ ਵਿੱਚ, ਇੱਕ ਲਾਈਵ ਕੰਸਰਟ ਦੌਰਾਨ, ਹਨੀ ਸਿੰਘ ਨੇ ਠੰਢ ਬਾਰੇ ਇੱਕ ਸ਼ਰਮਨਾਕ ਟਿੱਪਣੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਸਾਥੀ ਦਾ ਹਵਾਲਾ ਦਿੱਤਾ, ਜਿਸ ਕਾਰਨ ਇਸ ਵੇਲੇ ਉਸ ਦੀ ਆਨਲਾਈਨ ਆਲੋਚਨਾ ਹੋ ਰਹੀ ਹੈ।

ਉਸ ਵਾਇਰਲ ਵੀਡੀਓ ਦੇ ਆਉਣ ਤੋਂ ਬਾਅਦ ਗਾਇਕ ਹਨੀ ਸਿੰਘ ਦੇ ਫੈਨ ਉਨ੍ਹਾਂ ਦਾ ਬਚਾਅ ਦਾ ਕਰ ਰਹੇ ਹਨ ਪਰ ਜ਼ਿਆਦਾਤਰ ਲੋਕ ਉਨ੍ਹਾਂ ਦੀ ਅਲੋਚਨਾ ਕਰ ਰਹੇ ਹਨ। ਇੱਥੇ ਹਨੀ ਸਿੰਘ ਨੇ ਜੋ ਕਿਹਾ ਉਸ ਬਾਰੇ ਲਿਖਣਾ ਵੀ ਮੁਸ਼ਕਲ ਲੱਗ ਰਿਹਾ ਹੈ। ਹਰ ਪਾਸਿਓਂ ਟ੍ਰੋਲਿੰਗ ਦਾ ਸਾਹਮਣਾ ਕਰਨ ਤੋਂ ਬਾਅਦ, ਹਨੀ ਸਿੰਘ ਨੇ ਹੁਣ ਮੁਆਫ਼ੀ ਮੰਗੀ ਹੈ, ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਸਮਝਾਉਣ ਦੀ ਵੀ ਕੋਸ਼ਿਸ਼ ਕੀਤੀ ਹੈ ਕਿ ਉਹ ਕੀ ਕਹਿਣਾ ਚਾਹ ਰਹੇ ਸੀ।



ਬਾਲੀਵੁੱਡ ਤੋਂ ਲੈ ਕੇ ਪੰਜਾਬੀ ਤੱਕ ਆਪਣੇ ਗੀਤਾਂ ਨਾਲ ਲੋਕਾਂ ਨੂੰ ਮੋਹਿਤ ਕਰਨ ਵਾਲੇ ਹਨੀ ਸਿੰਘ ਇਸ ਵੇਲੇ ਹਰ ਪਾਸਿਓਂ ਘਿਰੇ ਹੋਏ ਨਜ਼ਰ ਆ ਰਹੇ ਹਨ। ਉਨ੍ਹਾਂ ਦਾ ਹਾਲੀਆ ਵਿਵਾਦਪੂਰਨ ਵੀਡੀਓ ਕਾਫ਼ੀ ਚਰਚਾ ਪੈਦਾ ਕਰ ਰਿਹਾ ਹੈ। ਗਾਇਕ ਨੇ ਹੁਣ ਸਪੱਸ਼ਟ ਕੀਤਾ ਹੈ ਕਿ ਵਾਇਰਲ ਵੀਡੀਓ ਉਨ੍ਹਾਂ ਦੀ ਪੂਰੀ ਗੱਲਬਾਤ ਨਹੀਂ ਦਿਖਾਉਂਦਾ; ਉਹ ਸਿਰਫ਼ ਇੱਕ ਮਹੱਤਵਪੂਰਨ ਵਿਸ਼ੇ 'ਤੇ ਲੋਕਾਂ ਨੂੰ ਸਿੱਖਿਅਤ ਕਰਨ ਦੀ ਕੋਸ਼ਿਸ਼ ਕਰ ਰਹੇ ਸੀ। ਹਾਲਾਂਕਿ, ਗਾਇਕ ਨੇ ਮੰਨਿਆ ਕਿ ਉਨ੍ਹਾਂ ਦੀ ਭਾਸ਼ਾ ਥੋੜ੍ਹੀ ਅਸ਼ਲੀਲ ਅਤੇ ਠਠ-ਸ਼ੈਲੀ ਵਾਲੀ ਸੀ, ਜਿਸ ਕਾਰਨ ਟ੍ਰੋਲਿੰਗ ਹੋਈ।ਆਪਣੇ ਵਾਇਰਲ ਵੀਡੀਓ ਅਤੇ ਲਾਈਵ ਪ੍ਰੋਗਰਾਮ ਵਿੱਚ ਕੀਤੀਆਂ ਟਿੱਪਣੀਆਂ ਲਈ ਉਸ ਨੇ ਮੁਆਫ਼ੀ ਮੰਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਭਵਿੱਖ ਵਿੱਚ ਅਜਿਹੇ ਮਾਮਲਿਆਂ ਵਿੱਚ ਵਧੇਰੇ ਸਾਵਧਾਨ ਰਹਿਣ ਦੀ ਕੋਸ਼ਿਸ਼ ਕਰਨਗੇ ਅਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣਗੇ। ਪ੍ਰਸ਼ੰਸਕ ਅਦਾਕਾਰ ਦੇ ਹਾਲੀਆ ਵੀਡੀਓ 'ਤੇ ਪ੍ਰਤੀਕਿਰਿਆ ਦੇ ਰਹੇ ਹਨ ਅਤੇ ਉਸ ਦੀ ਪ੍ਰਸ਼ੰਸਾ ਕਰ ਰਹੇ ਹਨ ਪਰ ਨਾਲ ਹੀ ਟ੍ਰੋਲਿੰਗ ਵੀ ਜਾਰੀ ਹੈ।

**ਕਲਾ ਪਰਿਕਰਮਾ**

## ਸੰਗੀਤ ਦੀ ਦੁਨੀਆ ਵਿਚ ਉਭਰਦਾ ਸਿਤਾਰਾ ਜੇ.ਪੀ. ਮੰਡ

ਸੰਗੀਤ ਦੀ ਦੁਨੀਆ ਵਿਚ ਲਿਖਾਰੀ ਅਤੇ ਗਾਇਕ ਦੇ ਤੌਰ 'ਤੇ ਆਪਣੀ ਵਿਲੱਖਣ ਪਹਿਚਾਣ ਬਣਾਉਂਦਾ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦਾ ਉਭਰਦਾ ਕਲਾਕਾਰ ਗੁਰਭੇਜ ਸਿੰਘ ਜੇ.ਪੀ. ਮੰਡ ਅੱਜ ਨੌਜਵਾਨਾਂ ਲਈ ਪ੍ਰੇਰਨਾ-ਸਰੋਤ ਬਣ ਚੁੱਕਾ ਹੈ। ਪਿੰਡ ਮੰਡ ਵਿਚ ਸਾਲ 1983 ਵਿਚ ਜਨਮੇ ਗੁਰਭੇਜ ਸਿੰਘ ਦੇ ਪਿਤਾ ਮਾਸਟਰ ਸੁਖਦੇਵ ਸਿੰਘ ਕਿਸਾਨੀ ਨਾਲ ਵੀ ਜੁੜੇ ਹੋਏ ਸਨ ਅਤੇ ਨਾਲ ਹੀ ਪੇਸ਼ੇ ਵਜੋਂ ਪੀ.ਟੀ. ਅਧਿਆਪਕ ਰਹੇ।

**ਭੁਪਿੰਦਰ ਸਿੰਘ ਬੰਮਰਾਹ**

ਮਾਤਾ ਕਸ਼ਮੀਰ ਕੌਰ ਨੂੰ ਆਪਣੇ ਪੇਕੇ ਪਰਿਵਾਰ ਤੋਂ ਮਿਲੀ ਸੰਗੀਤਕ ਗੁੜ੍ਹਤੀ ਨੇ ਗੁਰਭੇਜ ਸਿੰਘ ਨੂੰ ਵੀ ਬਚਪਨ ਤੋਂ ਹੀ ਸੰਗੀਤ ਵੱਲ ਪ੍ਰੇਰਿਤ ਕੀਤਾ। ਆਰਥਿਕ ਹਾਲਾਤ ਸੁਧਾਰਨ ਲਈ 2004 ਵਿਚ ਜਪਾਨ ਜਾਣ ਦੇ ਬਾਵਜੂਦ, ਉਸ ਦਾ ਸੰਗੀਤ ਨਾਲ ਪਿਆਰ ਕਦੇ ਵੀ ਘੱਟ ਨਾ ਹੋਇਆ। ਆਪਣੇ ਅੰਦਰ ਲੁਕੇ ਹੋਏ ਕਲਾਕਾਰ ਨੂੰ ਨਿਖਾਰਦੇ ਹੋਏ ਉਸ ਨੇ ਸਾਲ 2010 ਵਿਚ ਆਪਣੀ ਪਹਿਲੀ ਕੈਸਟ 'ਰਾਜ਼ ਮੇਰੇ ਦਿਲ ਦਾ' ਰਿਲੀਜ਼ ਕੀਤੀ, ਜਿਸ ਵਿਚ ਦਸ ਗੀਤ ਸ਼ਾਮਿਲ ਸਨ। ਇਸ ਤੋਂ ਬਾਅਦ ਜਪਾਨ ਵਿਚ ਸਖ਼ਤ ਮਿਹਨਤ ਕਰਕੇ ਜਿੱਥੇ ਉਸ ਨੇ ਆਪਣਾ ਕਾਰੋਬਾਰ ਸਥਾਪਿਤ ਕੀਤਾ, ਉੱਥੇ ਹਰ ਰੋਜ਼ ਨਵੇਂ ਗੀਤ ਲਿਖ ਕੇ ਆਪਣੀ ਲੇਖਣ ਕਲਾ ਨੂੰ ਨਿਖਾਰਦਾ ਰਿਹਾ। ਸਾਲ 2015 ਵਿਚ ਰਿਲੀਜ਼ ਹੋਏ ਗੀਤ 'ਮਿਹਨਤ' ਨੇ ਉਸ ਨੂੰ ਵੱਖਰੀ ਪਹਿਚਾਣ ਦਿੱਤੀ।

"ਕਰ ਮਿਹਨਤ ਹੋਏ ਆਂ ਅਸੀਂ ਪੈਰਾਂ 'ਤੇ ਸਟੈਂਡ", "ਸਾਡੇ ਬਾਪੂ ਵੇਚੀ ਨਹੀਂ ਕਦੀ ਫੀਮ ਬੱਲੀਏ" ਵਰਗੇ ਬੋਲਾਂ ਨੇ ਵਿਦੇਸ਼ਾਂ ਵਿਚ ਜਾ ਕੇ ਕੀਤੀ ਹੱਡ-ਭੰਨਵੀਂ ਮਿਹਨਤ ਦੀ ਸੱਚੀ ਤਸਵੀਰ ਪੇਸ਼ ਕੀਤੀ। ਆਪਣੀ ਮਿਹਨਤ ਨਾਲ ਕਾਮਯਾਬੀ ਹਾਸਲ ਕਰਨ ਤੋਂ ਬਾਅਦ 2023 ਵਿਚ ਜੇ.ਪੀ. ਮੰਡ ਨੇ ਆਪਣੇ ਬਾਪੂ ਦਾ ਸੁਪਨਾ ਪੂਰਾ ਕਰਦਿਆਂ ਆਪਣੀ ਜਨਮ-ਭੂਮੀ ਦੇ ਖੇਤਾਂ ਵਿਚ ਹੈਲੀਕਾਪਟਰ ਉਤਾਰ ਕੇ ਜਪਾਨ ਵਿਚ ਕੀਤੀ। ਸਖ਼ਤ ਮਿਹਨਤ ਦਾ ਜਿਊਂਦਾ-ਜਾਗਦਾ ਸਬੂਤ ਦਿੱਤਾ। ਇਸ ਮੌਕੇ 'ਤੇ ਉਸ ਵੱਲੋਂ ਗਾਇਆ ਗਿਆ- ਉਸ ਪਿੰਡੋਂ ਗਿਆ ਜਿੱਥੇ ਬੱਸ ਨਹੀਂ ਸੀ ਆਉਂਦੀ, ਉੱਥੇ ਜਹਾਜ਼ ਲੈ ਕੇ ਆਉਣਾ ਕੋਈ ਮਖੌਲ ਥੋੜ੍ਹੀ ਆ।ਲੋਕਾਂ ਵਿਚ ਖ਼ਾਸਾ ਲੋਕਪ੍ਰਿਯ ਹੋਇਆ ਅਤੇ ਵੱਡੀ ਵਾਹ-ਵਾਹ ਖੱਟੀ। 2024 ਵਿਚ ਰਿਲੀਜ਼ ਹੋਇਆ ਗੀਤ ਕਾਮਯਾਬੀ-

'ਪੈਸੇ-ਪੂਸੇ ਵਾਲੀ ਤਾਂ
ਮੈਂ ਦੌੜ ਹੀ ਮੁਕਾਤੀ ਆ,
ਕਾਮਯਾਬੀ ਦੇਖ ਲਾ ਮੈਂ ਪੈਰਾਂ
'ਚ ਬਿਠਾਤੀ ਆ'

ਪਿੰਡ ਤੋਂ ਜਪਾਨ ਤੱਕ ਦੇ ਸੰਘਰਸ਼ ਭਰੇ ਸਫ਼ਰ ਦੀ ਕਹਾਣੀ ਬਿਆਨ ਕਰਦਾ ਹੈ ਅਤੇ ਅੱਜ ਦੇ ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਪ੍ਰੇਰਿਤ ਕਰਦਾ ਹੈ। 2025 ਵਿਚ ਆਇਆ ਗੀਤ 'ਸਟਰਗਲ'-

'ਅੱਧੀ ਲੰਘ ਗਈ ਆ
ਇੱਥੇ ਆ ਕੇ ਪੈਰ ਲਾਉਂਦਿਆਂ,
ਬਾਕੀ ਲੰਘ ਜਾਣੀ ਹਾਲੇ
ਸਿਰ ਛੱਤ ਪਾਉਣੀ ਆ'



ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੀ ਅਸਲੀ ਜ਼ਿੰਦਗੀ ਅਤੇ ਸੰਘਰਸ਼ ਨੂੰ ਦਰਸਾਉਂਦਾ ਹੈ।

ਸਾਲ 2026 ਦੀ ਸ਼ੁਰੂਆਤ 'ਚ ਹੀ ਜੇ.ਪੀ. ਮੰਡ ਵਲੋਂ ਛੇ ਗੀਤਾਂ ਦੀ ਨਵੀਂ ਕੈਸਟ ਰਿਕਾਰਡ ਕਰਵਾਈ ਗਈ, ਜਿਸ ਵਿਚ ਮਾਂ, ਸਮਾਜਿਕ ਕੁਰੀਤੀਆਂ, ਦੁਨੀਆਦਾਰੀ ਅਤੇ ਆਪਣੇ ਪਿੰਡ ਦੀ ਮਿੱਟੀ ਨਾਲ ਪਿਆਰ ਵਰਗੇ ਵਿਸ਼ਿਆਂ ਨੂੰ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਜੇ.ਪੀ. ਮੰਡ ਦੇ ਗੀਤ ਪਰਿਵਾਰਕ ਮਾਹੌਲ ਵਿਚ ਬੈਠ ਕੇ ਸੁਣਨ ਯੋਗ ਹਨ ਅਤੇ ਉਹ ਵਿਦੇਸ਼ਾਂ ਵਿਚ ਜਾ ਕੇ ਸਖ਼ਤ ਮਿਹਨਤ ਰਾਹੀਂ ਆਪਣੇ ਮਾਪਿਆਂ ਦੇ ਸੁਪਨੇ ਪੂਰੇ ਕਰਨ ਦਾ ਸੁਨੇਹਾ ਦਿੰਦੇ ਹਨ। ਸੰਗੀਤ ਦੀ ਦੁਨੀਆ ਵਿਚ ਉਸ ਦਾ ਇਹ ਸਫ਼ਰ ਨਿਸ਼ਚਿਤ ਹੀ ਨਵੀਂ ਪੀੜ੍ਹੀ ਲਈ ਪ੍ਰੇਰਣਾ ਬਣਿਆ ਰਹੇਗਾ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਜਨਵਰੀ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-726



*ਨੰਗੇ ਧੜ ਭੀ ਲੜ ਸਕਦਾ ਹਾਂ, ਮੇਰੇ ਦਿਲ ਦਾ ਅਰਮਾਨ ਹੈ,*
*ਜ਼ਿੰਦਗੀ ਤੇਰਾ ਕਰੂੰ ਸਾਹਮਣਾ, ਚਾਹੇ ਜ਼ਮਾਨਾ ਬੇਈਮਾਨ ਹੈ।*
*ਗੁਰਬਤ ਮਾਰੇ ਲੋਕ ਅਸੀਂ ਹਾਂ, ਪਰ ਫਿਰ ਵੀ ਇਨਸਾਨ ਹਾਂ,*
*ਲਾਲ ਗੋਦੜੀ ਵਿੱਚ ਲੁਕਿਆ, ਇਹ ਸੋਚ ਸੋਚ ਪਰੇਸ਼ਾਨ ਹਾਂ।*

## ਕੈਪਸ਼ਨ ਮੁਕਾਬਲਾ-724



ਮਹਿਲ ਮੁਨਾਰੇ ਦੇਸ਼ ਬਣਾ ਕੇ,
ਆ ਕੇ ਵਿਚ ਵਿਦੇਸ਼ਾਂ ਵਸ ਗਏ
ਕੰਮ ਕਾਰ ਤੋਂ ਮਿਲੇ ਨਾ ਛੁੱਟੀ,
ਆ ਕੇ ਵਿਚ ਕੁੜਿੱਕੀ ਫਸ ਗਏ
ਹੱਡ-ਭੰਨਵੀਂ ਕਰ ਕਮਾਈ,
ਦਿਨੇ-ਰਾਤੀਂ ਸ਼ਿਫਟਾਂ ਲਾਈਏ
ਜੇਕਰ ਕੰਮ ਹੈ ਦਿੰਦਾ ਕੋਈ,
ਉਸ ਦਾ ਲੱਖ-ਲੱਖ ਸ਼ੁਕਰ ਮਨਾਈਏ
ਪਿੱਛੇ ਮਾਪੇ ਕਰਨ ਉਡੀਕਾਂ,
ਟਿਕਟ ਪਹੁੰਚ ਤੋਂ ਬਾਹਰ ਹੈ ਹੋਈ
ਸੌ ਸੌ ਸਾਂਹਡੇ-ਗਾਂਹਡੇ ਕਰੀਏ,
ਥਹੁ-ਸਿਰਾ ਨਾ ਦਿਸਦਾ ਕੋਈ
***-ਮਾ: ਪ੍ਰੀਤਮ ਸਿੰਘ ਲੰਮੇਂ***
***925-325-2486***

---

ਬੈਠਕ ਦੀ ਕਦੇ ਟੌਹਰ ਸੀ ਹੁੰਦੀ
ਜਦ ਨਵੀਂ ਨਵੀਂ ਬਣਾਈ ਸੀ।
ਬੜੇ ਸ਼ੌਕ ਨਾਲ਼ ਲਾ ਦਰਵਾਜ਼ੇ
ਸੁਹਣੇ ਰੰਗਾਂ ਨਾਲ਼ ਸਜਾਈ ਸੀ।
ਨਾਲ਼ ਸਮੇਂ ਮਿਆਦ ਪੁੱਗ ਗਈ
ਵਿੱਚ ਫਾਟਕਾਂ ਵਿਰਲਾਂ ਹੋਈਆਂ।
ਜੰਗਾਲ਼ ਨੇ ਖਾ ਲਏ ਕੁੰਡੇ ਜਿੰਦੇ
ਬੱਸ ਹੁਣ ਸੰਗਲ਼ੀ ਨਾਲ਼ ਪਰੋਈਆਂ।
ਨਵਾਂ ਪੁਰਾਣਾ ਹੁੰਦਾ ਆਇਆ
ਝੋਰਾ ਕਾਹਦਾ ਕਰਨਾ ਹੋਇਆ।
ਜੋ ਵੀ ਜੰਮਿਆ ਜਹਾਨ ਦੇ ਅੰਦਰ
ਆਖਰ ਓਸ ਨੇ ਮਰਨਾ ਹੋਇਆ।
***-ਜਗਮੀਤ ਸਿੰਘ ਪੰਧੇਰ***
***ਫੋਨ: +1 403 439 2008***

---

ਬਣ ਕੇ ਘਰ ਮਹਿਲਾਂ ਵਰਗੇ
ਖਦੇ ਟੌਹਰ ਸੀ ਦਿਖਾਉਂਦੇ
ਫੁੱਤ-ਧੀਆਂ ਗਏ ਪੜ੍ਹਨ ਵਿਦੇਸ਼ੀਂ
ਮੁੜ ਫੁਰੀ ਨਾ ਪਾਉਂਦੇ
ਬਜ਼ੁਰਗ ਆਪਣੀ ਜ਼ਿੰਦਗੀ ਭੋਗ ਗਏ
ਸੰਗਲਾਂ ਨਾਲ ਲੱਗੇ ਜਿੰਦੇ ਉਡੀਕਣ
ਘਰ ਵਿਚ ਕੋਈ ਫੇਰੀ ਪਾਵੇ
ਆਸੇ ਪਾਸੇ ਗਰੀਬ ਗੁਰਬੇ ਦਾ
ਰਹਿਣ ਲਈ ਦਿਲ ਲਲਚਾਵੇ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਮੋਹ ਧਰਤੀ ਦਾ ਮਰ ਸਕਦਾ ਨਹੀਂ
ਵਿਦੇਸ਼ ਲਾਲਸਾ ਘਰੋਂ ਬੇਘਰ ਕੀਤੇ
ਕਰ ਡਬਲ ਡਿਊਟੀਆਂ ਰੱਖ ਫਾਕੇ
ਰਹਿ ਤੰਗੀਆਂ 'ਚ
ਮਨੋਂ ਕਾਮਨਾ ਕਰ ਪੂਰੀ ਵਤਨ 'ਚ
ਕਨਾਲਾਂ 'ਚ ਕੋਠੀ ਲਈ ਪਾ
ਐਪਰ ਰਹਿਣਾ ਨਹੀਂ ਜਿੰਦਾ ਦਿੱਤਾ ਲਾ
ਕਬੂਤਰਾਂ ਬਣਾਇਆ ਰੈਣ ਬਸੇਰਾ
ਮਾਪੇ ਉਡੀਕਦੇ ਮੁੱਕ ਗਏ
ਚੋਅ ਚੋਅ ਛੱਤਾਂ ਕੰਧਾਂ ਡਿੱਗੀਆਂ
ਚੋਰ ਲੈ ਗਏ ਤਾਕੀਆਂ ਲਾਹ।
***-ਦਰਸ਼ਨ ਪਾਲ ਦੋਸਾਂਝ***

# ਪਲ-ਪਲ ਦੀ ਮਹਾਨਤਾ

# ਚੋਟੀ ਦੇ ਇਤਿਹਾਸਕਾਰ-ਫ਼ਿਲਾਸਫ਼ਰ ਦਾ ਸਾਲ 2026 ਲਈ ਸੰਦੇਸ਼

***ਯੁਵਾਲ ਨੋਆ ਹਰਾਰੀ ਇੱਕ ਪ੍ਰੋਫੈਸਰ, ਪ੍ਰਸਿੱਧ ਇਤਿਹਾਸਕਾਰ-ਫ਼ਿਲਾਸਫ਼ਰ, ਭਵਿੱਖ-ਵਕਤਾ ਅਤੇ ਸਮਕਾਲੀ ਵਿਸ਼ਵ ਚੁਣੌਤੀਆਂ ਦੇ ਚਿੰਤਕ ਹਨ। ਮਨੁੱਖੀ ਇਤਿਹਾਸ ਦੇ ਦੂਰ-ਰਸ ਰੁਝਾਨਾਂ ਦੇ ਆਧਾਰ 'ਤੇ ਆਧੁਨਿਕ ਸਮਾਜ ਨੂੰ ਦਰਪੇਸ਼ ਤਕਨੌਲੋਜੀਕਲ, ਰਾਜਨੀਤਕ, ਸਮਾਜਿਕ ਅਤੇ ਨੈਤਿਕ ਚੁਣੌਤੀਆਂ ਦਾ ਵਿਸ਼ਲੇਸ਼ਣ ਕਰਦੇ ਹਨ। ਉਨ੍ਹਾਂ ਦੀਆਂ ਚਾਰ ਕਿਤਾਬਾਂ ਸੰਸਾਰ ਦੀਆਂ 'ਬੈਸਟ-ਸੈੱਲਰਜ਼' ਹਨ ਅਤੇ ਇਨ੍ਹਾਂ ਦੀਆਂ ਸੰਸਾਰ ਦੀਆਂ 65 ਤੋਂ ਵੱਧ ਭਾਸ਼ਾਵਾਂ 'ਚ, ਸਾਢੇ ਚਾਰ ਕਰੋੜ ਕਾਪੀਆਂ ਵਿਕ ਚੁੱਕੀਆਂ ਹਨ। ਇਸ ਤੋਂ ਇਲਾਵਾ ਉਨ੍ਹਾਂ ਦੇ ਅਣਗਿਣਤ ਲੇਖ ਛਪਦੇ ਰਹਿੰਦੇ ਅਤੇ ਵੀਡੀਓਜ਼ ਬਣਦੀਆਂ ਰਹਿੰਦੀਆਂ ਹਨ। ਭਾਵੇਂ ਉਨ੍ਹਾਂ ਦੇ ਵਿਚਾਰਾਂ ਨਾਲ ਹਰ ਕੋਈ ਸਹਿਮਤ ਨਹੀਂ, ਪਰ ਓਹ ਅੱਜ ਦੇ ਯੁਗ ਦੀਆਂ ਸੂਚਨਾਵਾਂ, ਅਲਗੋਰਿਥਮਾਂ ਅਤੇ ਤਕਨੌਲੋਜੀਆਂ ਦੇ, ਮਨੁੱਖੀ ਆਜ਼ਾਦੀ ਅਤੇ ਲੋਕ-ਤੰਤਰ 'ਤੇ ਪੈ ਰਹੇ ਪ੍ਰਭਾਵਾਂ ਵਲ ਦੁਨੀਆ ਦਾ ਧਿਆਨ ਖਿੱਚਣ 'ਚ ਅਹਿਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦੇ ਫ਼ਲਸਫ਼ਿਆਂ 'ਤੇ ਅਧਾਰਿਤ ਅਤੇ ਬਹੁਤ ਪ੍ਰਚੱਲਿਤ ਹੋਇਆ ਹੇਠਲਾ ਸੰਖੇਪ ਸੰਦੇਸ਼ (2026 ਦੇ ਸਾਲ ਲਈ), ਪੰਜਾਬੀ ਪਾਠਕਾਂ ਲਈ ਵਿਸ਼ੇਸ਼ ਤੌਰ 'ਤੇ ਪ੍ਰਸੰਗਕ ਹੈ।***

**ਇੰਜ. ਈਸ਼ਰ ਸਿੰਘ**
**ਫੋਨ: +1 647 640 2014**

ਆਪਾਂ, ਇੱਕੱਲੇ ਇਨਸਾਨ, ਓਹ ਪ੍ਰਾਣੀ ਹਾਂ ਜੋ ਭਵਿੱਖ ਦੀ ਕਲਪਨਾ ਕਰਨ ਅਤੇ ਇਸ ਨੂੰ ਉਸਾਰਨ ਦੇ ਯੋਗ ਹਾਂ, ਫਿਰ ਵੀ ਆਪਾਂ ਅਕਸਰ ਇਸ ਤਰ੍ਹਾਂ ਜਿਉਂਦੇ ਹਾਂ, ਜਿਵੇਂ ਸਾਡਾ ਭਵਿੱਖ ਕਿਸੇ ਹੋਰ ਦੀ ਜ਼ਿੰਮੇਵਾਰੀ ਹੋਵੇ। ਅਸੀਂ ਭੁੱਲ ਜਾਂਦੇ ਹਾਂ ਕਿ ਸਾਡੀ ਹਰ ਕਾਰਵਾਈ, ਹਰ 'ਚੋਣ' (Choices) ਅਤੇ ਹਰ ਪਲ ਸਾਡੇ ਭਵਿੱਖ ਨੂੰ ਆਕਾਰ ਦਿੰਦਾ ਹੈ। ਨਵੇਂ ਸਾਲ ਦਾ ਨਵਾਂ ਦਿਨ ਸਿਰਫ ਕਲੰਡਰ ਦਾ ਇੱਕ ਹੋਰ ਦਿਨ ਹੀ ਨਹੀਂ ਹੁੰਦਾ, ਬਲਕਿ ਇਹ ਇੱਕ ਮੋੜ, ਇੱਕ ਦੋਰਾਹਾ ਹੁੰਦਾ ਹੈ, ਜਿੱਥੇ ਸਾਡੇ ਫੈਸਲੇ ਆਉਣ ਵਾਲ਼ੇ ਮਹੀਨਿਆਂ ਅਤੇ ਸਾਲਾਂ ਨੂੰ ਪ੍ਰਭਾਵਿਤ ਕਰਦੇ ਹਨ। ਇਤਿਹਾਸ ਇਕੱਲਾ ਵੱਡੀਆਂ ਯੋਜਨਾਵਾਂ ਨਾਲ ਨਹੀਂ ਬਣਦਾ, ਇਹ ਸੋਚ-ਵਿਚਾਰ ਕੇ ਲਏ ਗਏ ਛੋਟੇ-ਛੋਟੇ ਫੈਸਲਿਆਂ ਦੇ ਸਮੂਹ ਨਾਲ ਬਣਦਾ ਹੈ। ਅਸੀਂ ਅੱਜ ਜੋ ਕੁਝ ਕਰਦੇ ਹਾਂ, ਅੱਜ ਜੋ ਕੁਝ ਸੋਚਦੇ ਹਾਂ, ਅੱਜ ਜੋ ਆਦਤਾਂ ਬਣਾਉਂਦੇ ਹਾਂ, ਓਹ ਅਚਿੰਤੇ ਤੌਰ 'ਤੇ ਸਾਡੇ 2026 ਦਾ ਰਾਹ ਨਿਰਧਾਰਿਤ ਕਰਨਗੇ। ਸੋ ਆਪਣੇ-ਆਪ ਨੂੰ ਪੁੱਛੀਏ ਕਿ, ਕੀ ਅਸੀਂ ਅੱਜ ਨੂੰ ਲਾ-ਪਰਵਾਹੀ ਨਾਲ ਲੰਘਣ ਦਿਆਂਗੇ ਜਾਂ ਇਹ ਜਾਣਦਿਆਂ ਹੋਇਆਂ ਕਿ ਇਹ ਦਿਨ ਸਾਡੇ ਭਵਿੱਖ ਨੂੰ ਪ੍ਰਭਾਵਿਤ ਕਰਨ ਦੀ ਤਾਕਤ ਰੱਖਦਾ ਹੈ, ਇਸ ਨੂੰ ਸਹੀ ਢੰਗ ਨਾਲ ਵਰਤਾਂਗੇ?

ਹਰ ਇਨਸਾਨ ਨੇ ਐਸੇ ਦਿਨ ਦੇਖੇ ਹਨ ਜੋ ਸੁਬ੍ਹਾ ਉੱਠਣ ਵੇਲ਼ੇ ਸਧਾਰਨ ਲੱਗਦੇ ਹਨ ਅਤੇ ਪਹਿਲਿਆਂ ਵਰਗੇ ਹੀ ਲਗਦੇ ਹਨ। ਫਿਰ ਵੀ ਇਹ ਦਿਨ ਆਪਣੇ ਅੰਦਰ ਉਹ ਤਾਕਤ ਰਖਦੇ ਹਨ ਜੋ ਸਾਡੀ ਜ਼ਿੰਦਗੀ ਨੂੰ ਬਦਲ ਸਕਦੇ ਹਨ। ਪਰ ਅਸੀਂ ਇਨ੍ਹਾਂ ਨੂੰ ਪਛਾਣਨ 'ਚ ਅਸਫਲ ਰਹਿੰਦੇ ਹਾਂ। ਅਸੀਂ ਸਮੇਂ ਨੂੰ ਇਕ ਅਸੀਮ ਸਰੋਤ ਵਾਂਗ ਦੇਖਦੇ ਹਾਂ ਅਤੇ ਸਮਝਦੇ ਹਾਂ ਕਿ ਸਾਨੂੰ ਚੀਜ਼ਾਂ ਠੀਕ ਕਰਨ ਲਈ ਹਮੇਸ਼ਾ ਇੱਕ ਹੋਰ ਦਿਨ, ਇੱਕ ਹੋਰ ਮੌਕਾ, ਇੱਕ ਹੋਰ ਪਲ ਮਿਲਦਾ ਰਹੇਗਾ। ਪਰ ਸਚਾਈ ਵਧੇਰੇ ਬੇ-ਲਿਹਾਜ਼ ਅਤੇ ਅਮੋੜ ਹੈ। ਜੋ ਅਸੀਂ ਅੱਜ ਕਰਦੇ ਹਾਂ, ਜੋ ਵਿਚਾਰ ਸਾਡੇ ਮਨ 'ਚ ਆਉਂਦੇ ਹਨ, ਜੋ ਕਾਰਵਾਈਆਂ ਅਸੀਂ ਕਰਦੇ ਹਾਂ, ਜੋ ਵਾਇਦੇ ਅਸੀਂ ਕਰਦੇ ਹਾਂ, ਆਪਣੀਆਂ ਸੰਭਾਵਨਾਵਾਂ ਨੂੰ ਜਿਸ ਤਰੀਕੇ ਨਾਲ ਵੇਖਦੇ ਹਾਂ, ਓਹ ਸਭ ਐਸੀਆਂ ਅ-ਦ੍ਰਿਸ਼ ਤੰਦਾਂ ਹਨ ਜੋ ਸਾਡੇ ਭਵਿੱਖ ਦਾ ਤਾਣਾ-ਬਾਣਾ ਬੁਣਦੀਆਂ ਹਨ। ਅੱਜ ਸਿਰਫ ਇੱਕ ਦਿਨ ਹੀ ਨਹੀਂ, ਬਲਕਿ ਇੱਕ ਬੀਜ ਹੈ ਜੋ ਸਾਡੀਆਂ ਚੋਣਾਂ (Choices), ਸਾਡੇ ਧਿਆਨ ਅਤੇ ਸਾਡੇ ਇਰਾਦਿਆਂ ਦੀ ਉਪਜਾਊ ਮਿੱਟੀ ਵਿੱਚ ਬੀਜਿਆ ਗਿਆ ਹੈ। ਇਸ ਬੀਜ ਦਾ ਫਲ ਸਾਡੇ 2026 ਨੂੰ ਨਿਰਧਾਰਤ ਕਰੇਗਾ।

ਮਨੁੱਖੀ ਦਿਮਾਗ ਸਾਰੇ ਬ੍ਰਹਿਮੰਡ ਦੀ ਸਭ ਤੋਂ ਜਟਿਲ ਉਪਜ ਹੈ ਅਤੇ ਦੁਹਰਾਈ ਕਰਨ, ਆਦਤਾਂ ਪਾਉਣ ਅਤੇ ਵਾਰ-ਵਾਰ ਲਏ ਗਏ ਛੋਟੇ-ਛੋਟੇ ਫੈਸਲਿਆਂ ਪ੍ਰਤੀ, ਹੈਰਾਨੀਜਨਕ ਤੌਰ 'ਤੇ ਸੰਵੇਦਨ-ਸੀਲ ਹੈ। ਇੱਕ ਦਿਨ 'ਚ ਸਿਰਫ 24 ਘੰਟੇ ਹੁੰਦੇ ਹਨ, ਫਿਰ ਵੀ ਇਨ੍ਹਾਂ ਅੰਦਰ ਹਜ਼ਾਰਾਂ ਸੂਖਮ ਫੈਸਲੇ ਹੁੰਦੇ ਹਨ ਜੋ ਸਮੁੱਚੇ ਤੌਰ 'ਤੇ ਜੀਵਨ ਦੀ ਚਾਲ ਅਤੇ ਦਿਸ਼ਾ ਨੂੰ ਬਦਲ ਸਕਦੇ ਹਨ। ਸੁਬ੍ਹਾ ਜਲਦੀ ਉੱਠਣ, ਬਿਸਤਰੇ 'ਚ ਹੀ ਪਏ ਰਹਿਣ ਜਾਂ ਆਪਣੇ ਸਰੀਰ ਨੂੰ ਪੌਸ਼ਟਿਕ ਖੁਰਾਕ ਦੇਣ ਜਾਂ ਇਸ ਨੂੰ ਨਜ਼ਰ-ਅੰਦਾਜ਼ ਕਰਨ ਦੀਆਂ ਚੋਣਾਂ ਕਰਨਾ। ਚੰਗੀਆਂ ਗੱਲਾਂ ਸਿੱਖਣ 'ਚ ਆਪਣਾ ਸਮਾਂ ਲਾਉਣਾ ਜਾਂ ਧਿਆਨ-ਭਟਕਾਊ ਵੀਡੀਓਜ਼ ਰਾਹੀਂ ਇਸ ਨੂੰ ਬਰਬਾਦ ਕਰਨ ਦੀ ਚੋਣ ਕਰਨਾ। ਇਹ ਮਾਮੂਲੀ ਵਿਕਲਪ ਨਹੀਂ, ਬਲਕਿ ਓਹ ਬੁਨਿਆਦੀ ਕੰਮ ਹਨ ਜਿਨ੍ਹਾਂ ਰਾਹੀਂ ਅਸੀਂ ਉਸ ਅਸਲੀਅਤ ਦਾ ਨਿਰਮਾਣ ਕਰਦੇ ਹਾਂ ਜਿਸ 'ਚ ਅਸੀਂ ਰਹਿੰਦੇ ਹਾਂ। ਫਿਰ ਵੀ ਆਪਣੇ 'ਚੋਂ ਬਹੁਤੇ ਇਸ ਤਰ੍ਹਾਂ ਰਹਿੰਦੇ ਹਨ ਜਿਵੇਂ ਕਿ ਇਹ ਚੋਣਾਂ ਮਾਮੂਲੀ ਗੱਲਾਂ ਹੋਣ ਅਤੇ ਸਾਡਾ ਸ਼ਾਨਦਾਰ ਭਵਿੱਖ ਇਨ੍ਹਾਂ ਰੋਜ਼ਾਨਾ ਕੰਮਾਂ ਤੋਂ ਸੁਤੰਤਰ ਤੌਰ 'ਤੇ ਉੱਭਰ ਸਕੇਗਾ। ਜਿਵੇਂ ਕਿ ਸਾਡੀ 'ਕਿਸਮਤ' ਹੀ ਸਾਡਾ ਰਾਹ ਨਿਰਧਾਰਤ ਕਰੇਗੀ। ਪਰ ਜ਼ਿੰਦਗੀ ਗੂੜ੍ਹ-ਗਿਆਨ ਅਨੁਸਾਰ ਕੰਮ ਨਹੀਂ ਕਰਦੀ, ਇਹ ਇੱਕ ਯਥਾਰਥ ਹੈ, ਇੱਕ ਕਿਰਿਆ ਹੈ। ਇਹ ਅੱਜ ਅਤੇ ਹੁਣ ਵਰਗੇ ਅਨੇਕਾਂ ਪਲਾਂ ਦਾ ਸੰਗ੍ਰਹਿ ਹੈ ਜੋ ਸਹੀ ਪਰ ਅਸਥਾਈ ਹੈ। ਅਸੀਂ ਇਨ੍ਹਾਂ ਪਲਾਂ ਨੂੰ ਜਿਸ ਢੰਗ ਨਾਲ ਸੇਧ ਦਿੰਦੇ ਹਾਂ, ਓਹ ਹੀ ਨਿਰਧਾਰਤ ਕਰੇਗਾ ਕਿ ਅਸੀਂ ਅੱਗੇ ਵਧਦੇ ਹਾਂ ਜਾਂ ਨਹੀਂ। ਮੁਹਾਰਤ, ਸੰਪੂਰਨਤਾ ਅਤੇ ਆਜ਼ਾਦੀ ਦੇ ਨੇੜੇ ਜਾਂਦੇ ਹਾਂ ਜਾਂ ਉਦੇਸ਼-ਹੀਣ ਹੋ ਕੇ ਵਹਿ ਜਾਂਦੇ ਹਾਂ ਅਤੇ ਉਡੀਕ ਕਰਦੇ ਹਾਂ ਕਿ ਹਾਲਾਤ ਸਾਨੂੰ ਆਪ ਹੀ ਬਚਾ ਲੈਣਗੇ।

'ਅੱਜ' ਦੇ ਨਿਰਣਿਆਂ ਅਤੇ ਅਮਲਾਂ 'ਚ ਓਹ ਸਮਰੱਥਾ ਛਿਪੀ ਹੈ ਜੋ ਆਉਣ ਵਾਲ਼ੇ ਮਹੀਨਿਆਂ ਅਤੇ ਸਾਲਾਂ ਵਿਚ ਨਵੀਆਂ ਲਹਿਰਾਂ ਪੈਦਾ ਕਰ ਸਕਦੀ ਹੈ। ਜੇ ਆਪਾਂ ਇਸ ਨੂੰ ਨਜ਼ਰ-ਅੰਦਾਜ਼ ਕਰਾਂਗੇ, ਤਾਂ ਇਸ ਸਮਰੱਥਾ ਨੂੰ ਅਜਾਈਂ ਬਰਬਾਦ ਕਰ ਦਿਆਂਗੇ। ਜੇ ਅਸੀਂ ਇਸ ਦੀ ਕਦਰ ਕਰਾਂਗੇ ਤਾਂ ਇਸ ਦਾ ਪ੍ਰਭਾਵ-ਸ਼ਾਲੀ ਉਪਯੋਗ ਕਰ ਸਕਾਂਗੇ। ਅਸੀਂ ਭਵਿੱਖ ਬਾਰੇ ਅਕਸਰ ਇਸ ਤਰ੍ਹਾਂ ਗੱਲ ਕਰਦੇ ਹਾਂ ਜਿਵੇਂ ਕਿ ਇਹ ਬਹੁਤ ਦੂਰ ਹੈ ਅਤੇ ਇੱਕ ਐਸਾ ਦਿਸ-ਹੱਦਾ ਹੈ, ਜਿੱਥੇ ਅਸੀਂ ਅਖੀਰ 'ਚ ਹੀ ਪਹੁੰਚਾਂਗੇ। ਪਰ ਇਹ ਇਕ ਭਰਮ ਹੈ, ਭਵਿੱਖ ਪੂਰੀ ਤਰ੍ਹਾਂ ਵਰਤਮਾਨ ਦੇ ਪਲਾਂ 'ਤੋਂ ਬਣਿਆ ਹੈ ਅਤੇ ਇਸ ਦਾ ਹਰ ਇੱਕ ਪਲ ਭਵਿੱਖ ਨੂੰ ਵਰਤਮਾਨ ਬਣਾਉਂਦਾ ਜਾ ਰਿਹਾ ਹੈ। ਕੋਈ ਬਾਹਰੀ ਪ੍ਰਸਥਿਤੀ, ਕੋਈ ਅਧਿਕਾਰ, ਕੋਈ ਤਕਨੀਕ ਸਾਡਾ ਰਸਤਾ ਓਨੀ ਦੇਰ ਨਿਰਧਾਰਿਤ ਨਹੀਂ ਕਰ ਸਕਦੀ, ਜਦ ਤੱਕ ਅਸੀਂ ਇਸ ਨਾਲ ਸਹਿਮਤ ਨਾਂ ਹੋਈਏ। ਅਸੀਂ ਜੋ ਸਹਿਮਤੀਆਂ ਦਿੰਦੇ ਹਾਂ, ਜੋ ਪ੍ਰਾਥਮਿਕਤਾਵਾਂ ਨਿਯਤ ਕਰਦੇ, ਜੋ ਵਿਚਾਰ ਸਿਰਜਦੇ ਹਾਂ ਅਤੇ ਜੋ ਕੋਸ਼ਿਸ਼ਾਂ ਕਰਦੇ ਹਾਂ, ਉਹ ਸਭ ਸਾਡਾ ਭਵਿੱਖ ਬਣੇਗਾ। ਪਰ ਅਸੀਂ ਮਨੁੱਖ ਗੁੰਝਲ਼ਦਾਰ ਅਤੇ ਡਰਪੋਕ ਮਾਨਸਿਕਤਾ ਵਾਲ਼ੇ ਪ੍ਰਾਣੀ ਹਾਂ ਅਤੇ ਸੰਭਾਵਨਾਵਾਂ ਦੀ ਉੱਚਤਾ ਅਤੇ ਵਿਸ਼ਾਲਤਾ ਤੋਂ ਡਰਦੇ ਹਾਂ, ਜਿਸ ਕਰ ਕੇ ਸੁਚਾਰੂ ਅਤੇ ਦਲੇਰ ਫੈਸਲੇ ਕਰਨ 'ਤੋਂ ਟਾਲ਼-ਮਟੋਲ਼ ਕਰਦੇ ਹਾਂ। ਅਸੀਂ ਸੰਪੂਰਨਤਾ ਦੀ ਉਡੀਕ ਕਰਦੇ ਹਾਂ, ਸਪਸ਼ਟਤਾ ਦੀ ਉਡੀਕ ਕਰਦੇ ਹਾਂ, ਹੋਰਾਂ ਦੀ 'ਹਾਂ' ਦੀ ਉਡੀਕ ਕਰਦੇ ਹਾਂ, ਪਰ ਕੁਦਰਤ ਸਾਡੀ ਉਡੀਕ ਨਹੀਂ ਕਰਦੀ। ਜ਼ਿੰਦਗੀ ਨਿਰਪੱਖਤਾ ਨਾਲ ਸਾਹਮਣੇ ਆਉਂਦੀ ਹੈ। ਜੋ ਲੋਕ ਇਹ ਮੰਨਦੇ ਹਨ ਕਿ ਅੱਜ ਦਾ ਦਿਨ ਸੰਭਾਵਨਾ ਦਾ ਅਧਾਰ ਹੈ, ਜੋ ਇਹ ਸਮਝਦੇ ਹਨ ਕਿ ਇੱਕ ਦਿਨ ਪੂਰੇ ਸਾਲ ਦੇ ਰੁਖ ਨੂੰ ਬਦਲ ਸਕਦਾ ਹੈ, ਉਹ ਹੀ ਪ੍ਰਤਿਭਾਵਾਂ ਨੂੰ ਹਕੀਕਤਾਂ ਵਿਚ ਬਦਲ ਸਕਦੇ ਹਨ।

ਆਪਣੀਆਂ ਆਦਤਾਂ ਦੇ ਲੱਛਣਾਂ 'ਤੇ ਵੀ ਵਿਚਾਰ ਕਰੀਏ, ਕਿਉਂਕਿ ਆਦਤਾਂ ਮਨੁੱਖੀ ਵਿਹਾਰ ਦੇ ਵਿਕਾਸ-ਦਰ-ਵਿਕਾਸ (Compound) ਦਾ ਸਿੱਟਾ ਹਨ ਅਤੇ ਪਰਪੱਕ ਹੁੰਦੀਆਂ ਰਹਿੰਦੀਆਂ ਹਨ। ਸਾਡੇ ਦੁਆਰਾ ਅੱਜ ਕੀਤੀ ਗਈ ਕੋਈ ਵੀ ਚੋਣ ਆਹ਼ਲੀ ਨਹੀਂ ਜਾਂਦੀ। ਕਿਤਾਬ ਦਾ ਇੱਕ ਪੰਨਾ ਪੜ੍ਹਨਾ, ਇੱਕ ਕਿਲੋ ਮੀਟਰ ਦੌੜਨਾ, ਕਿਸੇ ਵਿਅਕਤੀ ਦੀ ਮਦਦ ਕਰਨੀ- ਇਹ ਇਕੱਲੇ-ਇਕੱਲੇ ਆਪਣੇ-ਆਪ 'ਚ ਨਿਗੂਣੇ ਦਿਖਾਈ ਦੇ ਸਕਦੇ ਹਨ, ਪਰ ਲਗਾਤਾਰਤਾ 'ਚ ਇਹ ਇਕੱਠੇ ਹੋ ਕੇ ਇੱਕ ਐਸੀ ਗਤੀ-ਸ਼ੀਲ ਲਹਿਰ 'ਚ ਬਦਲ ਜਾਂਦੇ ਹਨ ਜਿਸ ਨੂੰ ਰੋਕਿਆ ਨਹੀਂ ਜਾ ਸਕਦਾ। ਗਤੀ-ਸ਼ੀਲ ਲਹਿਰ ਮਨੁੱਖੀ ਜੀਵਨ ਦੀਆਂ ਮਹਾਨ ਸ਼ਕਤੀਆਂ ਵਿਚੋਂ ਇੱਕ ਹੈ ਅਤੇ ਇੱਕ ਵਾਰ ਬਣ ਜਾਣ ਤੋਂ ਬਾਅਦ, ਇਹ ਅਸਾਨੀ ਨਾਲ ਅੱਗੇ ਵਧਦੀ ਹੈ। ਪਰ ਇਹ ਸਹੀ ਵੇਲ਼ੇ ਲਏ ਚੇਤੰਨ




ਫੈਸਲੇ ਅਤੇ ਉਸ ਵੇਲ਼ੇ ਦੀ ਮਾਨਤਾ ਵਿਚੋਂ ਸ਼ੁਰੂ ਹੁੰਦੀ ਹੈ। ਗਤੀਸ਼ੀਲਤਾ ਜਾਦੂ ਨਹੀਂ, ਇਹ ਓਹ ਚੋਣ ਹੈ ਜੋ ਨਿਰੰਤਰ ਚਾਲੂ ਰੱਖਣੀ ਪੈਂਦੀ ਹੈ ਅਤੇ ਚੇਤਨਤਾ ਨਾਲ ਵਿਕਸਿਤ ਕਰਨੀ ਪੈਂਦੀ ਹੈ।

ਸਾਨੂੰ ਉਨ੍ਹਾਂ ਵਹਿਮਾਂ-ਭਰਮਾਂ ਦਾ ਵੀ ਸਾਹਮਣਾ ਕਰਨਾ ਚਾਹੀਦਾ ਹੈ ਜੋ ਸਾਨੂੰ ਕੰਮ ਕਰਨ ਤੋਂ ਰੋਕਦੇ ਹਨ। ਅਸੀਂ ਆਪਣੇ-ਆਪ ਨੂੰ ਫੋਕੀਆਂ ਤਸੱਲੀਆਂ ਦਿੰਦੇ ਰਹਿੰਦੇ ਹਾਂ, 'ਕੱਲ੍ਹ ਨੂੰ ਕੰਮ ਹੋਰ ਸੌਖਾ ਹੋ ਜਾਵੇਗਾ, ਹਾਲਾਤ ਪੂਰੇ ਸਹੀ ਹੋਣੇ ਚਾਹੀਦੇ ਹਨ, ਕਿਸੇ ਹੋਰ ਨੂੰ ਪਹਿਲ ਕਰਨੀ ਚਾਹੀਦੀ ਹੈ।' ਇਹ ਮਨੁੱਖੀ ਪ੍ਰਵਿਰਤੀ ਦੀਆਂ ਕਮਜ਼ੋਰ ਚਤੁਰਾਈਆਂ ਹਨ। ਇਹ ਵਰਤਮਾਨ ਦੇ, ਆਪਣੇ ਐਸ਼-ਆਰਾਮ ਨੂੰ ਸੁਰੱਖਿਅਤ ਰੱਖਣ ਦੇ ਮਨ-ਘੜਤ ਅਤੇ ਝੂਠੇ ਦਿਲਾਸੇ ਹਨ, ਜੋ ਸਾਡੇ ਭਵਿੱਖ ਨੂੰ ਖ਼ਰਾਬ ਕਰਦੇ ਹਨ। ਸਚਾਈ ਔਖੀ ਪਰ ਤਰੱਕੀ ਦੇਣ ਵਾਲ਼ੀ ਹੈ। ਹਾਲਾਤ ਕਦੇ ਵੀ ਸੰਪੂਰਨ ਤੌਰ 'ਤੇ ਪੱਖ ਵਿਚ ਨਹੀਂ ਹੋਣਗੇ। ਅਸੀਂ ਪਹਿਲ ਕਰਨ ਵਾਲ਼ੇ ਵਿਅਕਤੀ ਬਣੀਏ, ਕਿਉਂਕਿ ਕੱਲ੍ਹ ਸਾਡੇ ਉਨ੍ਹਾਂ ਕੰਮਾਂ ਦਾ ਜੋੜ-ਫ਼ਲ ਹੀ ਹੋਵੇਗਾ ਜੋ ਅਸੀਂ ਅੱਜ ਕਰਦੇ ਹਾਂ। ਇਸ ਸੱਚ ਨੂੰ ਪਛਾਣਨਾ ਹੀ ਸਪਸ਼ਟਤਾ ਹੈ ਜੋ ਪ੍ਰਤਿਭਾ ਨੂੰ ਲੱਗੇ ਖੋਰਿਆਂ ਵਿਰੁੱਧ ਇੱਕ ਪ੍ਰਭਾਵਕਾਰੀ ਹਥਿਆਰ ਹੈ। ਸਪਸ਼ਟਤਾ ਨਾਲ ਜ਼ਿੰਮੇਵਾਰੀ ਆਉਂਦੀ ਹੈ ਅਤੇ ਜ਼ਿੰਮੇਵਾਰੀ ਨਾਲ ਆਪਣੀ ਦਿਸ਼ਾ ਨੂੰ ਸਹੀ ਪਾਸੇ ਮੋੜਣ ਦੀ ਸੁਮੱਤ ਅਤੇ ਸ਼ਕਤੀ ਆਉਂਦੀ ਹੈ।

ਆਪਣੇ ਮੰਤਵ ਅਤੇ ਕਾਰਵਾਈਆਂ ਦੇ ਆਪਸੀ ਪ੍ਰਭਾਵਾਂ ਬਾਰੇ ਸੋਚਣਾ ਵੀ ਬਹੁਤ ਜ਼ਰੂਰੀ ਹੈ। ਸਾਰਥਕ ਕਾਰਵਾਈਆਂ ਤੋਂ ਬਿਨਾ ਮੰਤਵ ਦੀ ਪ੍ਰਾਪਤੀ ਦੀ ਉਮੀਦ ਵਿਅਰਥ ਸੁਪਨੇ ਦੇਖਣਾ ਹੈ ਅਤੇ ਮੰਤਵ ਤੋਂ ਬਗ਼ੈਰ ਕਾਰਵਾਈਆਂ ਉਦੇਸ਼-ਹੀਣ ਹਨ। ਇਸ ਲਈ 'ਅੱਜ' ਇਨ੍ਹਾਂ ਦੋਵਾਂ ਦਾ ਸੁਮੇਲ ਹੈ। 2026 ਦੀਆਂ ਸਾਡੀਆਂ ਉਮੀਦਾਂ, ਸਾਡੀਆਂ ਆਸ਼ਾਵਾਂ ਅਤੇ ਸਾਡੇ ਸੁਫਨੇ, ਅੱਜ ਦੀਆਂ ਸਥਿਤੀਆਂ 'ਤੇ ਖਰੇ ਉਤਰਨੇ ਚਾਹੀਦੇ ਹਨ। ਆਪਣੇ ਟੀਚਿਆਂ ਨੂੰ ਲਿਖਤੀ ਰੂਪ ਦੇਣਾ, ਸਾਵਧਾਨੀ ਨਾਲ ਯੋਜਨਾਵਾਂ ਬਣਾਉਣੀਆਂ, ਡੂੰਘਾਈ ਨਾਲ ਸੋਚਣਾ, ਚੁਣੌਤੀਆਂ ਦਾ ਸਾਹਮਣਾ ਕਰਨ ਦੀ ਮਾਨਸਿਕਤਾ ਪੈਦਾ ਕਰਨੀ, ਬਹੁਤ ਲਾਭਕਾਰੀ ਹਨ। ਇਹ ਓਹ ਢਾਂਚੇ (ਨੀਂਹਾਂ) ਹਨ ਜੋ ਸਾਡੇ ਭਵਿੱਖ ਦਾ ਮਹਿਲ ਉਸਾਰਨ ਲਈ ਜ਼ਰੂਰੀ ਹਨ। ਨਾਲੋ-ਨਾਲ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਇਕੱਲੇ ਢਾਂਚੇ ਬਣਾ ਲੈਣੇ ਜਾਂ ਨੀਹਾਂ ਭਰ ਲੈਣੀਆਂ ਹੀ ਕਾਫ਼ੀ ਨਹੀਂ। ਇਨ੍ਹਾਂ ਨੂੰ, ਵਿਚਾਰ-ਸ਼ੀਲ ਢੰਗਾਂ ਅਤੇ ਅਨੁਸ਼ਾਸਿਤ ਕਾਰਵਾਈਆਂ ਨਾਲ ਮਹਿਲ ਦੇ ਸਮੁੱਚੇ ਆਕਾਰ ਨਾਲ ਜੋੜਿਆ ਜਾਣਾ ਚਾਹੀਦਾ ਹੈ। ਇੱਕ ਹੋਰ ਪਹਿਲੂ ਹੈ ਜਿਸ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, ਓਹ ਹੈ ਸਾਡੀ ਚੋਣ ਦਾ ਅਧਿਆਤਮਿਕ ਪੱਖ। ਸਾਡਾ ਇਹ ਫਰਜ਼ ਵੀ ਹੈ ਅਤੇ ਸਾਡੇ ਲਈ ਇਹ ਇੱਕ ਵਰਦਾਨ ਵੀ, ਕਿ ਅਸੀਂ ਭਵਿੱਖ ਦੀ ਕਲਪਨਾ ਕਰ ਸਕਦੇ ਹਾਂ, ਇਸ ਲਈ ਸੋਚ-ਵਿਚਾਰ ਕਰ ਸਕਦੇ ਹਾਂ ਅਤੇ ਹੋਰਾਂ ਤੋਂ ਸਿੱਖ ਸਕਦੇ ਹਾਂ।

ਅਨਿਸ਼ਚਿਤਤਾ ਦੇ ਬਾਵਜੂਦ ਕਾਰਵਾਈ ਕਰਨਾ, ਡਰ ਦੇ ਬਾਵਜੂਦ ਬਚਨ-ਬੱਧ ਹੋਣਾ, ਸੁਚੱਜਤਾ ਨੂੰ ਪਹਿਲ ਦੇਣੀ, ਫ਼ੌਰੀ ਸੁਖਾਂ ਨੂੰ ਤਿਆਗਣਾ ਸਾਡੇ ਜੀਵਨ ਨੂੰ ਸੁਧਾਰਨ ਵਾਲ਼ੇ ਮੁੱਖ ਕੰਮ ਹਨ। 'ਅੱਜ' ਇਨ੍ਹਾਂ ਦਾ ਅਭਿਆਸ ਕਰਨ ਲਈ ਪ੍ਰਯੋਗਸ਼ਾਲਾ ਹੈ। ਕੁਝ ਪ੍ਰਯੋਗ ਅਸਫਲ ਹੋਣਗੇ ਪਰ ਅਸਫਲਤਾ ਆਪਣੇ-ਆਪ 'ਚ ਇੱਕ ਅਧਿਆਪਕ ਹੈ, ਇੱਕ ਗੁਰੂ ਹੈ। ਇਹ ਇੱਕ ਸੁਧਾਰ ਹੈ ਜੋ ਅੱਗੇ ਹੋਰ ਸੁਧਾਰਾਂ ਵਲ ਅਤੇ ਅਖੀਰ ਨੂੰ ਸਫਲਤਾ ਵਲ ਲੈ ਕੇ ਜਾਂਦਾ ਹੈ। ਪਰ ਜੇ ਕਾਰਵਾਈ ਹੀ ਨਾ ਕੀਤੀ ਜਾਵੇ ਤਾਂ ਅਸਫਲਤਾ ਤੋਂ ਸਿੱਖਿਆ ਨਹੀਂ ਲਈ ਜਾ ਸਕੇਗੀ ਅਤੇ ਇਹ ਹੀ ਪੱਲੇ ਰਹਿ ਜਾਵੇਗੀ। ਕਾਰਵਾਈ ਦੀ ਅਣਹੋਂਦ ਪ੍ਰਤਿਭਾ ਦਾ ਮੁੱਖ ਚੋਰ ਹੈ। ਧਿਆਨ ਨਾਲ, ਖੁਭ ਕੇ ਅਤੇ ਚੇਤੰਨ ਹੋ ਕੇ ਕੰਮ ਕਰਨ ਨਾਲ ਸਮੇਂ ਦੇ ਕੀਮਤੀ ਹੋਣ ਦੀ ਸਚਾਈ ਸਮਝ ਆ ਜਾਂਦੀ ਹੈ। ਅੱਜ ਅਤੇ ਹੁਣ ਦੇ ਸਹੀ ਮੁੱਲ ਨੂੰ ਸਮਝਣ ਦਾ ਮਤਲਬ ਹੈ: ਬੁਰੀਆਂ ਆਦਤਾਂ, ਧਿਆਨ-ਭਟਕਾਊ ਅਤੇ ਨਿਹਫ਼ਲਤਾ ਵਾਲ਼ੀਆਂ ਲਹਿਰਾਂ ਤੋਂ ਬਚਦੇ ਹੋਏ, ਸਮੇਂ ਨੂੰ ਅਰਥ-ਪੂਰਨ ਕੰਮਾਂ 'ਚ ਲਾਉਣਾ।

ਇਸ ਦਿਨ (ਨਵੇਂ ਸਾਲ ਦੇ ਪਹਿਲੇ ਦਿਨ) ਦੇ ਤੌਖਲੇ ਨਿਰਾਧਾਰ ਨਹੀਂ ਹਨ। ਇਹ ਤਤਕਾਲੀ, ਅਸਲ ਅਤੇ ਯਥਾਰਥਕ ਹਨ। ਉਹ ਆਦਤਾਂ ਜੋ ਅਸੀਂ ਸੁਧਾਰਦੇ ਹਾਂ, ਗਿਆਨ ਜੋ ਅਸੀਂ ਪ੍ਰਾਪਤ ਕਰਦੇ ਹਾਂ, ਹੁਨਰ ਜੋ ਅਸੀਂ ਸਿਖਦੇ ਹਾਂ, ਰਿਸ਼ਤੇ ਜੋ ਅਸੀਂ ਨਿਭਾਉਂਦੇ ਹਾਂ, ਇਹ ਸਾਰੇ ਮਿਲ ਕੇ, 2026 'ਚ ਜਾਂ ਤਾਂ ਸਾਡੀ ਸੇਵਾ ਕਰਨਗੇ ਜਾਂ ਸਾਨੂੰ ਸੀਮਤ ਕਰਨਗੇ। ਇਨ੍ਹਾਂ ਸਭ ਗੱਲਾਂ ਦਾ ਸੁਮੇਲ ਸ਼ਾਂਤੀ-ਭਰਪੂਰ, ਸਹਿਜ ਪਰ ਅਕਸਰ ਅਦਿੱਖ ਹੁੰਦਾ ਹੈ। ਅਸੀਂ ਨਤੀਜੇ ਤੁਰੰਤ ਨਹੀਂ ਦੇਖ ਸਕਦੇ। ਜਿਹੜੇ ਬੀਜ ਅਸੀਂ ਅੱਜ ਬੀਜਦੇ ਹਾਂ, ਇਹ ਸ਼ਾਇਦ ਸਾਲਾਂ ਤੱਕ ਫ਼ਲ ਨਹੀਂ ਦੇਣਗੇ, ਪਰ ਦੇਣਗੇ ਜ਼ਰੂਰ। ਸਵਾਲ ਇਹ ਨਹੀਂ ਹੈ ਕਿ ਕਾਰਵਾਈ ਸਫਲ ਹੁੰਦੀ ਹੈ ਕਿ ਨਹੀਂ, ਪਰ ਕੀ ਸਾਡੇ ਕੋਲ ਹਿੰਮਤ, ਅਨੁਸ਼ਾਸਨ ਅਤੇ ਦੂਰ-ਦ੍ਰਿਸ਼ਟੀ ਹੈ, ਜੋ ਸਾਡੇ ਇੱਛਤ ਜੀਵਨ ਨਾਲ ਮੇਲ ਖਾਂਦੀ ਹੋਵੇ। ਆਪਣੇ ਸਮਾਜਿਕ ਪਹਿਲੂਆਂ 'ਤੇ ਵੀ ਵਿਚਾਰ ਕਰੀਏ। ਮਨੁੱਖੀ ਜੀਵਨ ਇਕੱਲਤਾ ਵਿਚ ਮੌਜੂਦ ਨਹੀਂ ਰਹਿ ਸਕਦਾ। ਇਹ ਸਾਡੀਆਂ ਚੋਣਾਂ, ਸਾਡੇ ਪਰਿਵਾਰਾਂ, ਸਾਡੇ ਭਾਈਚਾਰਿਆਂ, ਸਾਡੇ ਸਮਾਜਿਕ ਨੈੱਟ-ਵਰਕਾਂ ਦੁਆਰਾ ਪਰਫੁੱਲਤ ਹੁੰਦਾ ਹੈ। ਜਿਹੜੀ ਵਫ਼ਾਈ ਅਸੀਂ ਆਪਸੀ ਕਾਰਵਾਈਆਂ 'ਚ ਲਿਆਉਂਦੇ ਹਾਂ, ਉਹ ਮਾਨਸਿਕਤਾ ਜੋ ਅਸੀਂ ਸਹਿਯੋਗ 'ਚ ਵਰਤਦੇ ਹਾਂ, ਉਹ ਇਮਾਨਦਾਰੀ ਜੋ ਅਸੀਂ ਆਪਣੇ ਵਾਇਦਿਆਂ 'ਚ ਕਾਇਮ ਰੱਖਦੇ ਹਾਂ, ਇਹ ਸਭ ਰਲ਼ ਕੇ ਸਾਡੀਆਂ ਸੋਚਾਂ ਤੋਂ ਕਿਤੇ ਵੱਧ ਫ਼ਲਦੀਆਂ ਹਨ। ਸੁਚੇਤ ਤੌਰ 'ਤੇ ਹਰ ਸੰਬੰਧ ਅਤੇ ਹਰ ਕੰਮ 'ਚ ਆਪਣਾ ਵਧੀਆ ਤੋਂ ਵਧੀਆ ਯੋਗ-ਦਾਨ ਪਾ ਕੇ, ਅਸੀਂ ਆਗਾਮੀ ਨਤੀਜਿਆਂ ਨੂੰ ਪ੍ਰਭਾਵਿਤ ਕਰਦੇ ਹਾਂ। ਇਹ ਨਾ-ਸਿਰਫ ਸਾਡੇ ਨਵੇਂ ਸਾਲ ਨੂੰ ਪ੍ਰਭਾਵਿਤ ਕਰਨਗੇ, ਬਲਕਿ ਉਸ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰਨਗੇ, ਜਿਸ ਵਿਚ ਇਹ ਸਾਲ ਸਾਹਮਣੇ ਆਉਣਾ ਹੈ।

ਫਿਰ ਵੀ ਇਸ ਸਮਰੱਥਾ ਦੀ ਵਰਤੋਂ ਅਕਸਰ ਘੱਟ ਕੀਤੀ ਜਾਂਦੀ ਹੈ। ਅਸੀਂ ਆਪਣੀ ਸਮਰੱਥਾ ਦੇ ਲੰਬੇ ਦਾਈਏ ਲਈ ਘਾਲਣਾ ਘ਼ਾਲਣ ਦੀ ਬਜਾਇ ਫ਼ੌਰੀ ਹਾਲਾਤਾਂ, ਛਿਨ-ਭੰਗਰ ਭਾਵਨਾਵਾਂ ਅਤੇ ਵਰਤਮਾਨ ਦੇ ਰੌਲ਼ੇ-ਰੱਪਿਆਂ ਬਾਰੇ ਪ੍ਰਤੀ-ਕ੍ਰਿਆਵਾਂ ਕਰਦੇ ਰਹਿੰਦੇ ਹਾਂ। ਅੱਜ ਅਸੀਂ ਜੋ ਵੀ ਨਿਰਨੇ ਲੈਂਦੇ ਅਤੇ ਅਮਲ ਕਰਦੇ ਹਾਂ, ਉਹ ਸਾਡੇ ਭਵਿੱਖ ਦੇ ਉਸਰਈਏ ਹਨ। ਜਿਵੇਂ ਕਿ ਇੱਕ ਨਦੀ ਹਜ਼ਾਰਾਂ ਸਾਲਾਂ ਤੋਂ ਪਹਾੜਾਂ ਵਿਚ ਵਾਦੀਆਂ ਦਾ ਨਿਰਮਾਣ ਕਰਦੀ ਹੈ। ਇਰਾਦੇ ਅਤੇ ਅਨੁਸ਼ਾਸਨ ਦੀ ਨਿਰੰਤਰ ਵਰਤੋਂ ਜੀਵਨ ਦੀ ਰੂਪ-ਰੇਖਾ ਨੂੰ ਆਕਾਰ ਦਿੰਦੀ ਹੈ। ਦਿਨ ਵਿਚ 20 ਮਿੰਟ ਪੜ੍ਹਨਾ, ਫੈਸਲਿਆਂ 'ਤੇ ਸੋਚ-ਵਿਚਾਰ ਕਰਨਾ, ਕੋਈ ਹੁਨਰ ਵਿਕਸਿਤ ਕਰਨਾ, ਇਸ ਪ੍ਰਕਿਰਿਆ 'ਚ ਸਹਾਈ ਹੁੰਦੇ ਹਨ। ਇਹ ਇਕੱਲੇ-ਇਕੱਲੇ ਛੋਟੇ ਕੰਮ ਹਨ, ਫਿਰ ਵੀ ਮਹੀਨਿਆਂ ਦੇ ਸਮੇਂ ਵਿਚ ਇਹ ਗਤੀਸ਼ੀਲਤਾ ਪੈਦਾ ਕਰਦੇ ਹਨ, ਜੋ ਇੱਕ ਵਿਅਕਤੀ ਦੀਆਂ ਯੋਗਤਾਵਾਂ, ਮੌਕੇ ਅਤੇ ਨਤੀਜੇ ਬਦਲ ਦਿੰਦੇ ਹਨ। ਇਹ ਕੰਮ ਇਕੱਲੇ ਨਹੀਂ ਰਹਿੰਦੇ, ਇਹ ਸਾਡੇ ਜੀਵਨ ਦੇ ਧਾਗੇ ਹਨ।

ਇਤਿਹਾਸ ਵਿਚ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ, ਜਿੱਥੇ ਵਿਅਕਤੀ ਇਸ ਸਿਧਾਂਤ ਨੂੰ ਸੂਝ ਨਾਲ ਸਮਝਦੇ ਸਨ। ਕਲਾਕਾਰ, ਜੋ ਰੋਜ਼ਾਨਾ ਅਭਿਆਸ ਨੂੰ ਸਮਰਪਿਤ ਹੁੰਦੇ ਸਨ। ਸੋਚਣ ਵਾਲੇ, ਜੋ ਲਗਾਤਾਰ ਲਿਖਦੇ ਜਾਂ ਪੜ੍ਹਦੇ ਰਹਿੰਦੇ ਸਨ। ਨੇਤਾ, ਜੋ ਸੁਨਹਿਰੇ ਵਿਕਾਸ ਨੂੰ ਸਮਰਪਿਤ ਸਨ। ਉਹ ਕਿਸੇ ਨਾ ਕਿਸੇ ਪੱਧਰ 'ਤੇ ਸਮਝ ਗਏ ਕਿ ਵਰਤਮਾਨ ਦੇ ਪਲ ਵਿਚ ਭਵਿੱਖ ਦੇ ਸਾਰੇ ਨਤੀਜਿਆਂ ਦੇ ਬੀਜ ਮੌਜੂਦ ਹੁੰਦੇ ਹਨ। ਉਹ ਸਮਝਦੇ ਸਨ ਕਿ ਮਹਾਨਤਾ ਅਚਾਨਕ ਬਿਜਲੀ ਦੀ ਚਮਕ ਨਹੀਂ, ਉਹ ਵਾਰ-ਵਾਰ ਅਤੇ ਜਾਣ-ਬੁੱਝ ਕੇ ਕੀਤੇ ਗਏ ਚੰਗੇ ਕੰਮਾਂ ਦਾ ਸੁਮੇਲ ਹੈ। ਇਹੀ ਸਿਧਾਂਤ ਸਾਡੇ 2026 'ਤੇ ਵੀ ਲਾਗੂ ਹੁੰਦਾ ਹੈ। ਇਹ ਸਿਰਫ ਵੱਡੇ ਕੰਮਾਂ ਦੁਆਰਾ ਨਹੀਂ ਬਣਦਾ, ਪਰ ਹਰ ਦਿਨ ਨਾਲ ਜਾਣ-ਬੁੱਝ ਕੇ, ਸੋਚ-ਵਿਚਾਰ ਕਰਕੇ, ਲਗਾਤਾਰ ਸੰਘਰਸ਼ ਕਰਨ ਨਾਲ ਬਣਦਾ ਹੈ। ਸਾਨੂੰ ਉਹ ਭੁਲੇਖੇ ਵੀ ਦੂਰ ਕਰਨੇ ਪੈਂਦੇ ਹਨ ਜੋ ਸਾਨੂੰ ਕੰਮ ਕਰਨ ਤੋਂ ਰੋਕਦੇ ਹਨ। ਇਹ ਮਿੱਠੇ ਭੁਲੇਖੇ ਸਾਨੂੰ ਮਿਹਨਤ ਅਤੇ ਜ਼ਿੰਮੇਵਾਰੀ ਤੋਂ ਬਚਾਉਣ ਲਈ ਬਣਾਏ ਗਏ ਹਨ। ਹਕੀਕਤ ਸਾਫ਼ ਅਤੇ ਗਤੀ-ਸ਼ੀਲ ਹੈ। ਸਪਸ਼ਟ ਮਕਸਦ ਅਤੇ ਅਨੁਸ਼ਾਸਨ ਨਾਲ ਕੀਤੀ ਗਈ ਕਾਰਵਾਈ ਉਸਾਰੂ ਬਦਲਾਅ ਦਾ ਪ੍ਰਤੀਕ ਹੈ, ਪਰ ਹਰ ਪਲ ਜੋ ਵਧੀਆ ਅਤੇ ਢੁਕਵੀਆਂ ਸਥਿਤੀਆਂ ਦੀ ਉਡੀਕ ਕਰਨ ਵਿਚ ਖਰਚ ਹੁੰਦਾ ਹੈ, ਉਹ ਵਿਅਰਥ ਚਲਾ ਜਾਂਦਾ ਹੈ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਘਟਾਉਂਦਾ ਹੈ। ਲੋੜ ਹੈ ਪਲ-ਪਲ ਨੂੰ ਸੰਭਾਲਣ ਦੀ ਅਤੇ ਉਸਦੀ ਸਦ-ਵਰਤੋਂ ਕਰਨ ਦੀ, ਸੁਪਨੇ ਆਪਣੇ ਆਪ ਸੱਚ ਹੁੰਦੇ ਜਾਣਗੇ।

# ਬੱਸ ਲੰਘਾਊ ਭੂਆ

ਪਰਗਟ ਸਿੰਘ ਸਤੌਜ

'ਲੈ ਮੈਂ ਤੇਰੇ ਚਾਚੇ ਕੇ ਜਾ ਆਮਾਂ, ਕਿਤੇ ਬੱਸ ਵੀ ਨਾ ਲੰਘ ਜੇ। ਲੈ ਮੈਂ ਤੇਰੇ ਤਾਏ ਕੇ ਜਾ ਆਮਾਂ ਕਿਤੇ ਬੱਸ ਵੀ ਨਾ ਲੰਘ ਜੇ।'

ਭੂਆ ਜਦੋਂ ਵੀ ਆਉਂਦੀ ਹੈ ਉਹ ਇਹ ਵਾਕ ਬੋਲਦੀ-ਬੋਲਦੀ ਬੱਸ ਲੰਘਾ ਲੈਂਦੀ ਹੈ। ਬਾਅਦ ਵਿਚ ਭੂਆ ਨੂੰ ਸੱਤ ਕਿਲੋਮੀਟਰ ਜਾ ਕੇ ਚੀਮਿਆਂ ਤੋਂ ਬੱਸ ਚੜ੍ਹਾ ਕੇ ਆਉਣ ਦੀ ਡਿਊਟੀ ਜ਼ਿਆਦਾਤਰ ਮੈਂ ਹੀ ਨਿਭਾਉਂਦਾ ਹਾਂ। ਇਸੇ ਕਰਕੇ ਮੈਨੂੰ ਲਗਦਾ ਹੈ ਜਿਵੇਂ ਭੂਆ ਦੇ ਉਪਰੋਕਤ ਵਾਕ ਦਾ ਅਸਲ ਮਤਲਬ ਇਹ ਹੋਵੇ, 'ਤੂੰ ਮੈਨੂੰ ਛੱਡ ਕੇ ਆਈਂ। ਮੈਂ ਤੇਰੇ ਚਾਚੇ/ਤਾਏ ਕੇ ਜਾ ਕੇ ਬੱਸ ਲੰਘਾ ਆਵਾਂ।' ਅਸੀਂ ਪਿਆਰ ਨਾਲ ਹੁਣ ਭੂਆ ਦਾ ਨਾਮ ਹੀ 'ਬੱਸ ਲੰਘਾਊ ਭੂਆ' ਰੱਖ ਦਿੱਤਾ ਹੋਇਆ ਹੈ।

ਭੂਆ ਆਪਣੇ-ਆਪ ਵਿਚ ਬੜੀ ਦਿਲਚਸਪ ਪਾਤਰ ਹੈ। ਜੇ ਕੋਈ ਵੀ ਭੂਆ ਨੂੰ ਮਿਲਣ ਚਲਾ ਜਾਵੇ ਤਾਂ ਭੂਆ ਮਿਲਣ ਆਏ ਨੂੰ ਖੁਆ-ਖੁਆ ਕੇ ਨਾਨਕ ਸਿੰਘ ਦੀ ਕਹਾਣੀ 'ਭੂਆ' ਯਾਦ ਕਰਵਾ ਦਿੰਦੀ ਹੈ। ਚਾਹੇ ਸਵੇਰ ਹੋਵੇ ਦੁਪਹਿਰ ਹੋਵੇ ਜਾਂ ਸ਼ਾਮ, ਉਹ ਝੱਟ ਚੁੱਲ੍ਹੇ ਉੱਪਰ ਤਵਾ ਰੱਖ ਕੇ ਪਰੌਂਠੇ ਲਾਹੁਣ ਲੱਗ ਪਵੇਗੀ। ਤਵਾ ਹੇਠਾਂ ਉਤਰਦਿਆਂ ਖੀਰ ਵਾਲੀ ਪਤੀਲੀ ਚੁੱਲ੍ਹੇ 'ਤੇ ਟਿਕ ਜਾਵੇਗੀ। ਖੀਰ ਦੇ ਨਾਲ ਕੜਾਅ ਵਾਲਾ ਕੜਾਈਆ ਵੀ ਤਿਆਰ ਹੋ ਜਾਂਦਾ ਹੈ। ਬੰਦਾ ਵਾਟੀ ਵਿਚੋਂ ਦੋ ਚਮਚੇ ਖਾਏਗਾ ਤਾਂ ਭੂਆ ਦੋ ਕੜਛੀਆਂ ਹੋਰ ਪਾ ਕੇ ਕਹੇਗੀ, 'ਲੈ ਤੂੰ ਤਾਂ ਕੁਛ ਖਾਧਾ ਈ ਨੀ!' ਮਹਿਮਾਨ ਕਦੇ ਕਿਨਾਰਿਆਂ ਤੱਕ ਭਰੀ ਵਾਟੀ ਵੱਲ ਵੇਖਗਾ ਤੇ ਕਦੇ ਭੂਆ ਦੇ ਸਕੂਨ ਭਰੇ ਚਿਹਰੇ ਵੱਲ।

ਕੁਝ ਦਿਨ ਹੋਏ ਅਸੀਂ ਸਰਸੇ ਤੋਂ ਵਾਪਸ ਆਉਂਦੇ ਭੂਆ ਕੋਲ ਰੁਕ ਗਏ। ਭੂਆ ਨੂੰ ਲਾਟਰੀ ਨਿਕਲਣ ਜਿੰਨਾ ਚਾਅ ਚੜ੍ਹ ਗਿਆ। ਦੋ ਬੱਚਿਆਂ ਸਮੇਤ ਅਸੀਂ ਚਾਰ ਜਣੇ ਸੀ। ਭੂਆ ਨੇ ਚਾਹ ਨਾਲ ਸਭ ਨੂੰ ਦੋ-ਦੋ ਸਮੋਸੇ, ਇੱਕ-ਇੱਕ ਟੀਸੀ ਲੱਗੀ ਭੁਜੀਏ, ਬਿਸਕੁਟਾਂ ਦੀ ਪਲੇਟ ਲਿਆ ਰੱਖੀ। ਅਸੀਂ ਫਸੀ ਬਿੱਲੀ ਵਾਂਗ ਇੱਕ ਦੂਜੇ ਦੇ ਮੂੰਹ ਵੱਲ ਵੇਖੀਏ। ਅੰਮ੍ਰਿਤ ਨੇ ਅੱਖਾਂ ਰਾਹੀਂ ਮੈਨੂੰ ਇਸ਼ਾਰਾ ਕੀਤਾ ਤਾਂ ਮੈਂ ਭੂਆ ਨੂੰ ਕਿਹਾ, 'ਐਨੇ ਸਮੋਸਿਆਂ ਦੀ ਕੀ ਲੋੜ ਸੀ ਭੂਆ? ਅਸੀਂ ਤਾਂ ਅੱਧਾ-ਅੱਧਾ ਮਸਾਂ ਖਾਮਾਂਗੇ।'

'ਲੈ ਇਹ ਤਾਂ ਖਾਣਾ ਪਊ ਭਾਈ। ਇੱਕ-ਇੱਕ ਥੋੜਾ ਹੋਰ ਪਿਐ ਆਹ ਲਿਫ਼ਾਫ਼ੇ 'ਚ। ਭੂਆ ਨੇ ਹੱਥ ਦੀ ਪਹਿਲੀ ਉਂਗਲ ਮੇਜ 'ਤੇ ਪਏ ਲਿਫ਼ਾਫ਼ੇ ਵੱਲ ਪਸਤੌਲ ਵਾਂਗ ਸੇਧ ਦਿੱਤੀ।

'ਚਾਹ ਹੋਰ ਪਾ ਗੁਰਾਂ ਦਿੱਤੇ।' ਭੂਆ ਨੇ ਚਾਹ ਦਾ ਜੱਗ ਲਈ ਖੜ੍ਹੇ ਗੁਰਦਿੱਤੇ ਨੂੰ ਕਿਹਾ ਤਾਂ ਅਸੀਂ ਸਭ ਨੇ ਆਪਣੇ-ਆਪਣੇ ਕੱਪਾਂ ਉੱਪਰ ਹੱਥ ਰੱਖ ਕੇ, 'ਬੱਸ ਬੱਸ ਬੱਸ।' ਕਹਿ ਕੇ ਖਹਿੜਾ ਛੁਡਾਇਆ।

ਭੂਆ ਦਾ ਪਲੇਠੀ ਦਾ ਪੁੱਤਰ ਤਿੰਨ ਕੁ ਸਾਲ ਦੀ ਉਮਰ 'ਚ ਮਰ ਗਿਆ ਸੀ। ਮੇਰਾ ਉਸ ਨਾਲ ਬਹੁਤ ਪਿਆਰ ਸੀ। ਮੈਂ ਕਿਸੇ ਅਖ਼ਬਾਰ ਵਿੱਚੋਂ ਉਸਦੀ ਸ਼ਕਲ ਵਰਗੇ ਬੱਚੇ ਦੀ ਫੋਟੋ ਕੱਟ ਕੇ ਸਬਾਤ ਦੇ ਤਖ਼ਤੇ ਪਿੱਛੇ ਚਿਪਕਾ ਦਿੱਤੀ ਸੀ। ਉਹ ਪੰਜ-ਸੱਤ ਸਾਲ ਉੱਥੇ ਹੀ ਚਿਪਕੀ ਰਹੀ ਸੀ। ਭੂਆ ਉਸ ਨੂੰ ਵੇਖ ਕੇ ਮਨ ਭਰ ਲੈਂਦੀ ਸੀ। ਜਦੋਂ ਭੂਆ ਦੇ ਦੁਬਾਰਾ ਮੁੰਡਾ ਹੋਇਆ ਤਾਂ ਉਸਨੇ ਉਸ ਦਾ ਨਾਮ ਗੁਰਦਿੱਤਾ ਰੱਖਿਆ ਭਾਵ ਗੁਰਾਂ ਦਾ ਦਿੱਤਾ। ਭੂਆ ਦਾ ਮੁੰਡਾ ਅੱਜ-ਕੱਲ੍ਹ ਗੁਰਦਿੱਤ ਸਿੰਘ ਸੇਖੋਂ ਦੇ ਨਾਮ ਹੇਠ ਗ਼ਜ਼ਲ ਅਤੇ ਕਵਿਤਾ ਲਿਖਦਾ ਹੈ ਪਰ ਭੂਆ ਅਜੇ ਤੱਕ ਵੀ ਉਸ ਨੂੰ ਗੁਰਾਂ ਦਿੱਤਾ ਕਹਿ ਕੇ ਹੀ ਪੁਕਾਰਦੀ ਹੈ। ਜਦੋਂ ਗੁਰਦਿੱਤੇ ਨੇ ਲਿਖਣਾ ਸ਼ੁਰੂ ਕੀਤਾ ਸੀ ਤਾਂ ਭੂਆ ਨੇ ਮੈਨੂੰ ਉਲਾਂਭਾ ਦਿੱਤਾ, 'ਵੇ ਭਾਈ ਤੈਂ ਗੁਰਾਂ ਦਿੱਤੇ ਨੂੰ ਕਬੀਤਾਮਾਂ (ਕਵਿਤਾਵਾਂ) ਆਲਾ ਕੰਮ ਕਿਧਰੋਂ ਸਿਖਾ ਤਾ। ਕੋਈ ਕੰਮ ਨੀ ਕਰਦਾ ਸਾਰਾ ਦਿਨ ਬੈਠਾ ਕਾਪੀਆਂ 'ਤੇ ਝਰੀਟਾਂ ਮਾਰੀ ਜਾਂਦਾ ਰਹਿੰਦੈ।'

ਹੁਣ ਜਦੋਂ ਕਦੇ ਗੁਰਦਿੱਤ ਦੀ ਕੋਈ ਕਵਿਤਾ ਗ਼ਜ਼ਲ ਇੱਧਰ-ਉੱਧਰ ਕਿਸੇ ਅਖ਼ਬਾਰ ਰਸਾਲੇ ਵਿਚ ਛਪਦੀ ਹੈ ਤਾਂ ਭੂਆ ਬੜਾ ਹੁੱਬ-ਹੁੱਬ ਕੇ ਇਹ ਗੱਲ ਦਸਦੀ ਹੈ।

ਬੱਸ ਲੰਘਾਊ ਭੂਆ ਦਾ ਮੇਰੇ ਨਾਲ ਬੜਾ ਮੋਹ ਰਿਹਾ ਹੈ। ਬਚਪਨ ਵਿਚ ਮੈਂ ਦੋ ਮਹੀਨੇ ਭੂਆ ਕੋਲ ਰਿਹਾ ਸਾਂ। ਜੇ ਭੂਆ ਨੇ ਮੈਨੂੰ ਕਿਸੇ ਗੱਲੋਂ ਦਬਕਾ ਮਾਰਨਾ ਹੁੰਦਾ ਤਾਂ ਕਹਿ ਦਿੰਦੀ, 'ਮੈਂ ਕਹਿਣੀ ਆਂ ਮੇਲੇ (ਮੇਰੇ ਪਿਤਾ) ਨੂੰ, ਤੈਨੂੰ ਲੈ ਕੇ ਜਾਣਗੇ।'

ਮੈਂ ਇਸ ਧਮਕੀ ਤੋਂ ਡਰਦਾ ਝੱਟ ਭੂਆ ਦੀ ਗੱਲ ਮੰਨ ਲੈਂਦਾ। ਭੂਆ ਦੇ ਨਾਲ ਹੁੰਦਿਆਂ ਮੇਰੇ ਬਚਪਨ 'ਚ ਦੋ ਵਾਰ ਐਕਸੀਡੈਂਟ ਵੀ ਹੋਏ ਨੇ। ਇੱਕ ਵਾਰ ਮੈਂ, ਮੇਰੀ ਭੂਆ ਅਤੇ ਹੋਰ ਕਈ ਔਰਤਾਂ ਕਿਸੇ ਕਲਾਕਾਰ ਨੂੰ ਵੇਖਣ ਕਿਸੇ ਦੇ ਦਰਵਾਜ਼ੇ 'ਤੇ ਚੜ੍ਹੇ ਹੋਏ ਸਾਂ। ਮੈਂ ਛੋਟਾ ਸਾਂ, ਬੱਸ ਉਂਝ ਹੀ ਜਿੱਦ ਕਰ ਕੇ ਨਾਲ ਤੁਰ ਆਇਆ ਸਾਂ। ਬਹੁਤਾ ਭਾਰ ਹੋਣ ਕਰਕੇ ਦਰਵਾਜ਼ੇ ਦੀ ਛੱਤ ਟੁੱਟ ਗਈ ਤੇ ਅਸੀਂ ਜਾਦੂਈ ਚਟਾਈ 'ਤੇ ਚੜ੍ਹੇ ਸਿੰਧਬਾਦ ਵਾਂਗ ਅਸਮਾਨ ਤੋਂ ਧਰਤੀ 'ਤੇ ਆ ਉਤਰੇ।

ਇੱਕ ਵਾਰ ਭੂਆ ਸਾਨੂੰ ਦੋਵੇਂ ਭਰਾਵਾਂ ਨੂੰ ਲੈ ਤੁਰੀ। ਰਸਤੇ ਵਿਚ ਬੱਸ ਟਰਾਲੀ ਵਾਲੇ ਨੂੰ ਬਚਾਉਂਦਿਆਂ ਖਤਾਨਾਂ ਵੱਲ ਹੋ ਤੁਰੀ। ਇੱਕ ਕਿੱਕਰ ਤੋੜ ਦਿੱਤੀ ਤੇ ਦੂਸਰੀ ਵਿਚ ਵੱਜ ਕੇ ਰੁਕ ਗਈ। ਸਾਰੇ ਪਾਸੇ ਹਾਹਾਕਾਰ ਮੱਚ ਗਈ। ਭੂਆ ਬੁਰੀ ਤਰ੍ਹਾਂ ਡਰ ਗਈ ਸੀ, 'ਬੁ ਵੇ! ਮੈਂ ਤਾਂ ਸੋਨੂੰ ਦੋਵਾਂ ਨੂੰ ਈ ਲੈ ਕੇ ਤੁਰ ਪੀ। ਜੇ ਕੋਈ ਈਮ-ਖੱਮ ਹੋ ਜਾਂਦੀ, ਮੈਂ ਪੇਕਿਆਂ ਨੂੰ ਕਿਹੜਾ ਮੂੰਹ ਦਿਖਾਉਂਦੀ?'

ਭੂਆ ਦੇ ਵਿਹੜੇ ਗਰੀਬੀ ਨੇ ਹਮੇਸ਼ਾਂ ਡੇਰਾ ਲਾਈ ਰੱਖਿਆ ਹੈ ਪਰ ਰਿਸ਼ਤੇਦਾਰੀ ਵਿਚ ਮੂੰਹ ਦਿਖਾਉਣ ਜਾ ਪਿਆਰ ਮੁਹੱਬਤ ਸਦਕਾ ਜੇ ਕਿਤੇ ਵੀ ਉਹ ਖ਼ੁਸ਼ੀ-ਗ਼ਮੀ 'ਤੇ ਜਾਂਦੀ ਹੈ ਤਾਂ ਕੱਪੜਿਆਂ ਦੀ ਗਠੜੀ ਜਰੂਰ ਸਿਰ ਚੁੱਕ ਕੇ ਲਿਆਉਂਦੀ ਹੈ। ਜੇ ਕੋਈ ਕਹੇ, 'ਭੂਆ ਤੂੰ ਇਹ




ਖੇਚਲ ਕਾਹਨੂੰ ਕਰਨੀ ਸੀ?'

ਤਾਂ ਉਹ ਗੁੱਸਾ ਦਿਖਾਉਂਦੀ ਕਹੇਗੀ, 'ਕਿਉਂ ਤੁਸੀਂ ਕੀ ਮੇਰੇ ਕੁਛ ਲਗਦੇ ਨੀ? ਨਾਲੇ ਇਹ ਦਿਨ ਕਿਹੜਾ ਰੋਜ਼-ਰੋਜ਼ ਆਉਂਦੇ ਨੇ।'

ਭੂਆ ਦੇ ਇੱਕ- ਇੱਕ ਕਮਰੇ ਵਿਚ ਦੋ ਪੀੜ੍ਹੀਆਂ, ਦੋ ਇੱਕੋ ਜਿਹੇ ਪਿੱਤਲ ਦੇ ਡੋਲੂ, ਦੋ ਪਿੱਤਲ ਦੇ ਵੱਡੇ ਗਲਾਸ, ਦੋ ਕਣਕ ਵਾਲੇ ਢੋਲ, ਗੱਲ ਕੀ ਹਰ ਚੀਜ਼ ਜੋਟੇ ਵਿਚ ਮਿਲੇਗੀ। ਜੇ ਪੁੱਛੋ, 'ਭੂਆ ਇਹ ਦੋ-ਦੋ ਕਿਉਂ ਰੱਖੇ ਨੇ?'

ਤਾਂ ਜਵਾਬ ਹੋਵੇਗਾ, 'ਜਦੋਂ ਮੇਰਾ ਗੁਰਾਂ ਦਿੱਤਾ ਤੇ ਕਾਲਾ ਅੱਡ ਹੋਣਗੇ ਤਾਂ ਇੱਕ-ਇੱਕ ਆ ਜਾਵੇਗਾ।'

ਭੂਆ ਦੇ ਦੋਵੇਂ ਮੁੰਡਿਆਂ ਨੂੰ ਸਕੀਆਂ ਭੈਣਾਂ ਦਾ ਰਿਸ਼ਤਾ ਹੋ ਗਿਆ। ਜਿਸ ਦਿਨ ਸ਼ਗਨ ਪਾਉਣ ਜਾਣਾ ਸੀ, ਭੂਆ ਨੇ ਦੋਵੇਂ ਭਰਾਵਾਂ ਦਾ ਇੱਕ ਇੱਕ ਵਾਧੂ ਸੂਟ ਝੋਲੇ ਵਿੱਚ ਪਾ ਲਿਆ। ਮੇਰੀ ਦੂਸਰੀ ਭੂਆ ਦੀ ਕੁੜੀ ਨੇ ਪੁੱਛ ਲਿਆ, 'ਮਾਸੀ ਆਹ ਵਾਧੂ ਕੱਪੜਿਆਂ ਤੋਂ ਕੀ ਕਰਾਉਣਾ ਸੀ?'

'ਲੈ ਸੌ ਲੋੜ ਪੈ ਜਾਂਦੀ ਐ। ਅੰਮ੍ਰਿਤ (ਮੇਰੀ ਪਤਨੀ) ਵੀ ਤਾਂ ਇਵਾਨ ਦੇ ਨਾਲ ਲੈ ਕੇ ਆਉਂਦੀ ਐ।'

'ਇਵਾਨ ਤਾਂ ਛੋਟੈ! ਉਹ ਤਾਂ, ਤਾਂ ਲੈ ਕੇ ਆਉਂਦੀ ਐ ਵੀ ਵਿਚ ਪੌਟੀ ਨਾ ਕਰ ਲਵੇ। ਇਹ ਕਿਹੜਾ ਹੁਣ ਵਿਚ ਪੌਟੀ ਕਰਨਗੇ।' ਭੂਆ ਦੀ ਕੁੜੀ ਗੱਲ ਕਰਦੀ ਆਪ ਵੀ ਹੱਸ ਪਈ। ਪਰ ਭੂਆ ਕੱਪੜੇ ਫੇਰ ਵੀ ਨਾਲ ਲੈ ਕੇ ਗਈ।

ਇੱਕ ਵਾਰ ਸਾਡੇ ਪਿੰਡੋਂ ਕਿਸੇ ਕੁੜੀ ਦਾ ਵਿਆਹ ਸੀ। ਉਸ ਦੇ ਆਨੰਦ ਕਾਰਜ ਚੀਮੇ ਗੁਰੂਘਰ ਵਿਚ ਕੀਤੇ। ਆਨੰਦ ਕਾਰਜ ਤੋਂ ਬਾਅਦ ਜਦੋਂ ਪ੍ਰਾਹੁਣਾ ਤਲਾਅ ਵਿਚ ਮੂੰਹ-ਹੱਥ ਧੋਣ ਲੱਗਿਆ ਤਾਂ ਤਿਲਕ ਕੇ ਤਲਾਅ ਵਿਚ ਡਿੱਗ ਪਿਆ। ਉਸ ਨੂੰ ਕੱਢਣ ਲਈ ਦੋ ਹੋਰ ਬਰਾਤੀਆਂ ਨੇ ਛਾਲਾਂ ਮਾਰ ਦਿੱਤੀਆਂ। ਪ੍ਰਾਹੁਣਾ ਤਾਂ ਕੱਢ ਲਿਆ ਪਰ ਤਿੰਨੇ ਠੰਢੇ ਪਾਣੀ ਵਿਚ ਮੀਂਹ 'ਚ ਭਿੱਜੀ ਬੱਕਰੀ ਵਾਂਗ ਕੰਬੀ ਜਾਣ। ਉਹ ਘਟਣਾ ਵੇਖ ਕੇ ਮੈਂ ਘਰਵਾਲੀ ਨੂੰ ਕਿਹਾ, 'ਦੇਖ! ਜੇ ਇੱਥੇ ਭੂਆ ਹੁੰਦੀ, ਹੁਣ ਤਿੰਨਾਂ ਦੇ ਨਾਲ ਲਿਆਂਦੇ ਕੱਪੜੇ ਪਾ ਦਿੰਦੀ।

ਭੂਆ ਦੇ ਦੋਵੇਂ ਮੁੰਡਿਆਂ ਦੇ ਵਿਆਹ ਵਾਲਾ ਦਿਨ ਆ ਗਿਆ। ਪਹਿਲਾਂ ਬਰਾਤ ਘੱਟ ਕਹੀ ਤੇ ਫਿਰ ਵਿਆਹ ਤੋਂ ਇੱਕ ਦਿਨ ਪਹਿਲਾਂ ਮੁੰਡਿਆਂ ਦੇ ਸਹੁਰੇ ਕਹਿੰਦੇ, 'ਬਰਾਤ ਸੱਠ ਸੱਤਰ ਬੰਦੇ ਲਿਆ ਸਕਦੇ ਹੋ।'

ਬਰਾਤ ਵਾਲੇ ਦਿਨ ਜਲਦੀ ਜਾ ਕੇ ਆਨੰਦ ਕਾਰਜ ਕਰਵਾਉਣੇ ਸਨ ਇਸ ਲਈ ਤਿੰਨ ਕੁ ਗੱਡੀਆਂ ਪਹਿਲਾਂ ਹੀ ਚਲੀਆਂ ਗਈਆਂ। ਮੈਂ ਪਿੱਛੇ ਰਹਿ ਗਿਆ। ਮੈਂ ਇਕੱਲਾ ਹੀ ਸੀ, ਇਸ ਲਈ ਭੂਆ ਦੇ ਮੁੰਡੇ ਨੂੰ ਫ਼ੋਨ ਕਰ ਕੇ ਪੁੱਛ ਲਿਆ, 'ਬਾਈ ਮੈਂ ਵੀ ਚਲਦਾਂ, ਕੋਈ ਨਾਲ ਤਾਂ ਨੀ ਲੈ ਕੇ ਆਉਣਾ?'

'ਉਹ ਕਹਿੰਦੇ ਸੀ ਪੰਜਾਹ ਸੱਠ ਬੰਦੇ ਲੈ ਆਇਓ। ਆਪਾਂ ਤਾਂ ਵੀਹ ਕੁ ਈ ਆਂ।' ਭੂਆ ਦੇ ਮੁੰਡੇ ਨੇ ਫ਼ਿਕਰ ਕੀਤਾ।

'ਕੋਈ ਨਾ, ਬਾਕੀ ਮੈਂ ਦਿਹਾੜੀਏ ਪੁੱਛ ਲਿਆਉਣਾ।' ਮੈਂ ਮਜ਼ਾਕ ਕੀਤਾ।

ਹੁਣ ਮੈਂ ਮੌਕੇ 'ਤੇ ਕਿਸ ਨੂੰ ਤਿਆਰ ਕਰਦਾ? ਮੈਨੂੰ ਗੁਰੂਘਰ 'ਚੋਂ ਆਉਂਦੇ ਬੱਚੇ ਦਿਸ ਗਏ। ਮੈਂ ਉਨ੍ਹਾਂ ਨੂੰ ਪੁੱਛ ਲਿਆ, 'ਕਾਫ਼! ਬੰਦੇ ਘਟ ਗਏ ਤੁਸੀਂ ਬਰਾਤ ਜਾਣੈ?'

ਹੁਣ ਬੱਚੇ ਕਦੋਂ ਜਵਾਬ ਦਿੰਦੇ ਨੇ। ਕਾਫ਼ ਹੋਰੀਂ ਇੰਝ ਛਾਲਾਂ ਮਾਰ ਕੇ ਗੱਡੀ ਵਿਚ ਚੜ੍ਹ ਗਏ ਜਿਵੇਂ ਵਿਹਲੀਆਂ ਬੁੜੀਆਂ ਦੀਵਾਨਾਂ 'ਤੇ ਚੱਲੀ ਟਰਾਲੀ 'ਤੇ ਚੜ੍ਹ ਜਾਂਦੀਆਂ ਹਨ। ਜਦੋਂ ਤੱਕ ਮੈਂ ਬਰਾਤੀ ਬੱਚਿਆਂ ਨੂੰ ਲੈ ਕੇ ਪਹੁੰਚਿਆ, ਮਿਲਣੀ ਹੋਣ ਲੱਗ ਰਹੀ ਸੀ। ਇੱਕ ਪਾਸੇ ਕੁੜੀ ਵਾਲੇ ਖੜ੍ਹੇ ਸਨ ਤੇ ਉਨ੍ਹਾਂ ਦੇ ਸਾਹਮਣੇ ਸਾਡੇ ਵਾਲਾ ਲਾਣਾ ਖੜ੍ਹਾ। ਕਾਫ਼ ਹੌਲੀ ਜਿਹੀ ਮੇਰੇ ਤਾਏ ਦੇ ਅੱਗੇ ਜਾ ਕੇ ਖੜ੍ਹ ਗਈ। ਤਾਏ ਨੇ ਅਚਾਨਕ ਕਾਫ਼ ਨੂੰ ਆਇਆਂ ਵੇਖ ਕੇ ਪੁੱਛ ਲਿਆ, 'ਕਾਫ਼ ਤੁਸੀਂ ਵੀ ਆ ਗਏ?'

'ਹਾਂ ਬਾਪੂ ਜੀ, ਬੰਦੇ ਘਟ ਗਏ ਸੀ ਤਾਂ ਡੈਡੀ ਸਾਨੂੰ ਲੈ ਆਇਆ।' ਕਾਫ਼ ਦੇ ਜਵਾਬ 'ਤੇ ਸਾਡੇ ਵਾਲੇ ਲਾਣੇ ਨੇ ਬੇਸ਼ਰਮ ਜਿਹਾ ਹੱਸਦਿਆਂ ਨੀਵੀਆਂ ਪਾ ਲਈਆਂ ਤੇ ਸਾਹਮਣੇ ਵਾਲੇ ਤਾਂ ਕਿੰਨੀ ਹੀ ਦੇਰ ਹੱਸਣੋਂ ਨਾ ਰੁਕ ਸਕੇ।

ਕਿਤੇ ਵੀ, ਕਿਸੇ ਵੀ ਆਂਢ-ਗੁਆਂਢ ਜਾਂ ਰਿਸ਼ਤੇਦਾਰੀ ਵਿਚ ਕੋਈ ਗ਼ਮੀ ਹੋ ਜਾਵੇ ਤਾਂ ਭੂਆ ਸਾਲ ਦਾ ਭੁੰਗਲਮਾਟਾ ਮਾਰੀ ਸਭ ਤੋਂ ਪਹਿਲਾਂ ਪਹੁੰਚ ਜਾਵੇਗੀ। ਸਾਲ ਦੇ ਭੁੰਗਲਮਾਟੇ ਵਿਚ ਉਸ ਦੀ ਸਿਰਫ਼ ਇੱਕ ਅੱਖ ਇੰਝ ਨੰਗੀ ਹੁੰਦੀ ਹੈ ਜਿਵੇਂ ਨਾਮੀ ਡਾਕੂ ਕਿਤੇ ਡਾਕਾ ਮਾਰਨ ਚੱਲਿਆ ਹੋਵੇ।

ਭੂਆ ਦੇ ਦਿਲ-ਦਰਵਾਜ਼ੇ ਸਾਡੇ ਲਈ ਹੀ ਨਹੀਂ, ਹਰ ਇੱਕ ਆਉਣ-ਜਾਣ ਵਾਲੇ ਲਈ ਹਮੇਸ਼ਾ ਖੁੱਲ੍ਹੇ ਰਹਿੰਦੇ ਹਨ। ਜੇ ਕੋਈ ਸਾਡੀ ਜਾਣ-ਪਛਾਣ ਵਾਲਾ ਭੂਆ ਕੋਲ ਚਲਾ ਜਾਵੇ ਤਾਂ ਭੂਆ ਨੂੰ ਉਸ ਵਿਚੋਂ ਵੀ ਅਸੀਂ ਦਿਸਣ ਲਗਦੇ ਹਾਂ। ਭੂਆ ਉਸ ਦੀ ਵੀ ਖਵਾ-ਪਿਆ ਕੇ ਏਨੀ ਸੇਵਾ ਕਰਦੀ ਹੈ ਕਿ ਬੰਦੇ ਨੂੰ ਦੋ ਦਿਨ ਭੁੱਖ ਨਹੀਂ ਲਗਦੀ ਹੋਣੀ।

ਭੂਆ ਅਨਪੜ੍ਹ ਹੈ ਫਿਰ ਵੀ ਉਹ ਅਖ਼ਬਾਰ ਪੜ੍ਹਨ ਵਾਲੇ ਬੰਦੇ ਜਿੰਨੀ ਜਾਣਕਾਰੀ ਰੱਖਦੀ ਹੈ। ਕਿਸੇ ਦੀ ਪੈਨਸ਼ਨ ਲਗਵਾਉਣੀ ਹੋਵੇ, ਕਿਸੇ ਦਾ, ਕਿਸੇ ਨਵੀਂ ਸਕੀਮ ਦਾ ਫ਼ਾਰਮ ਭਰਨਾ ਹੋਵੇ ਜਾਂ ਇਸ ਤਰ੍ਹਾਂ ਦਾ ਕੋਈ ਹੋਰ ਕੰਮ ਹੋਵੇ। ਭੂਆ ਕਿਸੇ ਨੂੰ ਨਰਾਜ਼ ਨਹੀਂ ਕਰਦੀ। ਉਹ ਆਉਣ ਵਾਲੇ ਨੂੰ ਇੱਕ ਮਿੰਟ ਰੁਕਣ ਲਈ ਕਹੇਗੀ ਤੇ ਅਗਲੇ ਪਲ ਹੀ ਚੁੰਨੀ ਚੁੱਕ ਕੇ ਉਸ ਦੀ ਮੱਦਦ ਲਈ ਝੱਟ ਮਾਨਸਾ ਵਾਲੀ ਬੱਸ ਚੜ੍ਹ ਜਾਵੇਗੀ। ਅਜਿਹੇ ਸੇਵਾ ਦੇ ਕੰਮ ਵਿਚ ਉਹ ਕਦੇ ਵੀ ਬੱਸ ਨਹੀਂ ਲੰਘਣ ਦਿੰਦੀ।

ਉਸਦੀਆਂ ਗੱਲਾਂ, ਉਸਦੀਆਂ ਹਰਕਤਾਂ ਅਤੇ ਉਸ ਦੇ ਮੋਹ-ਮੁਹੱਬਤੀ ਸੁਭਾ ਕਰਕੇ ਮੈਨੂੰ ਹਮੇਸ਼ਾ ਉਸ ਵਿਚੋਂ ਪੁਰਾਣਾ ਪੰਜਾਬ ਨਜ਼ਰ ਆਉਣ ਲਗਦਾ ਹੈ, ਤੁਰਦਾ ਫਿਰਦਾ, ਗੁਰਾਂ ਦੇ ਨਾਂ 'ਤੇ ਜਿਉਂਦਾ ਪੰਜਾਬ।

# ਜਨਮ-ਮਿਤੀਆਂ ਦੀ ਭਸੂੜੀ

(ਵਿਅੰਗ)

ਹੋਰਨਾਂ ਵਾਂਗ ਜਨਮੇਂ ਤਾਂ ਅਸੀਂ ਵੀ ਇੱਕ ਵਾਰ ਹੀ ਹਾਂ ਪਰ ਸਾਡੀਆਂ ਜਨਮ-ਮਿਤੀਆਂ ਦੋ ਹਨ! ਪਰ ਅਸੀਂ ਜਨਮ ਦਿਨ ਮਨਾਇਆ ਕਿਸੇ ਦਿਨ ਵੀ ਨਹੀਂ ਕਿਉਂਕਿ ਸਾਡੇ ਸਮਿਆਂ 'ਚ 'ਹੈਪੀ ਬਰਥ ਡੇ' ਦਾ ਰਿਵਾਜ ਹੀ ਨਹੀਂ ਸੀ!

ਇੱਕ ਜਨਮ ਮਿਤੀ ਅਸਲੀ ਹੈ ਜੋ ਅਸਲੀ ਸਮਝੀ ਨਹੀਂ ਜਾਂਦੀ ਕਿਉਂਕਿ ਉਸ ਦਾ ਕੋਈ ਲਿਖਤੀ ਸਬੂਤ ਨਹੀਂ। ਦੂਸਰੀ ਨਕਲੀ ਹੈ ਪਰ ਅਸਲੀ ਸਮਝੀ ਜਾਂਦੀ ਹੈ ਕਿਉਂਕਿ ਉਸ ਦਾ ਸਨਦੀ ਸਬੂਤ ਹੈ। ਜੋ ਅਸਲੀ ਹੈ ਉਹ ਸੁੱਖ ਨਾਲ 15 ਮਈ 1951 ਹੈ ਅਤੇ ਜੋ ਨਕਲੀ ਹੈ ਉਹ ਹੋਰ ਵੀ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਸੁੱਖ ਨਾਲ 5 ਜਨਵਰੀ 1950 ਹੈ।

ਅਸੀਂ ਇਹ ਜਨਮ-ਤਿਥੀਆਂ ਤਪਾਕ ਨਾਲ ਇਸ ਲਈ ਦੱਸ ਦਿਤੀਆਂ ਹਨ ਕਿ ਹੁਣ ਅਸੀਂ ਉਮਰ ਦੇ ਉਸ ਪੜਾਅ ਤੋਂ ਪਾਰ ਚਲੇ ਗਏ ਹਾਂ ਜਦੋਂ ਜਨਮ ਦਿਨ ਦੀ ਤਰੀਕ ਦੱਸਣ ਵੇਲੇ 8-10 ਸਾਲ ਘਟਾ ਕੇ ਦਸੀਦਾ ਸੀ ਤਾਂ ਕਿ ਹੋਣ ਵਾਲਾ ਸੰਭਾਵੀ ਰਿਸ਼ਤਾ ਜਵਾਨੀ ਵੇਲੇ ਦੀ ਉਮਰੇ ਆਏ ਬੁਢਾਪੇ ਕਾਰਨ ਹੱਥੋਂ ਨਾ ਜਾਂਦਾ ਲੱਗੇ। ਐਸ ਵੇਲੇ ਵਾਲੀ ਉਮਰ ਵਿੱਚ ਤਾਂ 8-10 ਸਾਲ ਵਧਾ ਕੇ ਦੱਸਣ 'ਚ ਫ਼ਖ਼ਰ ਮਹਿਸੂਸ ਹੁੰਦੈ ਕਿ ਅਸੀਂ ਬੁੱਢੇ-ਠੇਰੇ ਹੁੰਦੇ ਹੋਏ ਵੀ ਜਵਾਨ-ਜਹਾਨ ਲਗਦੇ ਹਾਂ, ਜਾਣੀ 'ਉਮਰ ਢਲ ਗਈ ਲੇਕਿਨ ਖ਼ਲਿਸ਼ ਦਰਦ-ਏ-ਮੁਹਬਤ ਕੀ,/ਯਹਾਂ ਮਾਲੂਮ ਹੋਤੀ ਥੀ ਵਹੀਂ ਮਾਲੂਮ ਹੋਤੀ ਹੈ"।

ਜਨਮ ਤਰੀਕਾਂ ਦਾ ਇਹ ਸਾਰਾ ਭੰਬਲਭੂਸਾ ਭਲਾ ਪਿਆ ਕਿਵੇਂ?

ਗੱਲ ਅਸਲੀ ਮਿਤੀ ਤੋਂ ਸ਼ੁਰੂ ਕਰਦੇ ਹਾਂ ਜੋ ਵੈਸੇ ਅਸਲੀ ਵਜੋਂ ਪ੍ਰਵਾਨਿਤ ਨਹੀਂ। ਅਸਲ 'ਚ ਜਦ ਸਾਡੀ ਇਸ ਧਰਤੀ ਉੱਪਰ ਆਮਦ ਹੋਈ ਉਦੋਂ ਪੇਂਡੂ ਕਿਸਾਨੀ ਪਰਿਵਾਰਾਂ ਵਿਚ ਕੋਈ ਬਹੁਤਾ ਪੜ੍ਹਨ-ਲਿਖਣ ਦੀ 'ਮਰਜ਼' ਨਹੀਂ ਸੀ ਅਤੇ ਨਾ ਹੀ ਬਹੁਤੇ ਵਿਤੀ ਸਾਧਨ ਸਨ। ਸਾਡੇ ਪਿਤਾ ਜੀ, ਜਿਨ੍ਹਾਂ ਨੂੰ ਅਸੀਂ 'ਭਾਪਾ' ਸੱਦਦੇ ਸਾਂ ਅਤੇ ਜੋ ਸਾਡੇ ਪਿੰਡ ਗੰਢਵਾਂ ਦੇ ਬਾਨੀ ਸਰਪੰਚ ਸਨ, ਨੇ ਸਾਨੂੰ ਤੰਗਦਸਤੀ ਦੇ ਬਾਵਜੂਦ 'ਦਸਵੀਂ' ਤਕ ਪੜ੍ਹਾਉਣ ਦਾ ਮਨ ਬਣਾ ਲਿਆ। ਉਨ੍ਹਾਂ ਦਿਨਾਂ ਵਿਚ ਪਿੰਡਾਂ-ਥਾਵਾਂ 'ਚ ਮੈਟਰਿਕ ਹੀ ਸਭ ਤੋਂ 'ਉਚੇਰੀ' ਪੜ੍ਹਾਈ ਹੁੰਦੀ ਸੀ।

ਅਸੀਂ ਉਦੋਂ ਸਾਢੇ ਚਾਰ ਸਾਲ ਦੇ ਸਾਂ ਜਦ ਸਾਨੂੰ ਪ੍ਰਾਇਮਰੀ ਸਕੂਲ 'ਚ ਭਰਤੀ ਕਰਵਾ ਦਿਤਾ ਗਿਆ ਪਰ ਉਮਰ 6 ਸਾਲ ਲਿਖਵਾ ਦਿਤੀ ਗਈ। ਇਸ ਦਾ ਕਾਰਨ ਕਿ ਪਿਤਾ ਜੀ ਨੂੰ ਸਕੂਲ ਜਾਂਦਿਆਂ ਰਾਹ 'ਚ ਪਿੰਡ ਦਾ ਇੱਕ ਦਸਵੀਂ ਪਾਸ ਮੁੰਡਾ ਮਿਲ ਪਿਆ। ਉਸ ਨੇ ਸਤਿਕਾਰ ਵਜੋਂ 'ਸਰਪੰਚ ਸਾਹਿਬ' ਨੂੰ ਸਾਹਿਬ-ਸਲਾਮ ਕੀਤੀ। ਪਿਤਾ ਜੀ ਨੇ ਜਦ ਉਸ ਨੂੰ ਪੁੱਛਿਆ ਕਿ ਉਹ ਕੋਈ ਨੌਕਰੀ ਲੱਗਾ ਕਿ ਨਹੀਂ ਤਾਂ ਉਸ ਨੇ ਅੱਗੋਂ




ਦਸਿਆ ਕਿ ਅਜੇ ਉਸ ਦੀ ਉਮਰ 18 ਸਾਲ ਦੀ ਨਹੀਂ ਸੀ ਹੋਈ। ਪਿਤਾ ਜੀ ਦਾ ਹਿਸਾਬ ਬਹੁਤ ਵਧੀਆ ਸੀ ਤੇ ਉਨ੍ਹਾਂ ਝੱਟ-ਪਟ ਗਿਣਤੀ-ਮਿਣਤੀ ਕਰ ਲਈ ਕਿ ਦਸਵੀਂ ਕਰਨ ਸਮੇਂ ਤਕ ਅਸੀਂ 18 ਸਾਲ ਦੇ ਹੋ ਜਾਵਾਂਗੇ ਅਤੇ ਸਾਨੂੰ ਫਗਵਾੜਾ ਸ਼ਹਿਰ ਦੀ ਖੰਡ ਮਿੱਲ ਦੀ ਸਹਿਕਾਰੀ ਸਭਾ 'ਚ ਗੰਨੇ ਦੀਆਂ ਪਰਚੀਆਂ ਵੰਡਣ ਦੀ ਨੌਕਰੀ 'ਤੇ ਲਗਵਾ ਦਿਤਾ ਜਾਵੇਗਾ। ਸੋ, ਸਾਢੇ ਚਾਰ ਸਾਲ ਦੀ ਬਜਾਏ ਛੇ ਸਾਲ ਉਮਰ ਲਿਖਵਾ ਦਿਤੀ। ਪਰ ਅਸੀਂ ਪੜ੍ਹਨ ਨੂੰ ਹੁਸ਼ਿਆਰ ਨਿਕਲੇ ਅਤੇ ਅੰਗਰੇਜ਼ੀ ਦੀ ਐਮ.ਏ. ਕਰਕੇ ਕਾਲਜ 'ਚ ਪ੍ਰੋਫੈਸਰ ਲੱਗ ਗਏ। ਪਰ ਉਮਰ ਵੱਧ ਲਿਖਾਏ ਜਾਣ ਕਾਰਨ ਅਸੀਂ ਕਰੀਬ ਡੇਢ ਸਾਲ ਪਹਿਲਾਂ ਸੇਵਾ-ਮੁਕਤ ਹੋ ਗਏ, ਜਿਸ ਦਾ ਸਾਨੂੰ ਆਰਥਿਕ ਨੁਕਸਾਨ ਝੱਲਣਾ ਪਿਆ। ਇਸ ਦਾ ਪਛਤਾਵਾ ਮੇਰੇ ਪਿਤਾ ਜੀ ਨੂੰ ਮਰਨ ਤਕ ਰਿਹਾ ਕਿ ਉਨ੍ਹਾਂ ਮੇਰਾ ਚੰਗਾ ਸੋਚਦਿਆਂ ਮਾੜਾ ਕਰਤਾ ਸੀ।

ਤੁਸੀਂ ਪੁੱਛ ਸਕਦੇ ਹੋ ਕਿ ਹੁਣ ਭਲਾ ਜਨਮ-ਮਿਤੀ ਦਾ ਇਹ ਰੰਡੀ ਰੋਣਾ ਕਿਉਂ ਰੋ ਰਿਹਾਂ? ਇਹ ਮਿਤੀ ਠੀਕ ਨਹੀਂ ਸੀ ਕਰਵਾ ਸਕਦਾ? ਕਰਵਾ ਸਕਦਾ ਸੀ ਪਰ ਮੇਰੇ ਜਨਮ ਵੇਲੇ ਅਜੇ ਪਿੰਡ ਦੀ ਪੰਚਾਇਤ ਦੀ ਚੋਣ ਵੀ ਨਹੀਂ ਸੀ ਹੋਈ ਅਤੇ ਨਾ ਹੀ ਚੌਕੀਦਾਰਾ ਸਿਸਟਮ ਅਰੰਭ ਹੋਇਆ ਸੀ। ਸੋ, ਸਬੂਤ ਵਜੋਂ ਕੋਈ ਰਿਕਾਰਡ ਹੀ ਨਹੀਂ ਸੀ। ਕੋਰਟ-ਕਚਹਿਰੀਆਂ 'ਚ ਝੱਖ ਮਾਰਨ ਦਾ ਹੌਸਲਾ ਨਾ ਪਿਆ। ਉਂਝ ਵੀ ਜਿਨ੍ਹਾਂ ਨੇ ਕੋਰਟਾਂ 'ਚ ਹੀਲੇ-ਵਸੀਲੇ ਕੀਤੇ ਵੀ, ਉਨ੍ਹਾਂ ਦੇ ਪਿੜ-ਪੱਲੇ ਵੀ ਕੁਝ ਨਾ ਪਿਆ।

ਹੁਣ ਕਰਦੇ ਹਾਂ ਅਸਲ ਜਨਮ ਮਿਤੀ ਦੀ ਗੱਲ ਜੋ ਅਸਲ ਮੰਨੀ ਨਹੀਂ ਜਾਂਦੀ। ਸਾਡੀ ਮਾਂ, ਜਿਸ ਨੂੰ ਅਸੀਂ 'ਬੀਬੀ' ਸੱਦਦੇ ਸਾਂ, ਮੁਤਾਬਕ ਅਸੀਂ ਦੋ ਜੇਠ ਨੂੰ ਇਸ ਧਰਤੀ ਨੂੰ 'ਭਾਗ' ਲਾਏ! ਅਸੀਂ ਹਾਂ ਵੀ ਜੇਠੇ ਅਤੇ ਜਨਮੇਂ ਵੀ ਜੇਠ ਮਹੀਨੇ। ਦੋ ਜੇਠ ਮੱਧ-ਮਈ ਨੂੰ ਆਉਂਦੈ। ਮਾਂ ਦੇ ਅੰਦਾਜ਼ੇ ਮੁਤਾਬਕ ਉਦੋਂ ਇਸ ਦੇਸੀ ਮਹੀਨੇ ਦੀ ਅੰਗਰੇਜ਼ੀ ਤਰੀਕ 15 ਮਈ ਸੀ।

ਜਦ ਅਸੀਂ ਮਜ਼ਾਕ ਮਜ਼ਾਕ ਵਿਚ ਮਾਂ ਨੂੰ ਪੁੱਛਦੇ ਕਿ ਬੀਬੀ ਜਦੋਂ ਮੈਂ ਜੰਮਿਆਂ ਸੀ ਉਦੋਂ ਕੀ ਟਾਈਮ ਸੀ ਤਾਂ ਬੀਬੀ ਕਹਿੰਦੀ ਕਿ ਉਦੋਂ ਕਿਹੜਾ ਘਰਾਂ 'ਚ ਕੋਈ ਘੜੀ ਹੁੰਦੀ ਸੀ ਜੋ ਸਮੇਂ ਦਾ ਪਤਾ ਲਗਦਾ। ਮੇਰੇ ਜਿਦ ਕਰਨ 'ਤੇ ਬੀਬੀ ਬਸ ਐਨਾਂ ਹੀ ਕਹਿੰਦੀ, 'ਉਦੋਂ ਮਿੱਲ ਦਾ ਘੁੱਗੂ ਬੋਲਿਆ ਸੀ'! ਮੇਰੇ ਇਹ ਪੁੱਛਣ 'ਤੇ ਕਿ ਘੁੱਗੂ ਬੋਲਣ ਵੇਲੇ ਦਿਨ ਸੀ ਕਿ ਰਾਤ, ਤਾਂ ਬੀਬੀ ਘੂਰਦਿਆਂ ਕਹਿੰਦੀ, 'ਬੇਸ਼ਰਮ ਨਾ ਹੋਵੇ ਤਾਂ! ਮਾਂ ਨੂੰ ਮਸ਼ਕਰੀਆਂ ਕਰਦੈ'! ਤੇ ਫਿਰ ਉਹ ਇੱਕ ਮਸ਼ਹੂਰ ਅਖਾਣ ਬੋਲਦੀ ਜੋ ਅਸੀਂ ਜਾਤੀ-ਸੂਚਕ ਹੋਣ ਕਾਰਨ ਇਥੇ ਲਿਖ ਨਹੀਂ ਰਹੇ।

ਮਾਸੂਮ ਮਾਂ ਦਾ ਮਾਸੂਮ ਜਵਾਬ ਸੁਣ ਕੇ ਮੈਨੂੰ ਅਕਸਰ ਪ੍ਰਸਿੱਧ ਪੰਜਾਬੀ ਗਾਇਕਾ ਰੇਸ਼ਮਾਂ ਦੀ ਇੱਕ ਗੱਲ ਯਾਦ ਆ ਜਾਂਦੀ ਹੈ। ਜਦੋਂ ਇੱਕ ਟੀਵੀ ਮੁਲਾਕਾਤ ਵਿਚ ਉਸ ਨੂੰ ਉਸ ਦੇ ਬੇਟੇ ਦੇ ਜਨਮ ਦੇ ਸਮੇਂ ਬਾਰੇ ਪੁੱਛਿਆ ਗਿਆ ਤਾਂ ਰੇਸ਼ਮਾਂ ਨੇ ਬੜਾ ਭੋਲਾ ਜਿਹਾ ਜਵਾਬ ਦਿਤਾ, 'ਉਦੋਂ ਖਰਬੂਜੇ ਲੱਗੇ ਸਨ'।

ਮਾਨਸਿਕ ਸਿਹਤ:

# ਬਾਲ-ਸ਼ੋਸ਼ਣ ਅਤੇ ਮਾਪਿਆਂ ਦਾ ਅਵੇਸਲਾਪਣ

ਅੱਜ-ਕੱਲ੍ਹ ਸਮਾਜ-ਵਿਗਿਆਨਕ ਲਿਖਤਾਂ ਵਿਚ, 'ਚਾਈਲਡ ਅਬਿਊਜ਼' ਬਾਰੇ ਕਾਫੀ ਕੁਝ ਲਿਖਿਆ ਅਤੇ ਬੋਲਿਆ ਜਾ ਰਿਹਾ ਹੈ, ਪਰ ਅਜੋਕੀਆਂ ਆਰਥਿਕ ਸ਼ੋਸ਼ਣ ਬਾਰੇ, ਹੁੰਦੀਆਂ ਬਹਿਸਾਂ ਵਿਚ; ਚਾਈਲਡ ਅਬਿਊਜ਼/ਬਾਲ-ਸ਼ੋਸ਼ਣ ਦਾ ਮਸਲਾ ਗੁਆਚ ਜਾਂਦਾ ਹੈ। ਵਿਸ਼ਵ-ਸਿਹਤ ਸੰਸਥਾ ਅਨੁਸਾਰ, ਬੇਕਦਰੀ, ਆਰਥਿਕ, ਜਿਨਸੀ ਅਤੇ ਭਾਵੁਕ ਸ਼ੋਸ਼ਣ, ਦੁਰਵਿਵਹਾਰ ਦੀਆਂ ਉਹ ਵੰਨਗੀਆਂ ਹਨ, ਜੋ ਬੱਚੇ ਦੀ ਮਾਨਸਿਕ-ਸਿਹਤ, ਉਸ ਦੇ ਭਵਿੱਖੀ-ਵਿਕਾਸ ਅਤੇ ਸਵੈ-ਮਾਣ 'ਤੇ ਡੂੰਘਾ ਅਸਰ ਪਾਉਂਦੀਆਂ ਹਨ। ਕੁਝ ਸਮਾਜ ਵਿਗਿਆਨੀਆਂ ਦਾ ਮੰਨਣਾ ਹੈ ਕਿ ਬਾਲ-

**ਅਵਤਾਰ ਗੋਂਦਾਰਾ**

ਸ਼ੋਸ਼ਣ ਦਾ ਸ਼ਿਕਾਰ ਬੱਚੇ- ਹਿੰਸਕ, ਨਸ਼ੇਈ, ਬਦਲਾਖੋਰ ਸ਼ਹਿਰੀ ਜਾਂ ਨੇਤਾ ਬਣਦੇ ਹਨ, ਜੋ ਖੁਦ ਲਈ ਹੀ ਨਹੀਂ, ਪਰਿਵਾਰ ਅਤੇ ਸਮਾਜ ਲਈ ਵੀ ਸਮੱਸਿਆ ਬਣ ਜਾਂਦੇ ਹਨ। ਸਾਡੇ ਵਿਦਿਅਕ ਅਦਾਰਿਆਂ ਵਿਚ, ਇਹ ਸਿਲੇਬਸ ਦਾ ਹਿੱਸਾ ਨਹੀਂ, ਨਾ ਹੀ ਉਥੇ ਇਸ ਮਸਲੇ ਬਾਰੇ ਕਾਉਂਸਲਰ ਦੀ ਕੋਈ ਅਸਾਮੀ ਹੁੰਦੀ ਹੈ।

**ਬਾਲ-ਸ਼ੋਸ਼ਣ:**

ਮੇਓ ਕਲੀਨਿਕ ਦੇ ਹਵਾਲੇ ਨਾਲ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨਾਲ ਜਾਣ-ਬੁਝ ਕੇ ਕੀਤਾ ਗਿਆ ਦੁਰ-ਵਿਵਹਾਰ ਜਾਂ ਹਿੰਸਾ, ਬਾਲ-ਸ਼ੋਸ਼ਣ ਦੇ ਘੇਰੇ ਵਿਚ ਆਉਂਦਾ ਹੈ। ਕੁਝ ਰੜਕਵੇਂ ਵਰਤਾਰੇ ਇਹ ਹਨ:

- ਜਿਸਮਾਨੀ ਸ਼ੋਸ਼ਣ- ਕੁੱਟਣਾ-ਮਾਰਨਾ, ਬੱਚੇ ਦੇ ਅੰਦਰ ਬਾਹਰ ਜਾਣ 'ਤੇ ਤਰਹੀਣ ਰੋਕਾਂ, ਘਰ ਵਿਚ ਨਜ਼ਰਬੰਦੀ ਆਦਿ।
- ਜਿਨਸੀ ਸ਼ੋਸ਼ਣ- ਬੱਚਿਆਂ ਦੀ ਵੇਸਵਾਗਮਨੀ, ਸੈਕਸ-ਤਸਕਰੀ, ਜਾਣ ਬੁਝ ਕੇ ਸਰੀਰ ਜਾਂ ਜਣਨ-ਅੰਗਾਂ ਨੂੰ ਛੂਹਣਾ।
- ਜਜ਼ਬਾਤੀ ਸ਼ੋਸ਼ਣ: ਬੱਚੇ ਨੂੰ ਲੋੜੀਂਦਾ ਧਿਆਨ ਨਾ ਦੇਣਾ, ਉਸ ਨੂੰ ਛੁਟਿਆਉਣਾ, ਵਿਚਾਰਾਂ ਦੀ ਆਜ਼ਾਦੀ ਵਿਚ ਦਖਲ ਦੇਣਾ, ਜਿਵੇਂ ਕਿਸੇ ਧਰਮ ਨੂੰ ਮੰਨਣ ਜਾਂ ਮੰਨਣ ਬਾਰੇ ਮਜਬੂਰ ਕਰਨਾ।
- ਅਣਗਹਿਲੀ: ਬੱਚੇ ਨੂੰ ਪੌਸ਼ਟਿਕ ਖੁਰਾਕ, ਚੰਗੀਆਂ ਰਹਿਣ ਹਾਲਤਾਂ, ਵਿਦਿਆ, ਖੇਡਾਂ ਤੋਂ ਮਹਿਰੂਮ ਰੱਖਣਾ।

**ਪ੍ਰਭਾਵਿਤ ਵਿਅਕਤੀ:**

ਬਾਲ-ਸ਼ੋਸ਼ਣ ਦੀਆਂ ਘਟਨਾਵਾਂ ਜਨਤਕ ਹੋ ਰਹੀਆਂ ਹਨ, ਜਿੰਨਾਂ ਨੂੰ ਪਹਿਲਾਂ ਲੁਕਾਇਆ ਜਾਂਦਾ ਸੀ। ਸ਼ੋਸ਼ਲ ਵਰਕਰ, ਪਲਵੀ ਬਰਨਵਾਲ ਦਾ ਕਹਿਣਾ ਹੈ ਕਿ ਗਿਆਰਾਂ ਸਾਲ ਦੀ ਉਮਰ 'ਚ ਉਸ ਦਾ ਜਿਨਸੀ ਸ਼ੋਸ਼ਣ ਹੋਇਆ। ਉਹਨੂੰ ਇਹ ਪਤਾ ਹੀ ਨਹੀਂ ਸੀ, ਕਿ ਕਿਸ ਨੂੰ ਦੱਸੇ। ਇਹੀ ਕੁਝ ਸਿਤਾਰ ਵਾਦਕ, ਅਨੁਸ਼ਕਾ ਸ਼ੰਕਰ ਨਾਲ ਵਾਪਰਿਆ, ਜਦੋਂ ਕਿ ਸ਼ੋਸ਼ਕ ਪਰਿਵਾਰਕ ਮਿੱਤਰ ਸੀ। ਉਸ ਨੇ ਪ੍ਰਭਾਵਿਤ ਬੱਚਿਆਂ ਦੀ ਮੱਦਦ ਲਈ 'ਗਲੋਬਲ ਵੋਮੈਨ ਰਾਈਟਸ', ਮੁਹਿੰਮ ਸ਼ੁਰੂ ਕੀਤੀ ਹੈ, ਤਾਂ ਜੋ ਪ੍ਰਭਾਵਿਤ ਬੱਚਿਆਂ ਦੀ ਸਹਾਰਾ ਬਣਿਆ ਜਾ ਸਕੇ। ਫਿਲਮੀ ਹਸਤੀਆਂ 'ਚੋਂ ਅਕਸ਼ੇ ਕੁਮਾਰ, ਡਾਇਰੈਕਟਰ ਅਨੁਰਾਗ ਕਸ਼ਅਪ, ਅਭਿਨੇਤਰੀ ਕਲਕੀ ਨੇ ਬਾਲ ਵਰੇਸ 'ਚ ਹੋਏ ਜਿਨਸੀ ਸ਼ੋਸ਼ਣ ਦੀ ਗੱਲ ਕਹੀ ਹੈ। ਕਥਕ ਨਰਤਕੀ ਪ੍ਰਤਿਮਾ ਬੇਦੀ ਦਾ ਨਬਾਲਗ ਵਰੇਸ ਵਿਚ ਜਿਨਸੀ ਸ਼ੋਸ਼ਣ ਕਰਨ ਵਾਲਾ, ਉਸ ਦਾ ਸਕਾ ਕਜ਼ਨ ਸੀ। ਅਮਰੀਕਾ ਦੀ ਟੀ.ਵੀ. ਐਂਕਰ ਓਪਰਾ ਵਿਨਫਰੇ ਤੋਂ ਲੈ ਕੇ ਗਾਇਕਾ ਲੇਡੀ ਗਾਗਾ ਤੱਕ ਦਰਜਨਾਂ ਹੀ ਅਹਿਮ ਸ਼ਖਸੀਅਤਾਂ ਨੇ ਆਪਣੇ ਨਾਲ ਵਾਪਰੇ ਕਾਲੇ ਸੱਚ ਨੂੰ ਲੋਕਾਂ ਨਾਲ ਸਾਂਝਿਆਂ ਕੀਤਾ ਹੈ। ਅਮੀਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਵੀ ਆਪਣੀ ਗਾਥਾ ਵਿਚ ਪਰਿਵਾਰ ਵਿਚ ਵਿਆਪਕ ਬਾਲ-ਸ਼ੋਸ਼ਣ ਦੇ ਵਰਤਾਰੇ ਦਾ ਜ਼ਿਕਰ ਕੀਤਾ ਹੈ। ਸਾਰਿਆਂ ਦਾ ਜ਼ੋਰ ਇਸ ਗੱਲ 'ਤੇ ਹੈ ਕਿ ਇਸ ਮੁੱਦੇ ਬਾਰੇ ਘੇਸਲ ਨਹੀਂ ਮਾਰਨੀ ਚਾਹੀਦੀ, ਮਾਪਿਆਂ ਨੂੰ ਇਸ ਨਾਲ ਨਜਿੱਠਣ ਦੇ ਢੰਗ ਤਰੀਕੇ ਲੱਭਣੇ ਚਾਹੀਦੇ ਹਨ। ਕਿਉਂਕਿ ਇਹ ਸਦਮਾ, ਸ਼ੋਸ਼ਿਤ ਧਿਰ ਦੇ ਮਨ ਵਿਚ ਮਾਨਸਿਕ ਗੰਢ ਬਣ ਜਾਂਦਾ ਹੈ, ਸਾਰੀ ਉਮਰ ਖਹਿੜਾ ਨਹੀਂ ਛੱਡਦਾ ਅਤੇ ਜੀਵਨ ਵਿਚਲੀ ਸਹਿਜਤਾ ਨੂੰ ਕੰਡਮ ਕਰ ਦਿੰਦਾ ਹੈ। ਸ਼ੋਸ਼ਣ ਦਾ ਸ਼ਿਕਾਰ ਹੋਏ ਬੱਚਿਆਂ ਵਿਚ, ਵੱਡੇ ਹੋ ਕੇ ਖੁਦ ਸ਼ੋਸ਼ਕ ਬਣ ਜਾਣ ਦੀਆਂ ਕਾਫੀ ਸੰਭਾਵਨਾਵਾਂ ਹੁੰਦੀਆਂ ਹਨ।

**ਸ਼ੋਸ਼ਣ ਦੇ ਅਸਰ:**

ਜੋ ਵੀ ਬੱਚਾ, ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ, ਉਹ ਅੰਤਰਮੁਖੀ ਅਤੇ ਦੁਨੀਆਵੀ ਮੇਲ-ਜੋਲ ਤੋਂ ਟਲਣ ਲੱਗਦਾ ਹੈ। ਉਸ ਦਾ ਸਵੈ-ਭਰੋਸਾ ਨਹੀਂ ਰਹਿੰਦਾ। ਉਹ ਤਣਾਓ ਜਾਂ ਘੋਰ-ਉਦਾਸੀ ਦਾ ਸ਼ਿਕਾਰ ਹੋ ਸਕਦਾ ਹੈ, ਜੋ ਕਈ ਵਾਰ ਆਤਮ-ਹੱਤਿਆ ਤੱਕ ਜਾ ਸਕਦਾ ਹੈ। ਉਹ ਆਪਣੇ ਅਕਾਦਮਿਕ ਮਿਆਰਾਂ 'ਤੇ ਪੂਰਾ ਨਹੀਂ ਉਤਰਦਾ ਅਤੇ ਧਰਵਾਸ ਲਈ ਨਸ਼ਿਆਂ ਦਾ ਸ਼ਿਕਾਰ ਹੋ ਸਕਦਾ ਹੈ। ਇਸ ਮਾਨਸਿਕ ਅੜਿੱਕੇ ਕਰਕੇ ਉਸ ਦੀ ਸਖਸ਼ੀਅਤ 'ਚ ਨਿਖਾਰ ਨਹੀਂ ਆਉਂਦਾ। ਬਹੁਸੰਮਤੀ ਕੇਸਾਂ ਵਿਚ ਦੋਸ਼ੀ ਪਰਿਵਾਰਕ ਮਿੱਤਰ, ਨੇੜਲਾ ਰਿਸ਼ਤੇਦਾਰ, ਘਰੇਲੂ ਨੌਕਰ, ਟਿਊਟਰ ਜਾਂ ਕੋਚ ਹੁੰਦਾ ਹੈ।

**ਕਾਰਨ:**

ਬਾਲ-ਸ਼ੋਸ਼ਣ, ਵੱਧ-ਘੱਟ ਗਿਣਤੀ ਨਾਲ, ਅਮੀਰ-ਗਰੀਬ ਹਰ ਪਰਿਵਾਰ 'ਚ ਹੋ ਸਕਦਾ ਹੈ। ਇਹ ਹਰ ਥਾਂ ਵਿਆਪਕ ਹੈ। ਸਮਾਜ-ਵਿਗਿਆਨੀਆਂ ਨੇ, ਬਾਲ-ਸ਼ੋਸ਼ਣ ਦੇ ਮੋਟੇ ਤੌਰ ਤੇ ਨਿਮਨਲਿਖਤ ਕਾਰਨ ਗਿਣਵਾਏ ਹਨ:

- ਪਰਿਵਾਰਕ: ਤਿੜਕੇ ਹੋਏ ਪਰਿਵਾਰ, ਜਿੱਥੇ ਪਤੀ-ਪਤਨੀ ਲਗਾਤਾਰ ਐਲ. ਓ. ਸੀ. ਤੇ ਖੜੇ ਦਿਖਾਈ ਦਿੰਦੇ ਹਨ, ਉਨ੍ਹਾਂ ਕੋਲ ਵਿਹਲ ਤਾਂ ਹੁੰਦੀ ਹੈ, ਪਰ ਨਿੱਜੀ ਬਖੇੜਿਆਂ 'ਚ ਫਸੇ ਹੋਣ ਕਰਕੇ, ਉਹ ਬੱਚਿਆਂ ਦੇ ਮਨਾਂ ਵਿਚ ਝਾਕਦੇ ਹੀ ਨਹੀਂ, ਕਿ ਉਹ ਕੀ ਸੋਚਦੇ ਹਨ, ਕਿਸ ਨਾਲ ਬਹਿਣ-ਉਠਣ ਹੈ, ਕੀ ਕੀ ਸਮੱਸਿਆਵਾਂ ਝੇਲਦੇ ਹਨ। ਘਰ ਵਿਚ ਕਿਹੜਾ ਜੀਅ, ਰਿਸ਼ਤੇਦਾਰ, ਨੌਕਰ, ਟਿਊਟਰ ਉਨ੍ਹਾਂ ਨਾਲ ਕੀ ਸਲੂਕ ਕਰਦਾ ਹੈ, ਉਨ੍ਹਾਂ ਨੂੰ ਪਤਾ ਨਹੀਂ ਹੁੰਦਾ।
- ਗਰੀਬੀ: ਬੇਰੁਜ਼ਗਾਰੀ ਅਤੇ ਗਰੀਬੀ ਨਾਲ ਜੂਝ ਰਹੇ ਪਰਿਵਾਰਾਂ ਕੋਲ ਸੋਮੇ ਅਤੇ ਸੱਤਾ ਨਹੀਂ ਹੁੰਦੀ, ਨਾ ਹੀ ਉਨ੍ਹਾਂ ਦਾ ਆਪਣੀ ਜ਼ਿੰਦਗੀ ਉੱਤੇ ਅਧਿਕਾਰ ਹੁੰਦਾ ਹੈ, ਨਾ ਹੀ ਬੱਚਿਆਂ ਦੀ ਜ਼ਿੰਦਗੀ ਉਤੇ। ਉਹ ਆਪਣੇ ਹੱਥੀਂ ਹਰ ਤਰ੍ਹਾਂ ਦੇ ਸ਼ੋਸ਼ਣ ਲਈ ਬੱਚਿਆਂ ਨੂੰ ਹਾਲਾਤ ਦੇ ਹਵਾਲੇ ਕਰ ਦਿੰਦੇ ਹਨ।
- ਸੱਤਾ: ਬੱਚੇ ਦਾ ਆਪਣੀ ਜ਼ਿੰਦਗੀ ਉਤੇ ਕੋਈ ਇਖਤਿਆਰ ਨਹੀਂ। ਉਹ ਹਰ ਪੜਾਅ 'ਤੇ ਕਿਸੇ ਨਾ ਕਿਸੇ ਦੇ ਸਹਾਰਾ ਲੱਭਦਾ ਹੈ। ਬਚਪਨ ਵਿਚ ਮਾਪਿਆਂ ਦਾ, ਖਿਡਾਵੀਆਂ,




ਨੌਕਰਾਂ, ਸਕੂਲ ਵਿਚ ਅਧਿਆਪਕਾਂ, ਮੈਦਾਨ ਵਿਚ ਕੋਚਾਂ ਅਤੇ ਹੋਰ ਰਿਸ਼ਤੇਦਾਰਾਂ ਦਾ। ਇਸ ਲਈ, ਹਰ ਪੜਾਅ 'ਤੇ ਹਰ ਧਿਰ ਵਿਚ, ਬੱਚੇ ਦੀਆਂ ਕਮਜ਼ੋਰੀਆਂ ਦਾ ਨਜ਼ਾਇਜ ਫਾਇਦਾ ਉਠਾਉਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਜੋ ਢੁਕਵੇਂ ਸਮੇਂ ਹਕੀਕਤ ਵਿਚ ਬਦਲ ਸਕਦੀਆਂ ਹਨ।

- ਅਪਾਹਜਪੁਣਾ: ਸਰੀਰਕ ਜਾਂ ਮਾਨਸਿਕ ਕਮਜ਼ੋਰੀ, ਕਿਸੇ ਵੀ ਬੱਚੇ ਨੂੰ ਜਿਨਸੀ-ਸ਼ੋਸ਼ਣ ਦਾ ਸੌਖਿਆਂ ਸ਼ਿਕਾਰ ਬਣਾ ਦਿੰਦੀ ਹੈ। ਮਿਸਾਲ ਦੇ ਤੌਰ 'ਤੇ, ਕੋਈ ਗੂੰਗੀ ਬੱਚੀ ਆਪਣੇ ਦੁੱਖਾਂ ਨੂੰ ਕਿਵੇਂ ਦੱਸੂ? ਸਿਧਰੇ ਬੱਚੇ ਨੂੰ ਤਾਂ ਇਹ ਵੀ ਪਤਾ ਨਹੀਂ ਹੁੰਦਾ ਕਿ ਉਸ ਨਾਲ ਹੋ ਰਿਹਾ ਦੁਰਵਿਵਹਾਰ, ਜਿਨਸੀ-ਸ਼ੋਸ਼ਣ ਹੈ।

ਹੱਲ: ਦੁਨੀਆਂ ਦੇ 19% ਬੱਚੇ ਭਾਰਤ ਵਿਚ ਰਹਿੰਦੇ ਹਨ, ਜਿਨ੍ਹਾਂ 'ਚੋਂ 18 ਤੋਂ ਘੱਟ ਉਮਰ ਵਾਲਿਆਂ ਦੀ ਗਿਣਤੀ 50 ਕਰੋੜ ਦੇ ਕਰੀਬ ਬਣਦੀ ਹੈ। ਇਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਪਤਾ ਇੱਥੋਂ ਲਗਦਾ ਹੈ ਕਿ ਭਾਰਤ ਵਿਚ, ਬੱਚਿਆਂ ਨਾਲ ਅਪਰਾਧਾਂ ਨੂੰ ਨਜਿੱਠਣ ਲਈ ਅੰਦਾਜ਼ਨ 250 ਦੇ ਕਰੀਬ ਕਾਨੂੰਨ ਹਨ। ਕਾਨੂੰਨੀ ਚਾਰਾਜੋਈ ਕਰਨ ਤੋਂ ਪਹਿਲਾਂ ਹੀ ਕਾਫੀ ਕੁਝ ਵਾਪਰ ਗਿਆ ਹੁੰਦਾ ਹੈ। ਸ਼ੋਸ਼ਣ ਦੀਆਂ ਘਟਨਾਵਾਂ ਵਾਪਰਨ ਤੋਂ ਪਹਿਲਾਂ ਕੁਝ ਪੇਸ਼ਬੰਦੀਆਂ ਕੀਤੀਆਂ ਜਾ ਸਕਦੀਆਂ ਹਨ। ਜਿਵੇਂ:

- ਪਰਿਵਾਰ ਵੱਲੋਂ ਬੱਚਿਆਂ ਨੂੰ ਜਿਨਸੀ-ਸ਼ੋਸ਼ਣ ਬਾਰੇ ਜਾਗਰੂਕ ਕਰਨਾ, ਉਨ੍ਹਾਂ ਨਾਲ ਸਮੇਂ-ਸਮੇਂ ਇਸ ਬਾਰੇ ਗੱਲ ਕਰਨੀ। ਉਦਾਹਰਣ ਵਜੋਂ ਪਲਵੀ ਬਰਨਵਾਲ ਸ਼ੋਸ਼ਣ ਦੀ ਸ਼ੁਰੂਆਤ ਬਾਰੇ ਦਸਦੀ ਹੈ ਕਿ ਕਿਵੇਂ ਸੰਭਾਵੀ ਸ਼ੋਸ਼ਕ, ਕੁਰਸੀ ਦੇਣ ਲੱਗਿਆ, ਚੀਜ਼ ਫੜਾਉਣ ਵੇਲੇ, ਮੱਦਦ ਕਰਨ ਦੇ ਬਹਾਨੇ ਜਿਨਸੀ ਸੰਪਰਕ ਦੀ ਕੋਸ਼ਿਸ਼ ਕਰਦਾ ਹੈ। ਜਦੋਂਕਿ ਮੱਦਦ ਦੀ ਬਜਾਏ ਮਨਸ਼ਾ ਉਸ ਦਾ ਹੋਰ ਹੁੰਦਾ ਹੈ।
- ਖੁੱਲ੍ਹ ਅਤੇ ਅਨੁਸ਼ਾਸਨ ਵਿਚ ਸਮਤੋਲ ਰੱਖਣਾ। ਬੇਲੋੜੀਆਂ ਅਤੇ ਤਰਕਹੀਣ ਬੰਦਸ਼ਾਂ ਵੀ ਸ਼ੋਸ਼ਣ ਦਾ ਰੂਪ ਹਨ, ਪਰ ਨਾਲ ਹੀ ਖੁੱਲ੍ਹ ਦੀ ਦੁਰਵਰਤੋਂ ਵੀ ਬਣੀ ਰਹਿੰਦੀ ਹੈ। ਬੱਚਿਆਂ, ਖਾਸ ਕਰਕੇ ਕੁੜੀਆਂ ਨੂੰ ਖੁੱਲ੍ਹ ਦੀ ਕੁਵਰਤੋਂ ਕਾਫੀ ਮਹਿੰਗੀ ਪੈਂਦੀ ਹੈ। ਸੰਵਿਧਾਨਕ ਬਰਾਬਰੀ ਹੋਣ ਦੇ ਬਾਵਜੂਦ, ਸਮਾਜਿਕ ਹਾਲਤਾਂ ਹਾਲੇ ਏਨੀਆਂ ਸਾਜਗਾਰ ਨਹੀਂ, ਕਿ ਕੁੜੀਆਂ ਮਿਲੀ ਖੁੱਲ੍ਹ ਨੂੰ ਪੂਰੀ ਤਰ੍ਹਾਂ ਮਾਣ ਸਕਣ। ਇਸ ਲਈ ਉਨ੍ਹਾਂ ਦੇ ਮੇਲ-ਜੋਲ ਦਾ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਮਿਲੀ ਖੁੱਲ੍ਹ ਕਰਕੇ, ਮੁੰਡਿਆਂ ਦੇ ਸੰਵਰਨ ਨਾਲੋਂ, ਵਿਗੜਨ ਦੀਆਂ ਸੰਭਾਵਨਾਵਾਂ ਜ਼ਿਆਦਾ ਹਨ। ਉਨ੍ਹਾਂ ਦੇ ਚਿਹਨ-ਚੱਕਰ, ਦੋਸਤਾਂ ਦੀ ਚੋਣ ਬਾਰੇ ਅਵੇਸਲੇ ਨਹੀਂ ਹੋਣਾ ਚਾਹੀਦਾ, ਇਸ ਦੀ ਨਜ਼ਰਸਾਨੀ ਕਰਦੇ ਰਹਿਣ ਚਾਹੀਦਾ ਹੈ ਕਿ ਉਹ ਕੀ ਕਰਦੇ ਹਨ, ਸ਼ੌਕ ਕੀ ਨੇ, ਉਹ ਕਿਹੋ ਜਿਹੇ ਦੋਸਤਾਂ ਨਾਲ ਫਿਰਦੇ ਹਨ, ਵਗੈਰਾ ਵਗੈਰਾ।
- ਬੱਚੇ ਵਲੋਂ ਆਪਣੇ ਨਾਲ ਹੋਏ ਦੁਰ-ਵਿਵਹਾਰ ਦੀ ਜੇ ਸ਼ਿਕਾਇਤ ਹੁੰਦੀ ਹੈ ਤਾਂ ਉਸ ਨੂੰ ਦਬਾਉਣ ਦੀ ਬਜਾਏ, ਫੌਰੀ ਤੌਰ ਤੇ ਸੰਬੋਧਿਤ ਹੋਣਾ। ਦੋਸ਼ੀ ਖਿਲਾਫ ਕਾਨੂੰਨੀ ਜਾਂ ਭਾਈਚਾਰਕ ਕਾਰਵਾਈ ਕਰਨ ਵਿਚ ਢਿੱਲ ਨਹੀਂ ਵਰਤਣੀ ਚਾਹੀਦੀ। ਕਈ ਵਾਰ ਦੋਸ਼ੀ ਦੇ ਨੇੜਲੇ ਰਿਸ਼ਤੇਦਾਰ ਹੋਣ ਕਰਕੇ, ਗੱਲ ਨੂੰ ਆਊਂ-ਗਾਊਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਛੇਕੜ ਨੂੰ ਬੱਚੇ ਲਈ ਮਾਰੂ ਸਿੱਧ ਹੁੰਦੀ ਹੈ।
- ਸਰਕਾਰ ਕੋਲੋਂ, ਵਿਦਿਅਕ ਅਦਾਰਿਆਂ ਵਿਚ ਕੁਆਲੀਫਾਈਡ ਸਲਾਹਕਾਰ ਦੀਆਂ ਅਸਾਮੀਆਂ ਦੀ ਮੰਗ ਕਰਨੀ, ਜਿਨ੍ਹਾਂ ਕੋਲ ਬੱਚੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰ ਸਕਦੇ ਹਨ।

******

ਸ਼ਹਾਇਤਾ ਲਈ ਸੰਪਰਕ:

1. ਬਚਪਨ ਬਚਾਓ ਅੰਦੋਲਨ- 011-49211111,
2. Child Helpline, India Foundation Helpline 1098
3. ਮਾਨਸਿਕ ਸਿਹਤ ਸਹਾਇਤਾ ਕੇਂਦਰ, ਤਰਕਸ਼ੀਲ ਸੁਸਾਇਟੀ, ਪੰਜਾਬ

# ਮਾਘੀ ਮੇਲਾ, ਸਿਆਸੀ ਕਾਨਫ਼ਰੰਸਾਂ ਅਤੇ ਸਿੱਖ ਰਾਜਨੀਤੀ ਦੀ ਦਿਸ਼ਾ

ਮਾਘੀ ਦਾ ਮੇਲਾ ਸਿੱਖ ਇਤਿਹਾਸ ਵਿਚ ਕੇਵਲ ਧਾਰਮਿਕ ਮਹੱਤਤਾ ਹੀ ਨਹੀਂ ਰੱਖਦਾ, ਸਗੋਂ ਇਹ ਪੰਥਕ ਅਤੇ ਸਿਆਸੀ ਚੇਤਨਾ ਦਾ ਪ੍ਰਮੁੱਖ ਕੇਂਦਰ ਵੀ ਰਿਹਾ ਹੈ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ, ਜਿੱਥੇ ਚਾਲੀ ਮੁਕਤਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਸ਼ਹਾਦਤ ਦਿੱਤੀ, ਸਦਾ ਤੋਂ ਹੀ ਸਿੱਖਾਂ ਦੀ ਹੋਂਦ, ਉਮੀਦਾਂ ਅਤੇ ਸੰਘਰਸ਼ਾਂ ਦੀ ਆਵਾਜ਼ ਬਣਦੀ ਆਈ ਹੈ।

ਇਸ ਸਾਲ ਮਾਘੀ ਮੇਲੇ ਮੌਕੇ ਹੋਈਆਂ ਵੱਖ-ਵੱਖ ਸਿਆਸੀ ਕਾਨਫਰੰਸਾਂ ਵਿਚ, ਸੱਤਾਧਾਰੀ ਆਮ ਆਦਮੀ ਪਾਰਟੀ, ਬਾਦਲ ਦਲ, ਭਾਜਪਾ ਅਤੇ ਵਾਰਿਸ ਪੰਜਾਬ ਅਕਾਲੀ ਦਲ ਵੱਲੋਂ ਪੰਜਾਬ ਦੀ ਸੱਤਾ, ਸੂਬੇਦਾਰੀ ਅਤੇ ਪ੍ਰਸ਼ਾਸਨਿਕ ਹਕੂਮਤ ਹਾਸਲ ਕਰਨ ਦੇ ਦਾਅਵੇ ਕੀਤੇ ਗਏ। ਹਰ ਪਾਰਟੀ ਨੇ ਆਪੋ-ਆਪਣੇ ਤਰੀਕੇ ਨਾਲ ਵਿਕਾਸ, ਸੁਰਾਜ ਅਤੇ ਲੋਕ-ਹਿੱਤ ਦੀ ਗੱਲ ਕੀਤੀ। ਪਰ ਇਨ੍ਹਾਂ ਸਾਰੀਆਂ ਦਾਅਵੇਦਾਰੀਆਂ ਦੇ ਵਿਚਕਾਰ ਇੱਕ ਆਵਾਜ਼ ਐਸੀ ਵੀ ਸੀ, ਜੋ ਸੱਤਾ ਦੀ ਨਹੀਂ ਸਗੋਂ ਕੌਮੀ ਹੋਂਦ ਦੀ ਗੱਲ ਕਰਦੀ ਰਹੀ—ਇਹ ਆਵਾਜ਼ ਸੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਇਸ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ।

**ਸੱਤਾ ਦੀ ਰਾਜਨੀਤੀ ਬਨਾਮ ਕੌਮੀ ਰਾਜਨੀਤੀ**

ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੀ ਮੁੱਖਧਾਰਾ ਸਿਆਸਤ ਸੂਬਾਈ ਸੱਤਾ ਦੇ ਆਲੇ-ਦੁਆਲੇ ਘੁੰਮਦੀ ਆ ਰਹੀ ਹੈ। ਕੌਣ ਮੁੱਖ ਮੰਤਰੀ ਬਣੇਗਾ, ਕੌਣ ਸਰਕਾਰ ਚਲਾਏਗਾ, ਕੌਣ ਕੇਂਦਰ ਨਾਲ ਵਧੀਆ ਤਾਲਮੇਲ ਬਣਾਏਗਾ—ਇਹ ਸਾਰੇ ਮੁੱਦੇ ਚੋਣ ਮੰਚਾਂ ਉੱਤੇ ਹਾਵੀ ਰਹੇ ਹਨ। ਪਰ ਸਿੱਖ ਕੌਮ ਦੇ ਸਾਹਮਣੇ ਸਵਾਲ ਸਿਰਫ਼ ਪ੍ਰਸ਼ਾਸਨਿਕ ਨਹੀਂ, ਸਗੋਂ ਕੌਮੀ ਪਛਾਣ ਦੇ ਵੀ ਹਨ—ਧਾਰਮਿਕ ਆਜ਼ਾਦੀ, ਰਾਜਨੀਤਕ ਹੱਕ, ਪਾਣੀ-ਜ਼ਮੀਨ ਦੇ ਮਸਲੇ, ਕੇਂਦਰੀ ਦਖਲਅੰਦਾਜ਼ੀ ਅਤੇ 1984 ਤੋਂ ਬਾਅਦ ਨਾ ਮਿਲਿਆ ਇਨਸਾਫ਼ ਅਤੇ ਸਿੱਖਾਂ ਦੀ ਲਗਾਤਾਰ ਕੀਤੀ ਜਾ ਰਹੀ ਨਸਲਕੁਸ਼ੀ।

ਇਸ ਪਿਛੋਕੜ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਦਾ ਮੁੱਖਧਾਰਾ ਤੋਂ ਵੱਖਰੀ ਲਕੀਰ ਖਿੱਚੀ ਹੈ। ਪਾਰਟੀ ਨੇ ਕਦੇ ਵੀ ਸਿਰਫ਼ ਸੱਤਾ ਦੀ ਲਾਲਸਾ ਨੂੰ ਆਪਣਾ ਉਦੇਸ਼ ਨਹੀਂ ਬਣਾਇਆ, ਸਗੋਂ ਸਿੱਖ ਕੌਮ ਦੇ ਲੰਬੇ ਸਮੇਂ ਦੇ ਹਿੱਤਾਂ, ਹੱਕਾਂ ਅਤੇ ਆਜ਼ਾਦੀ ਦੇ ਪ੍ਰਸ਼ਨਾਂ ਨੂੰ ਕੇਂਦਰਿਤ ਕੀਤਾ ਹੈ।

**ਸਿਮਰਨਜੀਤ ਸਿੰਘ ਮਾਨ: ਇੱਕ ਅਡਿੱਗ ਪੰਥਕ ਆਵਾਜ਼**

ਸਿਮਰਨਜੀਤ ਸਿੰਘ ਮਾਨ ਪਿਛਲੇ ਚਾਲੀ ਸਾਲਾਂ ਤੋਂ ਵੱਧ ਸਮੇਂ ਤੋਂ ਸਿੱਖ ਕੌਮ ਦੇ ਰਾਜਨੀਤਕ ਅਧਿਕਾਰਾਂ ਦੀ ਗੱਲ ਕਰਦੇ ਆ ਰਹੇ ਹਨ। ਉਨ੍ਹਾਂ ਦੀ ਸਿਆਸਤ ਸਹਿਮਤੀ ਜਾਂ ਸਮਝੌਤਿਆਂ ਉੱਤੇ ਨਹੀਂ, ਸਗੋਂ ਅਸੂਲਾਂ ਉੱਤੇ ਟਿਕੀ ਰਹੀ ਹੈ। ਚਾਹੇ ਉਹ ਸੰਸਦ ਵਿਚ ਉਨ੍ਹਾਂ ਦੀ ਹਾਜ਼ਰੀ ਹੋਵੇ ਜਾਂ ਜਨਤਕ ਮੰਚਾਂ ਤੋਂ ਕੀਤੇ ਗਏ ਬਿਆਨ—ਮਾਨ ਨੇ ਹਮੇਸ਼ਾਂ ਸਿੱਖਾਂ ਲਈ ਇੱਕ ਵੱਖਰੀ, ਖ਼ੁਦਮੁਖ਼ਤਿਆਰ ਸਿਆਸੀ ਪਹਿਚਾਣ ਦੀ ਵਕਾਲਤ ਕੀਤੀ ਹੈ। ਪਿਛਲੇ ਸਾਲ ਪਾਕਿਸਤਾਨ ਨਾਲ ਹੋਏ ਖੜਕੇ-ਦੜਕੇ ਵਿਚ ਨਿਊਕਲੀਅਰ ਜੰਗ ਦੀ ਚਿੰਤਾ ਵਿਚ ਸਿਮਰਨਜੀਤ ਸਿੰਘ ਮਾਨ ਵਲੋਂ ਵੱਖੋ ਵੱਖ ਅਦਾਰਿਆਂ ਨਾਲ ਕੀਤਾ ਰਾਬਤਾ ਇੱਕ ਪੜ੍ਹੇ ਲਿਖੇ ਸਿਆਸਤਦਾਨ ਤੇ ਇਕ ਸੱਚੇ ਸਿੱਖ ਦੀ ਪਛਾਣ ਦੱਸਦਾ ਹੈ। ਇਸ ਤਰ੍ਹਾਂ ਦਾ ਪੱਤਰ ਵਿਹਾਰ ਦੇ ਪੱਧਰ ਦੀ ਦੂਰ ਅੰਦੇਸ਼ੀ ਦੀ ਸੋਚ ਵਾਲਾ ਪੰਜਾਬ ਹੀ ਨਹੀਂ ਪੂਰੇ ਭਾਰਤ ਕੋਲ ਕੋਈ ਆਗੂ ਨਹੀਂ ਹੈ।

ਮਾਘੀ ਮੇਲੇ ਮੌਕੇ ਵੀ ਜਦੋਂ ਹੋਰ ਪਾਰਟੀਆਂ ਸੂਬੇ ਦੀ ਸੱਤਾ ਦੀ ਗੱਲ ਕਰ ਰਹੀਆਂ ਸਨ, ਤਦ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਖਾਲਿਸਤਾਨ ਦੀ ਪ੍ਰਾਪਤੀ ਦੀ ਗੱਲ ਮੁੜ ਦੁਹਰਾਈ ਗਈ। ਇਹ ਗੱਲ ਕਈਆਂ ਲਈ ਵਿਵਾਦਿਤ ਹੋ ਸਕਦੀ ਹੈ, ਪਰ ਇਹ ਨਕਾਰਿਆ ਨਹੀਂ ਜਾ ਸਕਦਾ ਕਿ ਇਹ ਉਦੇਸ਼ ਇੱਕ ਲੰਬੇ ਸੰਘਰਸ਼, ਕੁਰਬਾਨੀਆਂ ਅਤੇ ਇਤਿਹਾਸਕ ਤਜਰਬਿਆਂ ਤੋਂ ਜੰਮਿਆ ਹੋਇਆ ਹੈ।




**ਪੰਥਕ ਘਾਲਣਾ ਦਾ ਉਸਾਰੂ ਪੱਖ**

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਭ ਤੋਂ ਵੱਡੀ ਪੂੰਜੀ ਇਸ ਦੀ ਸਥਿਰਤਾ ਹੈ। ਜਿੱਥੇ ਹੋਰ ਪਾਰਟੀਆਂ ਸਮੇਂ ਦੇ ਨਾਲ ਆਪਣੇ ਉਦੇਸ਼, ਅਸੂਲ ਬਦਲਦੀਆਂ ਰਹੀਆਂ, ਉੱਥੇ ਮਾਨ ਦੀ ਅਗਵਾਈ ਹੇਠ ਇਹ ਪਾਰਟੀ ਆਪਣੇ ਅਸੂਲਾਂ 'ਤੇ ਕਾਇਮ ਰਹੀ। ਇਸ ਘਾਲਣਾ ਦਾ ਨਤੀਜਾ ਇਹ ਹੈ ਕਿ ਅੱਜ ਵੀ ਕੌਮੀ ਸੋਚ ਰੱਖਣ ਵਾਲੇ ਸਿੱਖਾਂ ਵਿਚ ਇਸ ਪਾਰਟੀ ਲਈ ਇੱਕ ਸਨਮਾਨ ਅਤੇ ਭਰੋਸਾ ਮੌਜੂਦ ਹੈ।

ਇਸ ਪੰਥਕ ਰਾਜਨੀਤੀ ਨੇ ਨਵੀਂ ਪੀੜ੍ਹੀ ਨੂੰ ਸਵਾਲ ਪੁੱਛਣ ਦੀ ਹਿੰਮਤ ਦਿੱਤੀ ਹੈ—ਕੀ ਸਿਰਫ਼ ਸੂਬਾਈ ਸੱਤਾ ਨਾਲ ਸਿੱਖਾਂ ਦੇ ਸਾਰੇ ਮੁੱਦੇ ਹੱਲ ਹੋ ਸਕਦੇ ਹਨ? ਕੀ ਕੇਂਦਰੀ ਢਾਂਚੇ ਵਿਚ ਰਹਿੰਦੇ ਹੋਏ ਪੂਰੀ ਧਾਰਮਿਕ ਅਤੇ ਰਾਜਨੀਤਕ ਆਜ਼ਾਦੀ ਸੰਭਵ ਹੈ? ਇਹ ਸਵਾਲ ਹੀ ਕਿਸੇ ਵੀ ਸਿਹਤਮੰਦ ਕੌਮੀ ਚਰਚਾ ਦੀ ਸ਼ੁਰੂਆਤ ਹੁੰਦੇ ਹਨ।

**ਨਤੀਜਾ**

ਮਾਘੀ ਮੇਲੇ ਦੀਆਂ ਸਿਆਸੀ ਕਾਨਫਰੰਸਾਂ ਨੇ ਇੱਕ ਵਾਰ ਫਿਰ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਰਾਜਨੀਤੀ ਵਿਚ ਦੋ ਧਾਰਾਵਾਂ ਇਕੱਠੇ ਚੱਲ ਰਹੀਆਂ ਹਨ—ਇੱਕ ਸੱਤਾ ਕੇਂਦਰਿਤ ਅਤੇ ਦੂਜੀ ਹੋਂਦ ਕੇਂਦਰਿਤ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿਮਰਨਜੀਤ ਸਿੰਘ ਮਾਨ ਇਸ ਦੂਜੀ ਧਾਰਾ ਦੇ ਪ੍ਰਮੁੱਖ ਪ੍ਰਤੀਨਿਧ ਹਨ।

ਭਾਵੇਂ ਉਨ੍ਹਾਂ ਦੀ ਸੋਚ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਵੱਖਰਾ ਮਸਲਾ ਹੈ, ਪਰ ਇਹ ਮੰਨਣਾ ਪਵੇਗਾ ਕਿ ਉਨ੍ਹਾਂ ਨੇ ਸਿੱਖ ਕੌਮ ਦੇ ਕੌਮੀ ਅਧਿਕਾਰਾਂ ਦੀ ਚਰਚਾ ਨੂੰ ਜਿਊਂਦਾ ਰੱਖਿਆ ਹੈ। ਇਹੀ ਪੰਥਕ ਘਾਲਣਾ ਦਾ ਸਭ ਤੋਂ ਵੱਡਾ ਉਸਾਰੂ ਪੱਖ ਹੈ— ਚੁੱਪ ਦੇ ਸਮੇਂ ਵਿਚ ਆਵਾਜ਼ ਬਣੇ ਰਹਿਣਾ ਅਤੇ ਭੀੜ ਦੇ ਵਿਰੁੱਧ ਵੀ ਆਪਣੇ ਅਸੂਲਾਂ ਉੱਤੇ ਡਟੇ ਰਹਿਣਾ।

**-ਪ੍ਰੋ. ਬਲਜਿੰਦਰ ਸਿੰਘ ਮੋਰਜੰਡ,**
**ਸੰਤ ਬਲਬੀਰ ਸਿੰਘ ਸ਼ਿਕਾਗੋ**
**ਤੇ ਮੱਖਣ ਸਿੰਘ ਕਲੇਰ**

# ਲੋਹੜੀ, ਲੋਕ ਨਾਇਕ, ਕਿੱਸੇ ਤੇ ਕਵੀਸ਼ਰ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਆਮ ਤੌਰ 'ਤੇ ਲੋਹੜੀ ਨੂੰ ਖੁਸ਼ੀਆਂ ਤੇ ਮੌਜ ਮੇਲੇ ਦਾ ਤਿਉਹਾਰ ਮੰਨਿਆ ਜਾਂਦਾ ਹੈ। ਮੇਰੇ ਬਚਪਨ ਵਿੱਚ ਇਸ ਸਮੇਂ ਲੋਕ ਨਾਇਕਾਂ ਦੇ ਕਾਰਨਾਮੇ ਗਾ ਕੇ ਸੁਣਾਉਣ ਵਾਲੇ ਕਵੀਸ਼ਰ ਵੱਡੇ ਪਿੰਡਾਂ ਤੇ ਕਸਬਿਆਂ ਦਾ ਮਨ ਮੋਂਹਦੇ ਸਨ। ਪਿੰਡਾਂ ਵਾਲੇ ਸਰੋਤੇ ਅਪਣੀਆਂ ਜੇਬਾਂ ਵਿਚ ਛੋਟੇ ਵੱਡੇ ਸਿੱਕੇ ਪਾ ਕੇ ਉਨ੍ਹਾਂ ਨੂੰ ਸੁਣਨ ਜਾਂਦੇ ਸਨ। ਮਾਪੇ ਆਪਣੇ ਬੱਚਿਆਂ ਨੂੰ ਦੁਆਨੀ, ਚੁਆਨੀ ਜਾਂ ਅਠਨੀ ਦੇ ਕੇ ਮੰਚ ਵੱਲ ਤੋਰ ਦਿੰਦੇ ਸਨ ਤੇ ਗਾਇਕ ਬਾਲਕ ਦਾ ਨਾਂ ਪੁੱਛੇ ਕੇ ਉਸਦਾ ਨਾਂ ਸਾਰੇ ਸਰੋਤਿਆਂ ਨੂੰ ਦਸਦੇ ਸਨ। ਮਾਪੇ ਵੀ ਖੁਸ਼, ਬਾਲਕ ਵੀ ਤੇ ਗਾਇਕ ਵੀ। ਇਹ ਉਹ ਦਿਨ ਸਨ ਜਦ ਰੇਡੀਓ, ਟੈਲੀਵਿਜ਼ਨ ਤੇ ਟੈਲੀਫੋਨ ਹਰ ਕਿਸੇ ਕੋਲ ਨਹੀਂ ਸੀ ਹੁੰਦਾ। ਇਸਦੀ ਆਮਦ ਹੋਈ ਤਾਂ ਜੋੜਨ ਵਾਲਿਆਂ ਨੇ ਹੇਠ ਲਿਖਿਆ ਟੱਪਾ ਵੀ ਜੋੜ ਲਿਆ:

ਜੱਗੇ ਜੱਟ ਨੇ ਸੰਦੂਕੜੀ ਲਿਆਂਦੀ
ਵਿਚ ਬੋਲੇ ਬੰਤੋ ਬਾਹਮਣੀ

ਕਵੀਸ਼ਰ ਲੋਕ ਆਪਣੇ ਨਾਇਕਾਂ ਨੂੰ ਵਡਿਆਉਣ ਲਈ ਢੱਡ ਸਾਰੰਗੀ ਦਾ ਪਰਯੋਗ ਕਰਦੇ। ਦੁੱਲਾ ਭੱਟੀ, ਜੱਗਾ ਡਾਕੂ, ਜੀਉਣਾ ਮੌੜ ਤੇ ਸੁੱਚਾ ਸਿੰਘ ਸੂਰਮਾ ਚੰਗੇ ਕੰਮ ਵੀ ਕਰਦੇ ਤੇ ਮਾੜੇ ਵੀ ਪਰ ਉਹ ਮਾੜੇ ਕੰਮਾਂ ਦੀ ਕਮਾਈ ਲੋੜਵੰਦਾਂ ਤੇ ਗਰੀਬਾਂ ਵਿੱਚ ਵੀ ਪਹੁੰਚਦੀ ਕਰਦੇ ਤੇ ਮਹਿਮਾ ਖੱਟਦੇ ਜਿਸਨੂੰ ਕਵੀਸ਼ਰ ਵਡਿਆਉਂਦੇ। ਸੁਣਨ ਵਾਲੇ ਉਨ੍ਹਾਂ ਦੇ ਮਾੜੇ ਕੰਮ ਭੁੱਲ ਜਾਂਦੇ ਤੇ ਚੰਗਿਆਂ ਨੂੰ ਚੇਤੇ ਕਰਕੇ ਖੁਸ਼ ਹੁੰਦੇ। ਗਾਉਣ ਵਾਲੇ ਵੀ ਉਨ੍ਹਾਂ ਦਾ ਅਜਿਹਾ ਗੁੱਛਾ ਬੰਨ੍ਹਦੇ ਕਿ ਜਾਨੀ ਚੋਰ ਵਰਗੇ ਵੀ ਪਿਆਰ ਦੇ ਪਾਤਰ ਬਣ ਜਾਂਦੇ।

ਦੁੱਲਾ ਭੱਟੀ ਇਨ੍ਹਾਂ ਦਾ ਸਿਰਤਾਜ ਸੀ। ਉਸਦੇ ਖਾਨਦਾਨ ਦੀ ਮੁਗਲ ਬਾਦਸ਼ਾਹ ਅਕਬਰ ਨਾਲ ਟੱਕਰ ਸੀ। ਉਹ ਸਮਝਦੇ ਸਨ ਕਿ ਜੇ ਬਾਹਰੋਂ ਆਇਆ ਅਕਬਰ ਉਨ੍ਹਾਂ ਦੇ ਦੇਸ਼ ਨਾਲ ਜ਼ਿਆਦਤੀ ਕਰ ਰਿਹਾ ਹੈ ਤਾਂ ਉਹ ਵੀ ਬਾਦਸ਼ਾਹ ਨੂੰ ਲਗਾਨ ਦੇਣ ਤੋਂ ਮੁਨਕਰ ਹੋ ਸਕਦੇ ਹਨ। ਉਨ੍ਹਾਂ ਦੀ ਨਜ਼ਰ ਵਿਚ ਲਗਾਨ ਭਰਨ ਵਾਲੇ ਕਿਸਾਨ ਕਾਇਰ ਸਨ ਜਿਹੜੇ ਆਪਣੇ ਹੱਥਾਂ ਦੀ ਕਮਾਈ ਨੂੰ ਖੱਚਰਾਂ ਉੱਤੇ ਲੱਦ ਕੇ ਬਾਦਸ਼ਾਹ ਕੋਲ ਪਹੁੰਚਦੀ ਕਰਦੇ ਸਨ। ਦੁੱਲੇ ਦਾ ਬਾਪ ਤੇ ਦਾਦਾ ਉਨ੍ਹਾਂ ਦੇ ਮੋਹਰੀ ਸਨ



ਜਿਹੜੇ ਉਸ ਸਮੇਂ ਰਾਵੀ ਤੇ ਚਨਾਬ ਵਿਚਲੇ ਇਲਾਕੇ ਦੇ ਮੁਹਤਬਰ ਮੰਨੇ ਜਾਂਦੇ ਸਨ। ਇਸ ਇਲਾਕੇ ਨੂੰ ਸਾਂਦਲਬਾਰ ਕਹਿੰਦੇ ਸਨ। ਦੁੱਲਾ ਹਾਲੀ ਆਪਣੀ ਮਾਂ ਦੇ ਪੇਟ ਵਿਚ ਹੀ ਸੀ ਕਿ ਅਕਬਰ ਨੇ ਉਸਦੇ ਬਾਪ ਤੇ ਦਾਦਾ ਦਾ ਸਿਰ ਕਲਮ ਕਰਵਾ ਕੇ ਉਨ੍ਹਾਂ ਦੀਆਂ ਧੜਾਂ ਵਿਚ ਫੂਸ ਭਰਕੇ ਸਰਕਾਰੀ ਕਿਲੇ ਉੱਤੇ ਟੰਗਵਾ ਦਿੱਤੀਆਂ ਜਿਥੋਂ ਦੀ ਆਮ ਲੋਕ ਲੰਘਦੇ ਸਨ। ਦੁੱਲੇ ਦੀ ਮਾਂ ਲੱਧੀ ਨੇ ਆਪਣੀ ਜਾਨ ਬੇੜੀ ਰਾਹੀਂ ਦਰਿਆ ਪਾਰ ਕਰਕੇ ਬਚਾਈ। ਦੁੱਲੇ ਦਾ ਜਨਮ ਚਾਰ ਮਹੀਨੇ ਪਿੱਛੋਂ ਦਾ ਸੀ।

ਨਿਸ਼ਚੇ ਹੀ ਕਵੀਆਂ ਤੇ ਕਵੀਸ਼ਰਾਂ ਦੀ ਨਜ਼ਰ ਵਿਚ ਦੁੱਲਾ ਭੱਟੀ ਦੀ ਪੇਸ਼ਕਾਰੀ ਲੋਕ ਮਨਾਂ ਨੂੰ ਵਧੇਰੇ ਪ੍ਰਭਾਵਤ ਕਰਦੀ ਸੀ। ਉਹ ਇਸ ਨੂੰ ਵਧੀਆ ਤੇ ਵੱਖਰੇ ਅੰਦਾਜ਼ ਵਿਚ ਗਾ ਕੇ ਪੇਸ਼ ਕਰਦੇ।

ਦੁੱਲੇ ਦੀਆਂ ਰਗਾਂ ਵਿਚ ਬਾਪ ਦਾਦੇ ਦਾ ਖ਼ੂਨ ਹੋਣ ਸਦਕਾ ਉਹ ਬਚਪਨ ਤੋਂ ਹੀ ਵੱਖਰਾ ਤੇ ਅਲਬੇਲਾ ਸੀ। ਉਸਦਾ ਸਭ ਤੋਂ ਪਹਿਲਾਂ ਹਥਿਆਰ ਗੁਲੇਲਾ ਸੀ ਤੇ ਉਸਨੇ ਖੂਹਾਂ ਤੋਂ ਪੀਣ ਵਾਲਾ ਪਾਣੀ ਲਿਜਾ ਰਹੀਆਂ ਮਹਿਲਾਵਾਂ ਦੇ ਘੜਿਆਂ ਨੂੰ ਆਪਣਾ ਨਿਸ਼ਾਨਾ ਬਣਾਇਆ। ਉਹ ਆਪਣੇ ਅਮਲ ਦਾ ਆਨੰਦ ਲੈ ਰਿਹਾ ਸੀ ਕਿ ਇੱਕ ਮਿਰਾਸਣ ਦੇ ਮਿਹਣੇ ਨੇ ਉਸਦੀ ਫੂਕ ਕੱਢ ਦਿੱਤੀ। ਕਿੱਸਾਕਾਰਾਂ ਦੇ ਕਥਨ ਅਨੁਸਾਰ ਉਸ ਮਿਰਾਸਣ ਨੇ ਦੁੱਲੇ ਨੂੰ ਵੰਗਾਰਿਆ ਕਿ ਉਹ ਗਰੀਬਾਂ ਦੇ ਘੜਿਆਂ ਨੂੰ ਫੂੰਡਣ ਦੀ ਥਾਂ ਮਹਿਲਾਂ ਵਲ ਮੂੰਹ ਕਰੇ ਜਿਨ੍ਹਾਂ ਨੇ ਉਸਦੇ ਬਾਪ ਦਾਦਾ ਦੀ ਹੱਤਿਆ ਕੀਤੀ ਸੀ ਤੇ ਉਸਨੂੰ ਵਿਧਵਾ ਮਾਂ ਨੇ ਲਾਡ ਲਡਾ ਕੇ ਪਾਲਿਆ ਸੀ।

ਜਦੋਂ ਦੁੱਲੇ ਦੇ ਮਨ ਵਿਚ ਅਕਬਰ ਦਾ ਇਹ ਅਮਲ ਪੂਰੀ ਤਰ੍ਹਾਂ ਘਰ ਕਰ ਗਿਆ ਤਾਂ ਉਸਨੇ ਆਪਣੇ ਸੰਗੀ ਸਾਥੀ ਤੇ ਮੱਦਾਹਾਂ ਨੂੰ ਨਾਲ ਲੈ ਕੇ ਮਹਿਲਾਂ ਵਲ ਕੂਚ ਕਰ ਦਿੱਤਾ। ਕਵੀਸ਼ਰਾਂ ਨੇ ਇਸ ਅਵਸਥਾ ਨੂੰ ਇੰਝ ਲਿਖਿਆ:

ਮੈਂ ਢਾਹਾਂ ਦਿੱਲੀ ਦੇ ਕਿੰਗਰੇ
ਤੇ ਕਰਾਂ ਲਾਹੌਰ ਤਬਾਹ

ਇਨ੍ਹਾਂ ਦਿਨਾਂ ਵਿਚ ਹੀ ਕੁਝ ਸ਼ਾਹੀ ਦਰਬਾਰੀਆਂ ਨੇ ਸੁੰਦਰੀ ਮੁੰਦਰੀ ਨਾਂ ਦੀਆਂ ਦੋ ਭੈਣਾਂ ਨੂੰ ਵਿਆਹ ਵਾਲੇ ਦਿਨ ਉਧਾਲਣ ਦਾ ਮਨ ਬਣਾ ਲਿਆ ਤਾਂ ਉਨ੍ਹਾਂ ਦੇ ਮਾਪਿਆਂ ਨੇ ਦੁੱਲੇ ਤੱਕ ਪਹੁੰਚ ਕੀਤੀ। ਦੁੱਲੇ ਦੀ ਟੋਲੀ ਨੇ ਉਨ੍ਹਾਂ ਦਾ ਫਟਾਫਟ ਵਿਆਹ ਕਰਕੇ ਉਨ੍ਹਾਂ ਨੂੰ ਸਹੁਰੇ ਘਰਾਂ ਵਿਚ ਪਹੁੰਚਾ ਦਿੱਤਾ। ਏਸ ਗੱਲ ਦੀ ਪਰਵਾਹ ਨਹੀਂ ਕੀਤੀ ਕਿ ਲੱਡੂ ਜਲੇਬੀਆਂ ਤਿਆਰ ਨਹੀਂ ਸਨ। ਉਨ੍ਹਾਂ ਦੀ ਝੋਲੀ ਵਿਚ ਸ਼ੱਕਰ ਪਾਈ ਤੇ ਤੋਰ ਦਿੱਤੀਆਂ। ਇਸ ਘਟਨਾ ਨੂੰ ਲੋਕ ਕਵੀਆਂ ਨੇ ਹੇਠ ਲਿਖੇ ਬੋਲ ਦਿੱਤੇ ਜਿਹੜੇ ਲੋਹੜੀ ਵਾਲੀ ਰਾਤ ਆਮ ਹੀ ਗਾਏ ਜਾਂਦੇ ਹਨ:

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਸਹਾਰਾ ਹੋ
ਦੁੱਲਾ ਭੱਟੀ ਵਾਲਾ ਹੋ
ਦੁੱਲੇ ਧੀ ਵਿਆਹੀ ਹੋ
ਪੱਲੇ ਸ਼ੱਕਰ ਪਾਈ ਹੋ

ਏਸ ਘਟਨਾ ਤੋਂ ਪਿਛੋਂ ਦੁੱਲਾ ਭੱਟੀ ਦੀ ਸਾਰੇ ਸਾਂਦਲਬਾਰ ਵਿਚ ਬੱਲੇ-ਬੱਲੇ ਹੋ ਗਈ। ਅਜਿਹੀ ਬੱਲੇ-ਬੱਲੇ ਕਿ ਉਸ ਇਲਾਕੇ ਦੇ ਵਸਨੀਕ ਅੱਜ ਵੀ ਭਗਤ ਸਿੰਘ ਸ਼ਹੀਦ ਦੀ ਉਪਮਾ ਦੁੱਲਾ ਭੱਟੀ ਦੀ ਕੁਰਬਾਨੀ ਨਾਲ ਕਰਦੇ ਹਨ।

ਦੁੱਲਾ ਭੱਟੀ ਨੂੰ ਸ਼ਾਹੀ ਫ਼ੌਜਾਂ ਵਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਪਹਿਲਾਂ ਬਹੁਤ ਕੁੱਝ ਬੀਤਿਆ ਪਰ ਗਾਇਕਾਂ ਤੇ ਕਵੀਸ਼ਰਾਂ ਵਲੋਂ ਉਭਾਰੀਆਂ ਗਈਆਂ ਗੱਲਾਂ ਵਿਚੋਂ ਜਿਹੜੀਆਂ ਦੋ ਮੈਨੂੰ ਅੱਜ ਵੀ ਚੇਤੇ ਹਨ ਉਨ੍ਹਾਂ ਵਿਚੋਂ ਪਹਿਲੀ ਤਾਂ ਇਹ ਕਿ ਬਾਦਸ਼ਾਹ ਨੇ ਦੁੱਲੇ ਨੂੰ ਗ੍ਰਿਫਤਾਰ ਕਰਨ ਦਾ ਕੰਮ ਮਿਰਜ਼ਾ ਨਿਜ਼ਾਮਦੀਨ ਨੂੰ ਸੌਂਪਿਆ ਸੀ। ਦੁੱਲੇ ਦੇ ਖੇਮੇ ਵਿਚ ਇਹ ਖਬਰ ਪਹੁੰਚੀ ਤਾਂ ਦੁੱਲੇ ਦੀ ਮਦਾਹ ਸੁੰਦਰੀ ਖ਼ੁਦ ਹੀ ਮਿਰਜ਼ੇ ਨੂੰ ਜਾ ਮਿਲੀ ਤੇ ਪੁਛਣ ਲੱਗੀ ਕਿ ਮਿਰਜ਼ੇ ਕੋਲ ਕਿਹੜਾ ਜਾਦੂ ਹੈ ਜਿਸ ਨਾਲ ਉਹ ਦੁੱਲੇ ਨੂੰ ਫੜ ਕੇ ਅਕਬਰ ਕੋਲ ਪੇਸ਼ ਕਰ ਸਕਦਾ ਹੈ। ਮਿਰਜ਼ੇ ਨੇ ਉਸ ਤੌਂਕ ਵੱਲ ਇਸ਼ਾਰਾ ਕੀਤਾ ਜਿਹੜਾ ਉਹਦੇ ਕੋਲ ਸੀ। ਸੁੰਦਰੀ ਨੇ ਤੱਕਿਆ ਕਿ ਇਸ ਤੌਂਕ ਵਿਚ ਹੱਥ ਪੈਰ ਤੇ ਗਰਦਨ ਫਸ ਜਾਣ ਤਾਂ ਬੰਦਾ ਬੇਬੱਸ ਹੋ ਸਕਦਾ ਹੈ। ਫੇਰ ਵੀ ਉਸਨੇ ਭੋਲੀ ਜਿਹੀ ਬਣ ਕੇ ਮਿਰਜ਼ੇ ਨੂੰ ਕਿਹਾ ਕਿ ਇਸ ਵਿਚ ਤਾਂ ਬੰਦੇ ਦਾ ਜਿਸਮ ਪੈਣਾ ਸੰਭਵ ਨਹੀਂ। ਏਥੇ ਕਿਸਾਕਾਰਾਂ ਦੇ ਬੋਲ ਸਭ ਕੁਝ ਦੱਸ ਦਿੰਦੇ ਹਨ:

ਮਿਰਜ਼ਾ ਦੱਸਦਾ ਸਿਰ ਤੇ ਪੈਰ ਪਾ ਕੇ
ਉੱਤੋਂ ਸੁੰਦਰੀ ਮਾਰਦੀ ਜੰਦ ਜਾਨੀ

ਸੁੰਦਰੀ ਨੇ ਮਿਰਜ਼ੇ ਨੂੰ ਤੌਂਕ-ਬੰਦ ਕੀਤੇ ਜਾਣ ਦੀ ਖ਼ਬਰ ਦੁੱਲੇ ਨੂੰ ਦਿੱਤੀ ਤਾਂ ਦੁੱਲਾ ਬੇਫਿਕਰ ਹੋ ਕੇ ਅੱਗੇ ਤੁਰ ਪਿਆ। ਏਥੇ ਲਿਖਣ ਵਾਲੇ ਦੁੱਲੇ ਦੇ ਰਾਹ ਵਿਚ ਹੋਣੀ ਨਾਂ ਦੀ ਉਸ ਮਹਿਲਾ ਲਿਆ ਖਲ੍ਹਾਰਦੇ ਹਨ ਜਿਸਦੇ ਸਾਹਮਣੇ ਕੰਡਿਆਂ ਦਾ ਟੋਕਰਾ ਹੈ। ਉਹ ਦੁੱਲੇ ਨੂੰ ਵਾਸਤਾ ਪਾਉਂਦੀ ਹੈ:

ਕੰਡਿਆਂ ਦਾ ਰੱਖਿਆ ਹੈ, ਮੈਂ ਭਰਾਈਕੇ
ਦੁੱਲਿਆ ਵੇ ਟੋਕਰਾ ਚੁਕਾਈਂ ਆਈਕੇ

ਜਦੋਂ ਦੁੱਲਾ ਭਟੀ ਕੰਡਿਆਂ ਦਾ ਟੋਕਰਾ ਚੁਕਾਉਣ ਵਿਚ ਸਫਲ ਨਹੀਂ ਹੁੰਦਾ ਤਾਂ ਉਸਨੂੰ ਚਾਹੀਦਾ ਸੀ ਕਿ ਅੱਗੇ ਵਧਣ ਦੀ ਥਾਂ ਪਿਛਾਂਹ ਪਰਤ ਜਾਂਦਾ। ਉਹ ਨਹੀਂ ਪਰਤਿਆ ਤਾਂ ਉਸ ਨਾਲ ਉਹੀਓ ਬੀਤੀ ਜੋ ਸ਼ਾਹੀ ਫ਼ੌਜਾਂ ਨਾਲ ਟੱਕਰ ਲਿਆਂ ਬੀਤਣੀ ਸੀ।

ਮੇਰੇ ਬਚਪਨ ਵਾਲੇ ਕਿੱਸਾਕਾਰਾਂ ਦੀ ਲਿਖਤ ਤੇ ਗਾਇਕਾਂ ਦੇ ਬੋਲਾਂ ਵਿਚ ਏਨਾ ਰਸ ਹੁੰਦਾ ਸੀ ਕਿ ਸਾਡੇ ਵਲੋਂ ਗਾਇਕਾਂ ਨੂੰ ਦਿੱਤੇ ਸਿੱਕੇ ਭੁੱਲ ਜਾਂਦੇ ਸਨ। ਅਜੋਕੇ ਮੋਬਾਈਲਾਂ, ਟੀਵੀਆਂ ਤੇ ਹੋਰ ਬਿਜਲਈ ਯੰਤਰਾਂ ਨੇ ਉਹ ਵਾਲੇ ਮਜ਼ੇ ਕਿਰਕਰੇ ਕਰ ਛੱਡੇ ਹਨ। ਕਰੀਏ ਤਾਂ ਕੀ ਕਰੀਏ!

ਬਸ ਏਨਾ ਹੀ ਕਹਿ ਸਕਦੇ ਹਾਂ ਕਿ ਦੁਆਬੇ ਦੀਆਂ ਛਿੰਝਾਂ ਤੇ ਮਾਲਵੇ ਦੇ ਮੇਲੇ ਤੇ ਕਵੀਸ਼ਰ ਸਾਡਾ ਸਰਮਾਇਆ ਹਨ ਤੇ ਇਹ ਸਰਮਾਇਆ ਅਲੋਪ ਨਹੀਂ ਹੋਣਾ!

**ਅੰਤਿਕਾ**

ਵਾਰਿਸ ਸ਼ਾਹ॥
ਬਾਝੋਂ ਦੁੱਖ ਦੇ ਸੁੱਖ ਨਸੀਬ ਨਾਹੀਂ,
ਲਗਨ ਬਾਝ ਖੁਆਰ ਸੰਸਾਰ ਨਾਹੀਂ।
ਬਾਝੋਂ ਹਿਜ਼ਰ ਦੇ ਜ਼ੌਕ ਤੇ ਸ਼ੌਕ ਨਾਹੀਂ,
ਬਾਝੋਂ ਵਸਲ ਦੇ ਮੌਜ ਬਹਾਰ ਨਾਹੀਂ।

# ਜਹਾਜ਼ 'ਚ ਫੈਲੀ ਬਦਬੋ ਦੀ ਗਾਥਾ



*ਗਿੰਨੀ ਸਾਗੂ*
*ਮੈਲਬੋਰਨ (ਆਸਟਰੇਲੀਆ)*

ਸੁਣਿਆ ਤਾਂ ਬਹੁਤ ਵਾਰੀ ਸੀ ਕਿ ਤਕਨੀਕੀ ਕਾਰਨਾਂ ਦੇ ਨਾਲ-ਨਾਲ ਕੁਝ ਅਜੀਬ ਕਾਰਨਾਂ ਨਾਲ ਵੀ ਜਹਾਜ਼ ਦੀਆਂ ਫਲਾਈਟਾਂ ਕੈਂਸਲ ਹੋ ਜਾਂਦੀਆਂ ਹਨ, ਪਰ ਅੱਖੀਂ ਦੇਖਣ ਵਾਲਾ ਤਜਰਬਾ ਪਹਿਲੀ ਵਾਰ ਹੋਇਆ, ਹੋਇਆ ਇਸ ਤਰ੍ਹਾਂ ਕਿ ਮੈਂ ਪੂਰੇ ਪਰਿਵਾਰ ਸਮੇਤ ਆਸਟਰੇਲੀਆ ਤੋਂ ਨਿਊਯਾਰਕ (ਅਮਰੀਕਾ) ਅਤੇ ਉਥੋਂ ਉਰਲੈਂਡੋ ਘੁੰਮਣ ਜਾਣਾ ਸੀ।

ਸਾਰੀਆਂ ਮੁੱਖ ਫਲਾਈਟਾਂ ਮੈਂ ਆਸਟਰੇਲੀਆ ਤੋਂ ਹੀ ਬੁੱਕ ਕਰਾ ਚੁੱਕਿਆ ਸੀ। ਨਿਊਯਾਰਕ ਤੋਂ ਉਰਲੈਂਡੋ ਦੀ ਫਲਾਈਟ ਮੈਂ 15 ਦਸੰਬਰ ਨੂੰ ਸਪਿਰਟ ਏਅਰਲਾਈਨਜ਼ ਦੀ ਫਸਟ ਕਲਾਸ ਦੀ ਬੁੱਕ ਕੀਤੀ ਸੀ, ਕਿਉਂਕਿ ਇਸ ਵਿਚ ਸੱਤ ਕਿਲੋ ਦੇ ਨਾਲ ਬਾਈ ਕਿੱਲੋ ਚੈਕ ਇਨ ਬੈਗ ਵੀ ਮਿਲ ਰਿਹਾ ਸੀ, ਨਾਲੇ ਮੈਨਹਟਨ 'ਚ ਮੁਕਤਸਰ ਵਾਲੇ ਦੋਸਤ ਡੈਂਟਿਸਟ ਕੰਵਰਜੀਤ ਬਰਾੜ ਦੇ ਅਪਾਰਟਮੈਂਟ ਤੋਂ ਨਿਊਯਾਰਕ ਦਾ ਲਿਬਰਟੀ ਏਅਰਪੋਰਟ ਕਰੀਬਨ ਇਕ ਘੰਟੇ ਦੀ ਦੂਰੀ 'ਤੇ ਸੀ। ਇਹ ਫਲਾਈਟ ਸਵੇਰੇ ਦਸ ਵਜੇ ਚੱਲ ਕੇ ਇਕ ਵਜੇ ਉਰਲੈਂਡੋ ਪਹੁੰਚ ਰਹੀ ਸੀ। ਫਲਾਈਟ ਬੁੱਕ ਕਰਾ ਕੇ ਮੈਂ ਬਰਾੜ ਨੂੰ ਫੋਨ ਕੀਤਾ ਕਿ ਮੈਂ ਸਪਿਰਟ 'ਚ ਟਿਕਟ ਬੁੱਕ ਕਰਾ ਦਿਤੀ ਹੈ। ਬਰਾੜ ਕਹਿੰਦਾ, ਗਿੰਨੀ ਯਾਰ ਇਹ ਤੂੰ ਪੁੱਠਾ ਪੰਗਾ ਲੈ ਲਿਆ। ਸਪਿਰਟ ਵਾਲਿਆਂ ਦਾ ਬੁਰਾ ਹਾਲ ਹੈ। ਕਈ ਵਾਰ ਇਨ੍ਹਾਂ ਦੀਆਂ ਫਲਾਈਟਾਂ ਕੈਂਸਲ ਹੋਈਆਂ ਹਨ। ਇਹ ਸੁਣ ਕੇ ਮੇਰਾ ਦਿਮਾਗ ਵੀ ਇਕ ਵਾਰ ਘੁੰਮ ਗਿਆ ਕਿ ਯਾਰ ਪੂਰਾ ਪਰਿਵਾਰ ਨਾਲ ਹੈ ਤੇ ਖੱਜਲ ਬਹੁਤ ਹੋਵਾਂਗੇ ਜੇ ਇੱਦਾਂ ਦਾ ਕੋਈ ਪੰਗਾ ਪੈ ਗਿਆ। ਜਿਸ ਗੱਲ ਦਾ ਡਰ ਸੀ, ਉਹੀ ਹੋਇਆ। ਛੇ ਅਕਤੂਬਰ ਨੂੰ ਮੈਂ ਟਿਕਟ ਬੁੱਕ ਕੀਤੀ ਸੀ ਤੇ ਦਸ ਅਕਤੂਬਰ ਨੂੰ ਮੈਨੂੰ ਸਵੇਰੇ ਈਮੇਲ ਆਈ ਪਈ ਕਿ ਕੁਝ ਕਾਰਨਾਂ ਕਰਕੇ ਦਸ ਵਜੇ ਵਾਲੀ ਫਲਾਈਟ ਕੈਂਸਲ ਹੋ ਗਈ ਹੈ, ਰਿਫੰਡ ਜਾਂ ਦੂਜੇ ਜਹਾਜ਼ 'ਚ ਟਿਕਟ ਟਰਾਂਸਫਰ ਕਰਨ ਲਈ ਹੁਣੇ ਹੀ ਸਪਿਰਟ ਨਾਲ ਸੰਪਰਕ ਕਰੋ। ਲਾਈਵ ਮੈਸਜ 'ਤੇ ਸੰਪਰਕ ਹੋਇਆ ਤਾਂ ਸਪਿਰਟ ਦੀ ਟੀਮ ਕਹਿੰਦੀ ਕਿ ਗਿਆਰਾਂ ਵਜੇ ਇਕ ਹੋਰ ਫਲਾਈਟ ਹੈ, ਜਿਹੜੀ ਦੋ ਵਜੇ ਉਰਲੈਂਡੋ ਪਹੁੰਚ ਰਹੀ ਹੈ। ਉਹ ਸਾਨੂੰ ਚਾਰਾਂ ਨੂੰ ਉਸ ਵਿਚ ਟਰਾਂਸਫਰ ਕਰ ਦੇਣਗੇ ਤੇ ਸਾਨੂੰ ਹੋਰ ਪੈਸੇ ਦੇਣ ਦੀ ਲੋੜ ਵੀ ਨਹੀਂ। ਸਵੇਰੇ ਦਾ ਸਮਾਂ ਸੀ, ਮੇਰਾ ਦਿਮਾਗ ਅੱਧਸੁਤਾ ਹੀ ਸੀ ਤੇ ਮੈਂ ਇਹ ਕਹਿ ਹੀ ਨਹੀਂ ਸਕਿਆ ਕਿ ਮੇਰੇ ਪੂਰੇ ਪੈਸੇ ਵਾਪਸ ਕਰੋ। ਇਸ ਦੀ ਬਜਾਏ ਮੈਂ ਗਿਆਰਾਂ ਵਾਲੀ ਟਿਕਟ ਫਾਈਨਲ ਕਰ ਲਈ। ਨਹਾ ਕੇ ਮੈਂ ਦੁਬਾਰਾ ਧਿਆਨ ਨਾਲ ਈਮੇਲ ਪੜ੍ਹੀ ਤਾਂ ਰਿਫੰਡ ਵਾਲੀ ਗੱਲ ਦਿਮਾਗ ਵਿਚ ਜਾ ਵੱਜੀ। ਮੈਂ ਦੁਬਾਰਾ ਸਪਿਰਟ ਨਾਲ ਰਾਬਤਾ ਕੀਤਾ, ਉਹ ਕਹਿੰਦੇ ਕਿ ਹੁਣ ਰਿਫੰਡ ਨਹੀਂ ਦੇ ਸਕਦੇ, ਇਕ ਸਾਲ ਦਾ ਕਰੈਡਿਟ ਦੇ ਸਕਦੇ ਹਨ ਪਰ ਆਸਟਰੇਲੀਆ ਵਿਚ ਰਹਿਣ ਕਾਰਨ ਕਰੈਡਿਟ ਮੇਰੇ ਲਈ ਸਹੀ ਨਹੀਂ ਸੀ, ਕਿਉਂਕਿ ਸਪਿਰਟ ਅਮਰੀਕਾ ਵਿਚ ਚੱਲਦੀ ਸੀ। ਆਪਾਂ ਫਿਰ ਇਸੇ ਜਹਾਜ਼ 'ਤੇ ਹੀ ਸਫਰ ਰਹਿਣ ਦਾ ਫੈਸਲਾ ਕੀਤਾ।

14 ਦਸੰਬਰ ਨੂੰ ਮੈਨੂੰ ਈ-ਮੇਲ ਆ ਗਈ ਕਿ ਕੱਲ੍ਹ ਨੂੰ ਜਾਣ ਵਾਲਾ ਜਹਾਜ਼ ਕੁਝ ਤਕਨੀਕੀ ਕਾਰਨਾਂ ਕਰਕੇ ਬਦਲ ਦਿੱਤਾ ਗਿਆ ਹੈ ਤੇ ਨਵਾਂ ਜਹਾਜ਼ ਕੁਝ ਹਫਤੇ ਪਹਿਲਾਂ ਖਰੀਦਿਆ ਹੋਣ ਕਰਕੇ ਅਸੀਂ ਇਸ ਵਿਚ ਵਾਈ-ਫਾਈ ਨਹੀਂ ਵਰਤ ਸਕਾਂਗੇ, ਕਿਉਂਕਿ ਇਸ ਵਿਚ ਵਾਈ ਫਾਈ ਸਿਸਟਮ ਅਜੇ ਤੱਕ ਨਹੀਂ ਲਗਾਇਆ ਗਿਆ ਸੀ। ਮੇਰਾ ਫਿਰ ਮੱਥਾ ਠਣਕਿਆ ਕਿ ਵਾਰ-ਵਾਰ ਗੜਬੜ ਕਿਉਂ ਹੋ ਰਹੀ ਹੈ। ਪਰ ਫਿਰ ਰੱਬ ਹੱਥ ਡੋਰ ਛੱਡ'ਤੀ ਕਿ ਦੇਖੀ ਜਾਊ।

ਪੰਦਰਾਂ ਦਸੰਬਰ ਨੂੰ ਮਿੱਤਰ ਕੰਵਰਜੀਤ ਬਰਾੜ ਦਾ ਸ਼ੁਕਰਾਨਾ ਕਰ ਕੇ ਸਵੇਰੇ ਸੱਤ ਵਜੇ ਨਿਊਯਾਰਕ ਦੇ ਲਿਬਰਟੀ ਏਅਰਪੋਰਟ ਵੱਲ ਚਾਲੇ ਪਾ ਦਿੱਤੇ। ਅੱਠ ਵਜੇ ਦੇ ਕਰੀਬ ਅਸੀਂ ਏਅਰਪੋਰਟ ਜਾ ਪਹੁੰਚੇ। ਬੋਰਡਿੰਗ ਪਾਸ ਤੇ ਸਕਿਉਰਟੀ ਕਲੀਅਰ ਕਰ ਕੇ ਅਸੀਂ ਟਰਮੀਨਲ 'ਤੇ ਜਾ ਪਹੁੰਚੇ। ਸਾਢੇ ਦਸ ਵਜੇ ਬੋਰਡਿੰਗ ਸ਼ੁਰੂ ਹੋ ਗਈ ਤੇ ਜਹਾਜ਼ ਪੂਰਾ ਬੁੱਕ ਸੀ। ਫਸਟ ਕਲਾਸ ਬੁੱਕ ਕਰਨ ਕਰਕੇ ਸਨੈਕਸ ਤੇ ਡਰਿੰਕਸ ਮੁਫਤ ਸਨ ਤੇ ਏਅਰਹੋਸਟੈਸ ਨੇ ਸਾਡੇ ਪਰਿਵਾਰ ਦਾ ਆਰਡਰ ਪਹਿਲਾਂ ਹੀ ਨੋਟ ਕਰ ਲਿਆ ਕਿ ਜਹਾਜ਼ ਉਡਣ ਤੋਂ ਬਾਅਦ ਉਹ ਭੋਜਨ ਸਰਵ ਕਰ ਦੇਣਗੇ। ਪੂਰੇ ਸਮੇਂ 'ਤੇ ਜਹਾਜ਼ ਨੇ ਟਰਮੀਨਲ ਤੋਂ ਰਨਵੇਅ ਵੱਲ ਚਾਲੇ ਪਾ ਦਿੱਤੇ। ਮੇਰਾ ਬੇਟਾ ਉਸ ਸਮੇਂ ਤੱਕ



ਨੀਂਦ ਦੀ ਗੋਦੀ 'ਚ ਜਾ ਬੈਠਾ। ਏਅਰਹੋਸਟੈਸ ਫਲਾਈਟ ਸੇਫਟੀ ਦੀ ਜਾਣਕਾਰੀ ਸਵਾਰੀਆਂ ਨਾਲ ਸਾਂਝੀ ਕਰ ਰਹੀ ਸੀ। ਸਾਡੇ ਜਹਾਜ਼ ਤੋਂ ਅੱਗੇ ਤਿੰਨ ਜਹਾਜ਼ ਉਡਾਰੀ ਭਰਨ ਲਈ ਹੋਰ ਸਨ ਕਿ ਇਕ ਏਅਰਹੋਸਟੈਸ ਨੂੰ ਜਹਾਜ਼ ਦੇ ਅੱਧ-ਵਿਚਕਾਰ ਅਜੀਬ ਜਿਹੀ ਦੁਰਗੰਧ ਮਹਿਸੂਸ ਹੋਈ। ਦੂਜੀ ਏਅਰਹੋਸਟੈਸ ਨੇ ਰੂਮ ਫਰੈਸ਼ਨਰ ਦਾ ਛਿੜਕਾਅ ਕੀਤਾ ਪਰ ਕੁਝ ਸਕਿੰਟ ਬਾਦ ਦੁਰਗੰਧ ਫਿਰ ਮਹਿਸੂਸ ਹੋਣ ਲੱਗ ਗਈ। ਕਿਉਂਕਿ ਹੁਣ ਜਹਾਜ਼ ਬੰਦ ਸੀ ਇਸ ਲਈ ਬਦਬੋ ਅੱਗੇ-ਪਿਛੇ ਤੱਕ ਫੈਲ ਰਹੀ ਸੀ।

ਏਅਰਹੋਸਟੈਸ ਨੇ ਫੌਰਨ ਪਾਇਲਟ ਨੂੰ ਇਸ ਬਾਰੇ ਸੂਚਿਤ ਕੀਤਾ ਤੇ ਜਹਾਜ਼ ਰਨਵੇਅ 'ਤੇ ਜਾਣ ਤੋਂ ਪਹਿਲਾਂ ਪਾਇਲਟ ਨੇ ਅਨਾਊਂਸ ਕਰ ਦਿੱਤਾ ਕਿ ਸੁਰੱਖਿਆ ਦੇ ਮੱਦੇਨਜ਼ਰ ਜਹਾਜ਼ ਵਾਪਸ ਟਰਮੀਨਲ 'ਤੇ ਜਾ ਰਿਹਾ ਹੈ, ਜਿੱਥੇ ਚੈੱਕਅਪ ਤੋਂ ਬਾਅਦ ਹੀ ਫਲਾਈਟ ਰਵਾਨਾ ਹੋਵੇਗੀ। ਸਭ ਸਵਾਰੀਆਂ ਵਿਚ ਇਕ-ਦਮ ਨਿਰਾਸ਼ਾ ਫੈਲ ਗਈ ਤੇ ਜਹਾਜ਼ ਫਿਰ ਟਰਮੀਨਲ ਦੇ ਉਸੇ ਸੁਰੰਗ ਨਾਲ ਜਾ ਖਲੋਤਾ। ਸਾਰੀਆਂ ਸਵਾਰੀਆਂ ਨੂੰ ਜਹਾਜ਼ 'ਚੋਂ ਉਤਾਰਣ ਦਾ ਕੰਮ ਸ਼ੁਰੂ ਹੋ ਗਿਆ। ਸਵਾਰੀਆਂ ਦਾ ਅੰਦਾਜ਼ਾ ਸੀ ਕਿ ਅੱਧਾ ਘੰਟਾ ਜਾਂ ਹੱਦ ਇਕ ਘੰਟੇ 'ਚ ਬਦਬੋ ਦਾ ਕਾਰਨ ਪਤਾ ਲੱਗ ਜਾਏਗਾ ਤੇ ਜਹਾਜ਼ ਮੁੜ ਕੇ ਉਰਲੈਂਡੋ ਰਵਾਨਾ ਹੋ ਜਾਏਗਾ। ਪਰ ਜਿਵੇਂ ਹੀ ਦੋ ਘੰਟੇ ਲੰਘਣ ਨੂੰ ਹੋਏ, ਸਵਾਰੀਆਂ ਨੇ ਹਾਹਾਕਾਰ ਮਚਾਉਣੀ ਸ਼ੁਰੂ ਕਰ ਦਿੱਤੀ। ਟਰਮੀਨਲ ਦੇ ਸ਼ੀਸ਼ੇ 'ਚੋਂ ਦਿਖ ਵੀ ਰਿਹਾ ਸੀ ਕਿ ਸਟਾਫ ਜਹਾਜ਼ ਦੇ ਅੰਦਰੋਂ-ਬਾਹਰੋਂ ਬਦਬੋ ਦੇ ਕਾਰਨ ਲੱਭਣ ਦਾ ਯਤਨ ਕਰ ਰਿਹਾ ਸੀ। ਤੀਜਾ ਘੰਟਾ ਲੰਘਿਆ ਤਾਂ ਸਪਿਰਟ ਏਅਰ ਨੇ ਅਨਾਊਂਸ ਕਰ ਦਿੱਤਾ ਕਿ ਜਿੰਨੀ ਦੇਰ ਬਦਬੂ ਦਾ ਕਾਰਨ ਪਤਾ ਨਹੀਂ ਲੱਗਦਾ ਉਨੀ ਦੇਰ ਇਹ ਜਹਾਜ਼ ਉਡਾਰੀ ਨਹੀਂ ਭਰੇਗਾ ਤੇ ਹਰੇਕ ਯਾਤਰੀ ਨੂੰ ਤੀਹ ਅਮਰੀਕਨ ਡਾਲਰ ਪ੍ਰਤੀ ਵਿਅਕਤੀ ਕੂਪਨ ਈਮੇਲ ਕਰ ਦਿੱਤੇ ਤਾਂ ਜੋ ਯਾਤਰੀ ਉਨੀ ਦੇਰ ਕੁਝ ਖਾ ਪੀ ਸਕਣ। ਹੁਣ ਟਰਮੀਨਲ ਗੇਟ 'ਤੇ ਉਡਾਣ ਦਾ ਸਮਾਂ ਦੁਪਹਿਰ ਤਿੰਨ ਵਜੇ ਕਰ ਦਿੱਤਾ ਗਿਆ। ਕੁਝ ਮਿੰਟਾਂ ਬਾਅਦ ਇਹ ਸਮਾਂ ਸ਼ਾਮ ਦੇ ਸੱਤ ਵਜੇ ਕਰ ਦਿੱਤਾ ਗਿਆ ਤਾਂ ਫਿਰ ਟਰਮੀਨਲ 'ਤੇ ਯਾਤਰੀਆਂ ਦਾ ਰੌਲਾ ਪੈਣ ਲੱਗ ਗਿਆ। ਉਸ ਸਮੇਂ ਹੀ ਨਾਲ ਦੇ ਗੇਟ ਤੋਂ ਸਪਿਰਟ ਦੀ ਇਕ ਹੋਰ ਉਡਾਣ ਨੇ ਸਾਢੇ ਚਾਰ ਵਜੇ ਇਕ ਹੋਰ ਸ਼ਹਿਰ ਨੂੰ ਜਾਣਾ ਸੀ ਪਰ ਉਸ ਦੀਆਂ ਸਵਾਰੀਆਂ ਘੱਟ ਸਨ। ਸਪਿਰਟ ਨੇ ਉਸ ਫਲਾਈਟ ਨੂੰ ਕੈਂਸਲ ਕਰ ਕੇ ਉਰਲੈਂਡੋ ਭੇਜਣ ਦਾ ਫੈਸਲਾ ਕੀਤਾ। ਉਨ੍ਹਾਂ ਸਵਾਰੀਆਂ ਦਾ ਕੀ ਬਣਿਆ ਇਸ ਬਾਰੇ ਕੋਈ ਜਾਣਕਾਰੀ ਨਹੀਂ, ਪਰ ਉਰਲੈਂਡੋ ਜਾਣ ਵਾਲੀਆਂ ਸਵਾਰੀਆਂ ਨੇ ਤਾੜੀਆਂ ਮਾਰ ਕੇ ਧੰਨਵਾਦ ਕੀਤਾ। ਪੁਰਾਣੇ ਜਹਾਜ਼ 'ਚੋਂ ਸਾਰੇ ਸੂਟਕੇਸ ਇਸ ਨਵੇਂ ਜਹਾਜ਼ 'ਚ ਟਰਾਂਸਫਰ ਕਰਨੇ ਸ਼ੁਰੂ ਕਰ ਦਿੱਤੇ ਗਏ।

ਦੁਪਹਿਰ ਤਿੰਨ ਪੰਜਤਾਲੀ ਦੇ ਕਰੀਬ ਬੋਰਡਿੰਗ ਸ਼ੁਰੂ ਹੋ ਗਈ ਤੇ ਲੋਕ ਜਹਾਜ਼ 'ਚ ਫਿਰ ਚੜ੍ਹਨ ਲੱਗ ਗਏ। ਤਕਰੀਬਨ ਸਾਰੇ ਲੋਕ ਸਵਾਰ ਸਨ ਤੇ ਇਕ ਅੰਤਿਮ ਪਰਿਵਾਰ ਜਦੋਂ ਜਹਾਜ਼ ਅੰਦਰ ਦਾਖਲ ਹੋ ਕੇ ਸੀਟ ਵੱਲ ਵਧਿਆ ਤਾਂ ਉਹੀ ਪੁਰਾਣੀ ਦੁਰਗੰਧ ਫਿਰ ਸਵਾਰੀਆਂ ਦੇ ਨੱਕ ਵਿਚ ਦਸਤਕ ਦੇ ਗਈ। ਜਹਾਜ਼ ਦੇ ਗੇਟ 'ਤੇ ਖੜ੍ਹੀ ਏਅਰਹੋਸਟ ਨੇ ਨਾਲ ਦੀ ਨਾਲ ਪਾਇਲਟ ਨੂੰ ਸੂਚਿਤ ਕੀਤਾ ਤੇ ਨਾਲ ਹੀ ਸਕਿਉਰਟੀ ਤੇ ਸੁਪਰਵਾਈਜ਼ਰ ਨੂੰ ਬਾਹਰੋਂ ਜਹਾਜ਼ ਅੰਦਰ ਬੁਲਾ ਲਿਆ। ਮੈਂ ਜਹਾਜ਼ ਦੀ ਦੂਜੀ ਲਾਈਨ ਵਿਚ ਬੈਠਾ ਹੋਣ ਕਰਕੇ ਸਟਾਫ ਦੀ ਗੱਲਬਾਤ ਸੁਣ ਰਿਹਾ ਸਾਂ। ਉਨ੍ਹਾਂ ਕਿਹਾ ਕਿ ਇਸ ਅੰਤਿਮ ਦਾਖਲ ਹੋਣ ਵਾਲੇ ਪਰਿਵਾਰ ਦੇ ਕੋਲ ਦੀ ਲੰਘ ਕੇ ਇਕ ਵਾਰ ਫਿਰ ਇਹ ਪੱਕਾ ਕੀਤਾ ਜਾਏ ਕਿ ਇਹ ਬਦਬੋ ਇਨ੍ਹਾਂ ਵਿਚੋਂ ਹੀ ਕਿਸੇ ਕੋਲੋਂ ਆ ਰਹੀ ਹੈ। ਸਾਰੇ ਸਟਾਫ ਨੇ ਗੇੜਾ ਮਾਰ ਕੇ ਉਸ ਪਰਿਵਾਰ ਨੂੰ ਬਿਨਾਂ ਪਤਾ ਲੱਗੇ ਇਹ ਪੱਕਾ ਕਰ ਲਿਆ ਕਿ ਬਦਬੋ ਉਨ੍ਹਾਂ 'ਚੋਂ ਹੀ ਆ ਰਹੀ ਸੀ। ਫਿਰ ਫੈਸਲਾ ਹੋਇਆ ਕਿ ਇਸ ਸਾਰੇ ਪਰਿਵਾਰ ਨੂੰ ਜਹਾਜ਼ 'ਚੋਂ ਉਤਾਰਿਆ ਜਾਵੇ। ਸਟਾਫ ਨੇ ਉਨ੍ਹਾਂ ਨੂੰ ਕਿਹਾ ਕਿ ਇਕ ਵਾਰ ਤੁਹਾਨੂੰ ਥੱਲੇ ਉਤਰਣਾ ਪੈਣਾ, ਫਿਰ ਉਹ ਇਸ ਜਗ੍ਹਾ ਨੂੰ ਚੈਕ ਕਰਨਗੇ, ਸ਼ਾਇਦ ਉਹ ਪਰਿਵਾਰ ਵੀ ਜਾਣ ਗਿਆ ਸੀ ਕਿ ਬਦਬੋ ਦਾ ਕਾਰਨ ਉਹ ਖੁਦ ਹੀ ਹਨ, ਇਸ ਲਈ ਉਹ ਪਰਿਵਾਰ ਬਿਨਾਂ ਕਿਸੇ ਰੌਲੇ ਦੇ ਜਹਾਜ਼ 'ਚੋਂ ਉਤਰ ਗਿਆ। ਜਿੱਦਾਂ ਹੀ ਉਹ ਪਰਿਵਾਰ ਉਤਰਣ ਲਈ ਲੋਕਾਂ ਕੋਲੋਂ ਲੰਘਿਆ, ਉਹੀ ਬਦਬੋ ਫਿਰ ਫੈਲ ਗਈ। ਇਸਤੋਂ ਇਹ ਗੱਲ ਪੱਕੀ ਸੀ ਕਿ ਇਸ ਪਰਿਵਾਰ ਦਾ ਹੀ ਕੋਈ ਮੈਂਬਰ ਬਹੁਤ ਸਮੇਂ ਤੋਂ ਨਹਾਤਾ ਨਹੀਂ ਸੀ ਜਾਂ ਉਨ੍ਹਾਂ ਕੋਲ ਕੁਝ ਅਜੀਬ ਸਮਾਨ ਸੀ, ਜਿਸ ਨੇ ਸਾਰੇ ਜਹਾਜ਼ 'ਚ ਬਦਬੋ ਖਿਲਾਰੀ ਹੋਈ ਸੀ। ਇਸ ਅਜੀਬ ਦੁਰਗੰਧ ਨੇ ਇਕ ਏਅਰਲਾਈਨ ਦਾ ਕਿੰਨਾ ਨੁਕਸਾਨ ਕੀਤਾ। ਇਹ ਪਤਾ ਨਹੀਂ ਲੱਗਾ ਕਿ ਉਸ ਪਰਿਵਾਰ ਨਾਲ ਕੀ ਹੋਇਆ ਪਰ ਉਹ ਪਰਿਵਾਰ ਉਤਾਰਣ ਬਾਅਦ ਜਹਾਜ਼ 'ਚੋਂ ਕੋਈ ਦੁਰਗੰਧ ਨਹੀਂ ਆਈ ਤੇ ਜਹਾਜ ਸ਼ਾਮ ਚਾਰ ਪੰਜਤਾਲੀ ਤੇ ਉਰਲੈਂਡੋ ਵੱਲ ਉਡਾਰੀ ਮਾਰ ਗਿਆ। ਕੁਝ ਪਲਾਂ ਬਾਅਦ ਮੈਨੂੰ ਏਅਰਲਾਈਨਜ਼ ਵੱਲੋਂ ਇਕ ਈਮੇਲ ਪ੍ਰਾਪਤ ਹੋਈ, ਜਿਸ ਵਿਚ ਸਪਿਰਟ ਵੱਲੋਂ ਅੱਜ ਦੀ ਖੱਜਲ-ਖੁਆਰੀ ਲਈ ਮੁਆਫੀ ਮੰਗੀ ਗਈ ਤੇ ਪਰ ਪਰਸਨ ਸਾਨੂੰ ਤੀਹ ਡਾਲਰ ਦੇ ਵਾਊਚਰ ਦੁਬਾਰਾ ਭੇਜੇ ਗਏ, ਜਿਨ੍ਹਾਂ ਨੂੰ ਅਸੀਂ ਅਗਲੇ ਇਕ ਸਾਲ ਦੌਰਾਨ ਸਪਿਰਟ ਏਅਰ ਦੀ ਨਵੀਂ ਬੁਕਿੰਗ ਸਮੇਂ ਵਰਤ ਸਕਦੇ ਹਾਂ। ਸੋ ਇਸ ਵਾਰ ਕਸੂਰ ਜਹਾਜ਼ ਕੰਪਨੀ ਦੀ ਬਜਾਏ ਇਕ ਪਰਿਵਾਰ ਦਾ ਸੀ ਜਿਨ੍ਹਾਂ ਨੇ ਸੈਂਕੜੇ ਯਾਤਰੀਆਂ ਨੂੰ ਤੰਗ ਕਰਨ ਦੇ ਨਾਲ ਨਾਲ ਇਕ ਏਅਰਲਾਈਨਜ਼ ਦਾ ਵੀ ਖਾਸਾ ਮਾਲੀ ਨੁਕਸਾਨ ਕਰ ਦਿੱਤਾ।

# ਭਵਿੱਖ ਦੀ ਖਤਰਨਾਕ ਸਮੱਸਿਆ-ਈ ਕੂੜਾ

ਆਧੁਨਿਕ ਦੁਨੀਆਂ ਵਿਚ ਤਕਨਾਲੌਜੀ ਦੀ ਤੇਜ਼ ਰਫ਼ਤਾਰ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਬਣਾਇਆ ਹੈ, ਪਰ ਨਾਲ ਹੀ ਅਜਿਹੀ ਸਮੱਸਿਆ ਨੂੰ ਜਨਮ ਦਿੱਤਾ ਹੈ ਜੋ ਭਵਿੱਖ ਵਿਚ ਮਨੁੱਖਤਾ ਲਈ ਗੰਭੀਰ ਖ਼ਤਰਾ ਬਣ ਸਕਦੀ ਹੈ। ਇਹ ਸਮੱਸਿਆ ਹੈ ਈ-ਕੂੜੇ ਦੀ, ਜਿਸ ਨੂੰ ਇਲੈਕਟ੍ਰਾਨਿਕ ਰਹਿੰਦ-ਖੂੰਹਦ ਵਜੋਂ ਜਾਣਿਆ ਜਾਂਦਾ ਹੈ। ਈ-ਕੂੜੇ ਵਿਚ ਪੁਰਾਣੇ ਮੋਬਾਈਲ ਫੋਨ, ਕੰਪਿਊਟਰ, ਲੈਪਟਾਪ,



ਸੰਦੀਪ ਕੁਮਾਰ
ਫੋਨ: 70098-07121

ਟੈਲੀਵਿਜ਼ਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਣ ਸ਼ਾਮਲ ਹਨ ਜੋ ਵਰਤੋਂ ਤੋਂ ਬਾਅਦ ਰੱਦੀ ਵਿਚ ਬਦਲ ਜਾਂਦੇ ਹਨ। ਇਹ ਉਪਕਰਣ ਨਾ ਸਿਰਫ਼ ਆਮ ਕੂੜੇ ਵਾਂਗ ਹੁੰਦੇ ਹਨ, ਸਗੋਂ ਇਨ੍ਹਾਂ ਵਿਚ ਜ਼ਹਿਰੀਲੀਆਂ ਧਾਤਾਂ ਜਿਵੇਂ ਕਿ ਸ਼ੀਸ਼ਾ, ਕੈਡਮੀਅਮ, ਪਾਰਾ ਅਤੇ ਹੋਰ ਰਸਾਇਣ ਹੁੰਦੇ ਹਨ, ਜੋ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਬਹੁਤ ਖ਼ਤਰਨਾਕ ਹਨ। ਅਜੋਕੇ ਸਮੇਂ ਵਿਚ ਜਦੋਂ ਅਸੀਂ ਵਾਤਾਵਰਣ ਸੁਰੱਖਿਆ ਅਤੇ ਸਫ਼ਾਈ ਦੀਆਂ ਗੱਲਾਂ ਕਰਦੇ ਹਾਂ, ਤਾਂ ਇਹ ਅਜੀਬ ਲੱਗਦਾ ਹੈ ਕਿ ਅਮੀਰ ਅਤੇ ਵਿਕਸਤ ਦੇਸ਼ ਆਪਣੇ ਈ-ਕੂੜੇ ਨੂੰ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਵਿਚ ਭੇਜ ਕੇ ਆਪਣੀ ਧਰਤੀ ਨੂੰ ਸਾਫ਼ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਨਾ ਸਿਰਫ਼ ਨੈਤਿਕਤਾ ਦੇ ਵਿਰੁੱਧ ਹੈ, ਸਗੋਂ ਵਿਸ਼ਵ ਪੱਧਰੀ ਵਾਤਾਵਰਣ ਨੂੰ ਵੀ ਗੰਭੀਰ ਨੁਕਸਾਨ ਪਹੁੰਚਾ ਰਿਹਾ ਹੈ।

ਅਮੀਰ ਦੇਸ਼ਾਂ ਦੀ ਇਹ ਨੀਤੀ ਕਿ ਉਹ ਆਪਣਾ ਕੂੜਾ ਗਰੀਬ ਦੇਸ਼ਾਂ ਵਿਚ ਡੰਪ ਕਰ ਦੇਣ, ਕੋਈ ਨਵੀਂ ਗੱਲ ਨਹੀਂ ਹੈ। ਇਤਿਹਾਸ ਵਿਚ ਵੀ ਅਜਿਹਾ ਹੁੰਦਾ ਰਿਹਾ ਹੈ ਕਿ ਵਿਕਸਤ ਦੇਸ਼ ਆਪਣੀਆਂ ਸਮੱਸਿਆਵਾਂ ਨੂੰ ਦੂਜਿਆਂ ਉੱਤੇ ਥੋਪਦੇ ਰਹੇ ਹਨ। ਪਰ ਈ-ਕੂੜੇ ਦਾ ਮਾਮਲਾ ਵੱਖਰਾ ਹੈ, ਕਿਉਂਕਿ ਇਸ ਵਿਚ ਜ਼ਹਿਰੀਲੇ ਤੱਤ ਸ਼ਾਮਲ ਹੁੰਦੇ ਹਨ, ਜੋ ਸਿੱਧੇ ਤੌਰ ਤੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ। ਵਾਤਾਵਰਣ ਨਿਗਰਾਨੀ ਸੰਗਠਨ, ਬੇਸਲ ਐਕਸ਼ਨ ਨੈੱਟਵਰਕ ਨੇ ਆਪਣੀ ਤਾਜ਼ਾ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਸੰਯੁਕਤ ਰਾਜ ਅਮਰੀਕਾ ਵਰਗੇ ਦੇਸ਼ ਲੱਖਾਂ ਟਨ ਈ-ਕੂੜਾ ਦੱਖਣ-ਪੂਰਬੀ ਏਸ਼ੀਆ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਭੇਜ ਰਹੇ ਹਨ। ਇਹ ਰਿਪੋਰਟ ਦੋ ਸਾਲਾਂ ਦੀ ਡੂੰਘਾਈ ਨਾਲ ਕੀਤੀ ਗਈ ਜਾਂਚ 'ਤੇ ਅਧਾਰਤ ਹੈ, ਜਿਸ ਵਿਚ ਪਾਇਆ ਗਿਆ ਕਿ ਘੱਟੋ-ਘੱਟ ਦਸ ਅਮਰੀਕੀ ਕੰਪਨੀਆਂ ਇਹ ਕੰਮ ਕਰ ਰਹੀਆਂ ਹਨ। ਇਹ ਕੂੜਾ ਅਕਸਰ ਰੀਸਾਈਕਲਿੰਗ ਦੇ ਨਾਂ ਹੇਠ ਭੇਜਿਆ ਜਾਂਦਾ ਹੈ, ਪਰ ਅਸਲ ਵਿਚ ਇਸ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣ ਦੀ ਸਮਰੱਥਾ ਉਨ੍ਹਾਂ ਦੇਸ਼ਾਂ ਕੋਲ ਨਹੀਂ ਹੁੰਦੀ, ਜਿੱਥੇ ਇਹ ਪਹੁੰਚਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਇਹ ਜ਼ਹਿਰੀਲਾ ਕੂੜਾ ਖੁੱਲ੍ਹੇ ਖੇਤਾਂ ਵਿਚ, ਨਦੀਆਂ ਵਿਚ ਜਾਂ ਸਮੁੰਦਰਾਂ ਵਿਚ ਡੰਪ ਕੀਤਾ ਜਾਂਦਾ ਹੈ, ਜਿਸ ਨਾਲ ਪਾਣੀ, ਮਿੱਟੀ ਅਤੇ ਹਵਾ ਪ੍ਰਦੂਸ਼ਿਤ ਹੁੰਦੀ ਹੈ।

ਈ-ਕੂੜੇ ਦੀ ਮਾਤਰਾ ਵਿਚ ਵਾਧੇ ਦਾ ਮੁੱਖ ਕਾਰਨ ਤਕਨਾਲੋਜੀ ਦੀ ਤੇਜ਼ ਰਫਤਾਰ ਹੈ। ਹਰ ਛੇ ਮਹੀਨੇ ਜਾਂ ਸਾਲ ਵਿਚ ਨਵੇਂ ਮਾਡਲ ਆਉਂਦੇ ਹਨ, ਜਿਸ ਕਾਰਨ ਪੁਰਾਣੇ ਉਪਕਰਣ ਤੁਰੰਤ ਰੱਦੀ ਵਿਚ ਬਦਲ ਜਾਂਦੇ ਹਨ। ਇੱਕ ਅਨੁਮਾਨ ਅਨੁਸਾਰ ਈ-ਕੂੜਾ, ਰੀਸਾਈਕਲਿੰਗ ਦੀ ਰਫਤਾਰ ਨਾਲੋਂ ਪੰਜ ਗੁਣਾ ਤੇਜ਼ੀ ਨਾਲ ਵਧ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜਿੰਨੀ ਜਲਦੀ ਅਸੀਂ ਨਵੇਂ ਫੋਨ ਜਾਂ ਲੈਪਟਾਪ ਖਰੀਦਦੇ ਹਾਂ, ਉਨੀ ਜਲਦੀ ਪੁਰਾਣੇ ਉਪਕਰਣ ਕੂੜੇ ਦੇ ਢੇਰ ਵਿਚ ਸ਼ਾਮਲ ਹੋ ਜਾਂਦੇ ਹਨ। ਅਮੀਰ ਦੇਸ਼ਾਂ ਵਿਚ ਇਹ ਉਪਕਰਣ ਵੱਡੀ ਗਿਣਤੀ ਵਿਚ ਵਰਤੇ ਜਾਂਦੇ ਹਨ ਅਤੇ ਉਨ੍ਹਾਂ ਕੋਲ ਇਸ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣ ਦੀਆਂ ਮਹਿੰਗੀਆਂ ਸਹੂਲਤਾਂ ਵੀ ਹੁੰਦੀਆਂ ਹਨ। ਫਿਰ ਵੀ ਉਹ ਇਸ ਨੂੰ ਆਪਣੇ ਦੇਸ਼ ਵਿਚ ਰੱਖਣ ਦੀ ਬਜਾਏ ਗਰੀਬ ਦੇਸ਼ਾਂ ਵਿਚ ਭੇਜਦੇ ਹਨ ਕਿਉਂਕਿ ਇਹ ਉਨ੍ਹਾਂ ਲਈ ਸਸਤਾ ਪੈਂਦਾ ਹੈ। ਇਹ ਇੱਕ ਤਰ੍ਹਾਂ ਦਾ ਵਾਤਾਵਰਣਕ ਉਪਨਿਵੇਸ਼ਵਾਦ ਹੈ, ਜਿੱਥੇ ਅਮੀਰ ਦੇਸ਼ ਆਪਣੀ ਸਮੱਸਿਆ ਨੂੰ ਦੂਜਿਆਂ ਦੇ ਗਲੇ ਪਾ ਰਹੇ ਹਨ।

ਇਸ ਸਮੱਸਿਆ ਦੀ ਗੰਭੀਰਤਾ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਈ-ਕੂੜੇ ਵਿਚ ਮੌਜੂਦ ਜ਼ਹਿਰੀਲੇ ਤੱਤਾਂ ਦੇ ਪ੍ਰਭਾਵ ਨੂੰ ਜਾਣੀਏ। ਸ਼ੀਸ਼ਾ ਮਨੁੱਖੀ ਦਿਮਾਗ ਅਤੇ ਨਸਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਕੈਡਮੀਅਮ



ਕੈਂਸਰ ਦਾ ਕਾਰਨ ਬਣ ਸਕਦਾ ਹੈ ਅਤੇ ਪਾਰਾ ਪਾਣੀ ਵਿਚ ਘੁਲ ਕੇ ਮੱਛੀਆਂ ਰਾਹੀਂ ਭੋਜਨ ਚੇਨ ਵਿਚ ਦਾਖਲ ਹੋ ਜਾਂਦਾ ਹੈ। ਜਦੋਂ ਇਹ ਕੂੜਾ ਖੁੱਲ੍ਹੇ ਖੇਤਾਂ ਵਿਚ ਸਾੜਿਆ ਜਾਂਦਾ ਹੈ, ਤਾਂ ਇਸ ਤੋਂ ਨਿਕਲਣ ਵਾਲਾ ਧੂੰਆਂ ਹਵਾ ਨੂੰ ਪ੍ਰਦੂਸ਼ਿਤ ਕਰਦਾ ਹੈ, ਜਿਸ ਨਾਲ ਅਲਰਜੀ ਅਤੇ ਸਾਹ ਦੀਆਂ ਬਿਮਾਰੀਆਂ ਵਧਦੀਆਂ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਜਿੱਥੇ ਇਹ ਕੂੜਾ ਭੇਜਿਆ ਜਾਂਦਾ ਹੈ, ਉੱਥੇ ਲੋਕ ਅਕਸਰ ਇਸ ਨੂੰ ਛਾਂਟਦੇ ਹਨ ਅਤੇ ਮਹੱਤਵਪੂਰਨ ਧਾਤਾਂ ਕੱਢਣ ਦੀ ਕੋਸ਼ਿਸ਼ ਕਰਦੇ ਹਨ। ਇਸ ਪ੍ਰਕਿਰਿਆ ਵਿਚ ਉਹ ਸਿੱਧੇ ਤੌਰ ਤੇ ਜ਼ਹਿਰੀਲੇ ਤੱਤਾਂ ਦੇ ਸੰਪਰਕ ਵਿਚ ਆਉਂਦੇ ਹਨ, ਜਿਸ ਨਾਲ ਉਨ੍ਹਾਂ ਦੀ ਸਿਹਤ 'ਤੇ ਗੰਭੀਰ ਅਸਰ ਪੈਂਦਾ ਹੈ। ਬੱਚੇ ਅਤੇ ਔਰਤਾਂ ਖਾਸ ਤੌਰ ਤੇ ਇਸ ਦੇ ਸ਼ਿਕਾਰ ਹੁੰਦੇ ਹਨ, ਕਿਉਂਕਿ ਉਹ ਅਕਸਰ ਇਸ ਕੰਮ ਵਿਚ ਸ਼ਾਮਲ ਹੁੰਦੇ ਹਨ।

ਬੇਸਲ ਕਨਵੈਨਸ਼ਨ ਇੱਕ ਅੰਤਰਰਾਸ਼ਟਰੀ ਸਮਝੌਤਾ ਹੈ ਜੋ ਖਤਰਨਾਕ ਕੂੜੇ ਦੇ ਅੰਤਰਦੇਸ਼ੀ ਆਵਾਜਾਈ ਨੂੰ ਨਿਯੰਤਰਿਤ ਕਰਦਾ ਹੈ। ਇਸ ਅਨੁਸਾਰ, ਸਿਰਫ਼ ਉਹੀ ਕੂੜਾ ਇੱਕ ਦੇਸ਼ ਤੋਂ ਦੂਜੇ ਦੇਸ਼ ਵਿਚ ਭੇਜਿਆ ਜਾ ਸਕਦਾ ਹੈ ਜੋ ਰੀਸਾਈਕਲਿੰਗ ਯੋਗ, ਮੁੜ ਵਰਤੋਂ ਯੋਗ ਅਤੇ ਵਾਤਾਵਰਣ ਲਈ ਸੁਰੱਖਿਅਤ ਹੋਵੇ। ਪਰ ਅਮੀਰ ਦੇਸ਼ ਅਕਸਰ ਇਸ ਨਿਯਮ ਦੀ ਉਲੰਘਣਾ ਕਰਦੇ ਹਨ। ਉਹ ਈ-ਕੂੜੇ ਨੂੰ ਰੀਸਾਈਕਲਿੰਗ ਦੇ ਨਾਂ ਹੇਠ ਭੇਜਦੇ ਹਨ, ਪਰ ਅਸਲ ਵਿਚ ਇਹ ਕੂੜਾ ਅਜਿਹਾ ਹੁੰਦਾ ਹੈ ਜਿਸ ਨੂੰ ਸੁਰੱਖਿਅਤ ਢੰਗ ਨਾਲ ਨਿਪਟਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਇਸ ਲਈ ਲੋੜੀਂਦੀ ਤਕਨਾਲੋਜੀ ਅਤੇ ਸਾਧਨ ਨਹੀਂ ਹੁੰਦੇ, ਨਤੀਜੇ ਵਜੋਂ ਇਹ ਕੂੜਾ ਵਾਤਾਵਰਣ ਵਿਚ ਫੈਲ ਜਾਂਦਾ ਹੈ। ਇਸ ਦੇ ਨਾਲ ਹੀ, ਇਹ ਦੇਸ਼ ਆਪਣੀਆਂ ਸਮੱਸਿਆਵਾਂ ਨਾਲ ਜੂਝ ਰਹੇ ਹੁੰਦੇ ਹਨ ਅਤੇ ਉਨ੍ਹਾਂ ਕੋਲ ਇਸ ਵਾਧੂ ਬੋਝ ਨੂੰ ਸੰਭਾਲਣ ਦੀ ਸਮਰੱਥਾ ਨਹੀਂ ਹੁੰਦੀ।

ਇਸ ਸਮੱਸਿਆ ਦਾ ਹੱਲ ਕੀ ਹੈ? ਸਭ ਤੋਂ ਪਹਿਲਾਂ, ਅਮੀਰ ਦੇਸ਼ਾਂ ਨੂੰ ਆਪਣੇ ਈ-ਕੂੜੇ ਨੂੰ ਆਪਣੇ ਦੇਸ਼ ਵਿਚ ਹੀ ਨਿਪਟਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਉਨ੍ਹਾਂ ਕੋਲ ਸਾਧਨ ਅਤੇ ਤਕਨਾਲੋਜੀ ਹੈ, ਇਸ ਲਈ ਉਹ ਸੁਰੱਖਿਅਤ ਰੀਸਾਈਕਲਿੰਗ ਪਲਾਂਟ ਸਥਾਪਤ ਕਰ ਸਕਦੇ ਹਨ। ਦੂਜਾ, ਉਤਪਾਦਕ ਕੰਪਨੀਆਂ ਨੂੰ ਜ਼ਿੰਮੇਵਾਰ ਬਣਾਉਣਾ ਚਾਹੀਦਾ ਹੈ। ਜਿਵੇਂ ਕਿ ਉਹ ਨਵੇਂ ਉਪਕਰਣ ਬਣਾਉਂਦੇ ਹਨ, ਉਨ੍ਹਾਂ ਨੂੰ ਪੁਰਾਣੇ ਉਪਕਰਣਾਂ ਨੂੰ ਵਾਪਸ ਲੈਣ ਅਤੇ ਰੀਸਾਈਕਲ ਕਰਨ ਦੀ ਜ਼ਿੰਮੇਵਾਰੀ ਵੀ ਦਿੱਤੀ ਜਾਣੀ ਚਾਹੀਦੀ ਹੈ। ਤੀਜਾ, ਅੰਤਰਰਾਸ਼ਟਰੀ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਬੇਸਲ ਕਨਵੈਨਸ਼ਨ ਦੀ ਉਲੰਘਣਾ ਕਰਨ ਵਾਲੇ ਦੇਸ਼ਾਂ ਅਤੇ ਕੰਪਨੀਆਂ ਉੱਤੇ ਸਖ਼ਤ ਜੁਰਮਾਨੇ ਅਤੇ ਪਾਬੰਦੀਆਂ ਲਗਾਈਆਂ ਜਾਣ। ਚੌਥਾ, ਵਿਕਾਸਸ਼ੀਲ ਦੇਸ਼ਾਂ ਨੂੰ ਈ-ਕੂੜੇ ਦੀ ਸੁਰੱਖਿਅਤ ਨਿਪਟਾਰੇ ਲਈ ਤਕਨਾਲੋਜੀ ਅਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਪੰਜਵਾਂ, ਜਨ ਜਾਗਰੂਕਤਾ ਵਧਾਉਣੀ ਚਾਹੀਦੀ ਹੈ ਤਾਂ ਜੋ ਲੋਕ ਆਪਣੇ ਪੁਰਾਣੇ ਉਪਕਰਣਾਂ ਨੂੰ ਸਹੀ ਢੰਗ ਨਾਲ ਡਿਸਪੋਜ਼ ਕਰਨਾ ਸਿੱਖ ਸਕਣ।

ਭਵਿੱਖ ਵਿਚ ਈ-ਕੂੜਾ ਇੱਕ ਵੱਡੀ ਸਮੱਸਿਆ ਬਣਨ ਵਾਲਾ ਹੈ ਜੇਕਰ ਸਮੇਂ ਸਿਰ ਕਦਮ ਨਾ ਚੁੱਕੇ ਗਏ। ਇਹ ਨਾ ਸਿਰਫ਼ ਵਾਤਾਵਰਣ ਨੂੰ ਨੁਕਸਾਨ ਪਹੁੰਚਾਏਗਾ, ਸਗੋਂ ਮਨੁੱਖੀ ਸਿਹਤ, ਜੈਵ ਵਿਭਿੰਨਤਾ ਅਤੇ ਆਰਥਿਕਤਾ 'ਤੇ ਵੀ ਡੂੰਘਾ ਅਸਰ ਪਾਏਗਾ। ਅਮੀਰ ਦੇਸ਼ਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਕੂੜੇ ਨੂੰ ਗਰੀਬ ਦੇਸ਼ਾਂ ਦੇ ਗਲੇ ਨਾ ਪਾਉਣ। ਇਹ ਸਮਾਂ ਹੈ ਜਦੋਂ ਵਿਸ਼ਵ ਪੱਧਰ 'ਤੇ ਇੱਕਜੁਟਤਾ ਨਾਲ ਇਸ ਸਮੱਸਿਆ ਦਾ ਹੱਲ ਲੱਭਿਆ ਜਾਵੇ। ਜੇਕਰ ਅਸੀਂ ਅੱਜ ਚੁੱਪ ਰਹੇ, ਤਾਂ ਭਵਿੱਖ ਵਿਚ ਸਾਨੂੰ ਇਸ ਦੇ ਭਿਆਨਕ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਈ-ਕੂੜਾ ਸਿਰਫ਼ ਇੱਕ ਦੇਸ਼ ਦੀ ਨਹੀਂ, ਸਗੋਂ ਪੂਰੀ ਮਨੁੱਖਤਾ ਦੀ ਸਮੱਸਿਆ ਹੈ ਅਤੇ ਇਸ ਨੂੰ ਸੁਲਝਾਉਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ।

# ਨਵਾਂ ਵਰ੍ਹਾ, ਨਵੀਆਂ ਉਮੀਦਾਂ

## ਨਿੱਜੀ ਡਾਇਰੀ ਦਾ ਇੱਕ ਪੰਨਾ

ਊਂ 26 ਲੱਗੀ, ਗਧੀ-ਗੇੜ 'ਚ ਪਾ ਰੱਖਦੀ ਬੰਦੇ ਨੂੰ, ਇਹ 26 ਕੀ ਕਰਾਊ ਸਮਾਂ ਈ ਦੱਸੂ!

25 ਹੁਣ ਦੇ ਸਮੇਂ 'ਚ ਜਿੰਨਾ ਕੁ ਚੁਆਨੀ ਦਾ ਮੁੱਲ ਓਵੇਂ ਲੰਘ ਗਿਆ। ਜਦੋਂ 25 ਚੜ੍ਹਿਆ ਸੀ ਉਦੋਂ ਵੀ ਦੇਰ ਰਾਤ ਦਫ਼ਤਰ 'ਚ ਕੀ-ਬੋਰਡ 'ਤੇ ਟਕ-ਟਕ ਕਰਦਿਆਂ ਨਿਗ੍ਹਾ ਕੰਧ 'ਤੇ ਟੰਗੀ ਘੜੀ ਦੀ ਟਿਕ-ਟਿਕ ਵੱਲ ਸੀ ਤੇ ਰਾਤ ਵੀ ਉਹੋ ਵਰਤਾਰੇ 'ਚ ਲੰਘ ਗਈ। ਅਖ਼ਬਾਰ ਦੇ ਪੰਨਿਆਂ 'ਤੇ ਤਰੀਕ, ਮਹੀਨਾ ਤੇ ਸਾਲ

ਚਰਨਜੀਤ ਕੌਰ ਚੰਨੀ

ਬਦਲਿਆ। ਕਰਮ ਉਹੀ ਆ ਦਸਾਂ ਨਹੁੰਆਂ ਦੀ ਕਿਰਤ ਕਰਦਿਆਂ ਢਿੱਡ ਭਰਨ ਦਾ ਫਿਕਰ। ਨੌਕਰੀ ਕਰਦਿਆਂ ਯਾਦ ਨੀ ਰਹਿੰਦਾ ਕਿ ਪੰਜ ਪਾਜੇ ਪੂਰੇ ਕਰਨ ਤੋਂ ਬਿਨਾਂ ਕੁੱਝ ਪਲ ਆਪਣੇ ਲਈ ਕੱਢਣਾ ਵੀ ਜ਼ਿੰਦਗੀ ਆ। ਬੱਸ ਕੁੱਝ ਸਾਲਾਂ ਦਾ ਸਫ਼ਰ ਮਿਲਿਆ ਸਾਨੂੰ ਮਾਣਨ ਲਈ, ਇਹ ਭੁੱਲ ਈ ਜਾਂਦੇ ਆ।

ਬੀਤੇ ਵਰ੍ਹੇ ਦੋ ਵਾਰ ਮੌਤ ਦੋ-ਚਾਰ ਇੰਚ ਦੇ ਫਾਸਲੇ ਤੋਂ ਖਹਿ ਕੇ ਲੰਘੀ, ਜਦੋਂ ਲੱਗਿਆ ਕਿ ਬੱਸ ਆਹ ਆਖ਼ਰੀ ਪਲ ਈ ਨੇ, ਇੱਕ ਵਾਰ 15-20 ਫੁੱਟ ਡੂੰਘੀ ਖੱਡ 'ਚ ਡਿੱਗ ਰਹੀ ਨੂੰ ਨਰਿੰਦਰ ਧੱਕਾ ਦੇ ਕੇ ਦੂਜੇ ਪਾਸੇ ਨਾ ਸੁੱਟਦਾ ਤਾਂ ਦਸ ਦਿਨ ਬਾਅਦ ਭੋਗ ਪੱਕਾ ਪੈ ਜਾਣਾ ਸੀ। ਇੱਕ ਪਾਸਾ ਛਿੱਲਿਆ ਗਿਆ ਸੀ। ਪੰਦਰਾਂ-ਵੀਹ ਦਿਨ ਆਪੇ ਪੱਟੀਆਂ ਕਰਕੇ ਦਫ਼ਤਰ ਜਾਂਦੀ ਰਹੀ। ਇੱਕ ਹੱਥ ਨਾਲ ਰੋਟੀ ਪਕਾਉਣੀ ਮੁਸ਼ਕਲ ਸੀ, ਏਸ ਲਈ ਓਨੇ ਦਿਨ ਫਰੋਜ਼ਨ ਪਰਾਉਂਠਿਆਂ ਨਾਲ ਦੁੱਧ ਨੇ ਚੰਗਾ ਸਾਥ ਨਿਭਾਇਆ।

ਖੈਰ ਦੂਜੀ ਵਾਰ ਦਸੰਬਰ ਦੇ ਗਿਆਰਵੇਂ ਦਿਨ ਅਰਨੀਵਾਲਿਓਂ ਭਤੀਜੇ-ਭਤੀਜੀ ਨੂੰ ਦਵਾਈ ਦੁਆ ਕੇ ਜੰਡਵਾਲੇ ਦੇ ਰਾਹ 'ਤੇ ਗੱਡੀ ਪਾਈ ਈ ਸੀ ਕਿ ਅਚਾਨਕ ਸੜਕ ਦੇ ਇੱਕ ਪਾਸੇ ਖੜ੍ਹੀ ਗਾਂ ਗੱਡੀ ਦੇ ਬੋਨਟ 'ਤੇ ਆ ਚੜ੍ਹੀ, ਸ਼ੀਸ਼ਾ ਡੇਢ ਗਿੱਠ ਅੰਦਰ ਧਸ ਗਿਆ। ਗੱਡੀ ਮਸਾ ਅੱਠ ਕੁ ਦੀ ਸਪੀਡ 'ਤੇ ਸੀ। ਭਾਬੀ ਤੇ ਭਤੀਜੀ ਅੱਗੇ ਬੈਠੀਆਂ ਸੀ ਤੇ ਮਾਤਾ, ਭਤੀਜਾ ਤੇ ਨਾਨੀ ਪਿਛਲੀ ਸੀਟ 'ਤੇ। ਖੈਰ ਸੱਟਾਂ ਤੋਂ ਬਚਾਅ ਹੋ ਗਿਆ ਪਰ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ। ਭਤੀਜੇ ਦਾ ਅਗਲੇ ਦਿਨ ਜਨਮਦਿਨ ਸੀ, ਕਹਿੰਦਾ ਭੂਈ ਸ਼ੁਕਰ ਕਰ ਆਪਾਂ ਬਚ ਗਏ, ਗਾਂ ਸ਼ੀਸ਼ਾ ਤੋੜ ਕੇ ਅੰਦਰ ਆ ਜਾਂਦੀ ਆਪਾਂ ਗੱਡੀ ਚੜ੍ਹ ਜਾਣਾ ਸੀ। ਦੋ ਰਾਤਾਂ ਸਾਨੂੰ ਕਿਸੇ ਨੂੰ ਨੀਂਦ ਨਾ ਆਈ, ਲੱਤਾਂ ਕੰਬਦੀਆਂ ਰਹੀਆਂ ਤੇ ਵਾਰ-ਵਾਰ ਉਹੀ ਦ੍ਰਿਸ਼ ਅੱਖਾਂ ਅੱਗੇ ਘੁੰਮਦਾ ਰਿਹਾ।

ਮੁਸੀਬਤ ਪਈ ਤੋਂ ਈ ਪਤਾ ਲੱਗਦਾ ਕਿ ਨਾਲ ਕੌਣ ਖੜਦਾ। ਦਫ਼ਤਰ ਤੋਂ ਦੋ ਈ ਛੁੱਟੀਆਂ ਮਿਲੀਆਂ ਸੀ ਭਤੀਜੇ ਦੇ ਜਨਮਦਿਨ ਲਈ। ਗੱਡੀ ਦੀ ਏਜੰਸੀ ਪੰਚਕੂਲਾ ਸੀ, ਨਵੀਂ ਮੁਸੀਬਤ ਖੜੀ ਹੋ ਗਈ ਗੱਡੀ ਨੂੰ ਪੰਚਕੂਲਾ ਪਚਾਉਣ ਦੀ, ਟੋਅ ਕਰਨ ਵਾਲੇ 18,500 'ਤੇ ਅੜੇ ਰਹੇ, ਜੋ ਮੇਰੇ ਲਈ ਵਿੱਤੋਂ ਬਾਹਰੀ ਗੱਲ ਸੀ। ਇੰਨੇ ਘੱਟ ਸਮੇਂ 'ਚ ਡਰਾਈਵਰ ਕੋਈ ਮਿਲ ਨੀ ਰਿਹਾ ਸੀ। ਹਾਰ ਕੇ ਧੁੰਦ ਉੱਤਰੀ ਤੋਂ ਗੱਡੀ ਸਟਾਰਟ ਕੀਤੀ ਤੇ ਮਾਮੇ ਦੇ ਮੁੰਡੇ ਨੂੰ ਬਿਠਾ ਤੋਰ ਲਈ ਕਿ ਅੱਧ ਤੱਕ ਛੱਡ ਕੇ ਫੇਰ ਬੱਸ 'ਤੇ ਪਿੰਡ ਮੁੜ ਆਵਾਂਗੇ ਤੇ ਫਿਰ ਛੁੱਟੀ ਆਲੇ ਦਿਨ ਅੱਗੋਂ ਪੰਚਕੂਲਾ ਲੈ ਜਾਊ। ਰਾਹ 'ਚ ਕਈ ਗੱਡੀ ਵੱਲ ਗਹੁ ਨਾਲ ਦੇਖਦੇ ਤੇ ਫਿਰ ਡਰਾਈਵਰ ਸੀਟ 'ਤੇ ਮੈਨੂੰ ਬੈਠੀ ਦੇਖ ਕੇ ਪਹਿਲਾਂ ਘੂਰਦੇ ਤੇ ਫਿਰ ਹੱਸ ਪੈਂਦੇ ਵੀ ਕੁੜੀ ਨੇ ਮਾਰੀ ਹੋਣੀ ਕਿਤੇ। ਖੈਰ ਪਿੰਡੋਂ ਗਿਆਰਾਂ ਕੁ ਵਜੇ ਤੁਰੇ ਹੌਲੀ-ਹੌਲੀ ਜਾਂਦਿਆਂ ਸਵਾ ਕੁ ਤਿੰਨ ਤੱਕ ਬਠਿੰਡਾ ਹੁੰਦਿਆਂ ਬਰਨਾਲਾ ਪਹੁੰਚੇ। ਰਾਹ ਵਿਚ ਹਵਾ ਦੇ ਪ੍ਰੈਸ਼ਰ ਕਾਰਨ ਟੁੱਟੇ ਸ਼ੀਸ਼ੇ ਦਾ ਕੱਚ ਵਾਰ-ਵਾਰ ਡਿੱਗ ਰਿਹਾ ਸੀ, ਝਰੀਟਾਂ ਤੋਂ ਬਚਣ ਲਈ ਤੌਲੀਆ ਵਲੇਟ ਕੇ ਬੈਠੇ।

ਚਾਰ ਵਜੇ ਬਰਨਾਲੇ ਤੋਂ ਬਠਿੰਡਾ ਦੀ ਬੱਸ ਲਈ। ਪਿੰਡ ਲਈ ਮੁਕਤਸਰ ਤੋਂ ਆਖਰੀ ਬੱਸ ਸਵਾ ਸੱਤ ਨਿਕਲ ਜਾਣੀ ਸੀ। ਵਾਰ-ਵਾਰ ਧਿਆਨ ਕਦੇ ਘੜੀ ਵੱਲ ਕਦੇ ਡਰਾਈਵਰ ਵੱਲ। ਕੰਡਕਟਰ ਨੂੰ ਅਗਲੀ ਬੱਸ ਦੀ ਸਮੱਸਿਆ ਦੱਸੀ



ਪਿੰਡ ਦੀ, ਹਾਦਸਾ ਵਾਪਰਨ ਤੋਂ ਕੁੱਝ ਸਮਾਂ ਪਹਿਲਾਂ ਦੀ ਤਸਵੀਰ।

ਤਾਂ ਉਹਨੇ ਬੱਸ ਅੱਡੇ ਦੀ ਥਾਂ ਬਠਿੰਡਾ ਫ਼ੌਜੀ ਚੌਕ ਨੇੜੇ ਉੱਤਰਨ ਦੀ ਸਲਾਹ ਦਿੱਤੀ, ਪਰ ਮੁਕਤਸਰ ਨੂੰ ਜਾਣ ਵਾਲੀ ਨਾਨ-ਸਟਾਪ ਬੱਸ ਦੇ ਸਮੇਂ 'ਚ ਦੋ ਮਿੰਟ ਬਾਕੀ ਸੀ ਤੇ ਅਸੀਂ ਦੋ ਮਿੰਟਾਂ 'ਚ ਵਾਹੋ-ਦਾਹੀ ਭੱਜ ਕੇ ਦੋ ਚੌਕ ਟੱਪੇ ਈ ਸੀ ਕਿ ਬੱਸ ਪਹੁੰਚ ਗਈ। ਚੱਲੋ ਮੈਰਾਥਨ ਕਰਨ ਦਾ ਇੱਥੇ ਫਾਇਦਾ ਜ਼ਰੂਰ ਹੋਇਆ। ਰਾਤ ਸਾਢੇ ਅੱਠ ਪਿੰਡ ਪਹੁੰਚੇ।

15 ਤਰੀਕ ਤੋਂ ਫੋਟੋਗ੍ਰਾਫੀ ਡਿਪਲੋਮਾ ਦੇ ਪੇਪਰ ਸ਼ੁਰੂ ਹੋਣ ਕਾਰਨ ਹਰ ਹਾਲ ਚੰਡੀਗੜ੍ਹ ਪਹੁੰਚਣਾ ਜ਼ਰੂਰੀ ਸੀ। ਸੋ, ਪਿੰਡੋਂ ਦੂਜੀ ਗੱਡੀ ਲੈ ਕੇ ਐਤਵਾਰ ਸ਼ਾਮ ਚਾਰ ਕੁ ਵਜੇ ਚੰਡੀਗੜ੍ਹ ਪਹੁੰਚੀ, ਪੰਜ ਵਜੇ ਡਿਊਟੀ ਸ਼ੁਰੂ ਤੇ ਰਾਤ ਬਾਰਾਂ ਵਜੇ ਵਿਹਲੀ ਹੋ ਕੇ ਯਾਦ ਆਇਆ ਕਿ ਪੜ੍ਹਨ ਦਾ ਤਾਂ ਸਮਾਂ ਈ ਨੀ ਮਿਲਿਆ, ਯੂਨੀਵਰਸਿਟੀ ਤੋਂ ਪੜ੍ਹਾਈ ਦੀ ਸਮੱਗਰੀ ਤੇ ਰੋਲ ਨੰਬਰ ਦਾ ਪ੍ਰਿੰਟ ਲੈਣਾ ਸਭ ਬਾਕੀ ਸੀ। ਖੈਰ, ਇੰਟਰਨੈੱਟ ਜ਼ਰੀਏ ਸਿਲੇਬਸ 'ਤੇ ਤਰਦੀ-ਤਰਦੀ ਨਿਗ੍ਹਾ ਮਾਰ ਅਗਲੇ ਦਿਨ 12 ਵਜੇ ਸੈਂਟਰ ਜਾ ਪਹੁੰਚੀ ਤੇ 4:30 'ਤੇ ਪੇਪਰ ਮੁੱਕਿਆ ਤੇ ਸ਼ਾਮ 5:00 ਵਜੇ ਡਿਊਟੀ ਲਈ ਦੌੜ ਸ਼ੁਰੂ ਹੋ ਗਈ। ਅਗਲੇ ਦਿਨ ਦਫ਼ਤਰੋਂ ਹਫ਼ਤਾਵਾਰੀ ਛੁੱਟੀ ਸੀ ਤਾਂ ਦਿਮਾਗ ਬਰਨਾਲਿਓਂ ਗੱਡੀ ਕਿਵੇਂ ਲੈ ਕੇ ਆਉਣੀ, ਇਹਦੀਆਂ ਵਿਉਂਤਾਂ ਬੁਣਦਾ ਰਿਹਾ। ਫਿਰ ਰਾਤ ਇੱਕ ਵਜੇ ਤੱਕ ਰੋਟੀ-ਟੁੱਕ ਨਬੇੜ ਸਵੇਰੇ ਸਾਢੇ ਤਿੰਨ ਵਜੇ ਦਾ ਅਲਾਰਮ ਲਾ ਕੇ ਪੈ ਗਈ। ਤੜਕੇ ਸਾਢੇ ਚਾਰ ਟ੍ਰਿਬਿਊਨ ਚੌਕ 'ਤੋਂ ਬਠਿੰਡੇ ਆਲੀ ਬੱਸ ਫੜ ਬਰਨਾਲੇ ਦਾ ਸਫ਼ਰ ਸ਼ੁਰੂ ਹੋਇਆ। ਗੱਡੀ ਦਾ ਸ਼ੀਸ਼ਾ ਚਕਨਾਚੂਰ ਸੀ ਤਾਂ ਗੱਡੀ ਧੁੰਦ ਉੱਤਰੀ ਤੋਂ ਈ ਚਲਾਈ ਜਾ ਸਕਦੀ ਸੀ। ਇੱਕ-ਦੋ ਜਣਿਆਂ ਨੂੰ ਨਾਲ ਚੰਡੀਗੜ੍ਹ ਤੱਕ ਆਉਣ ਲਈ ਪੁੱਛਿਆ, ਉਨ੍ਹਾਂ ਰੁਝੇਵਿਆਂ ਕਾਰਨ ਆਪਣੀ ਮਜਬੂਰੀ ਜ਼ਾਹਿਰ ਕੀਤੀ।

ਖੈਰ ਮੁਸੀਬਤ ਮੇਰੀ ਸੀ ਤਾਂ ਮੈਨੂੰ ਈ ਇਹਦੇ ਨਾਲ ਸਿੱਝਣਾ ਪੈਣਾ ਸੀ। ਰੇਡੀਏਟਰ ਲੀਕ ਸੀ। ਦਸ ਕੁ ਵਜੇ ਭਰੇ ਮਨ ਨਾਲ ਖ਼ੁਦ ਨੂੰ ਹੌਸਲਾ ਦੇ 40 ਕੁ ਦੀ ਸਪੀਡ 'ਤੇ ਗੱਡੀ ਚੰਡੀਗੜ੍ਹ ਵੱਲ ਪਾ ਲਈ। ਰਾਹ 'ਚ ਦੋ ਕੁ ਵਾਰ ਰੁਕ ਕੇ ਗੱਡੀ ਚੈੱਕ ਕੀਤੀ। ਸਾਰੇ ਰਾਹ ਖਾਰਾ ਪਾਣੀ ਅੱਖਾਂ 'ਚੋਂ ਵਹਿੰਦਾ ਰਿਹਾ। ਆਪਣੇ ਹਾਲਾਤ 'ਤੇ ਧਾਹਾਂ ਮਾਰ ਕੇ ਰੋਣ ਨੂੰ ਦਿਲ ਵੀ ਕੀਤਾ, ਫਿਰ ਰਾਜਪੁਰਾ ਕੋਲ ਗੱਡੀ ਇੱਕ ਪਾਸੇ ਲਾ ਮਨ ਹਲਕਾ ਕਰਦਿਆਂ ਖੁਦ ਨੂੰ ਥਾਪੜਾ ਦਿੱਤਾ, ਕੋਈ ਨਾ ਪੁੱਤ ਇਹ ਸਮਾਂ ਵੀ ਲੰਘ ਜਾਣਾ। ਸਾਢੇ ਤਿੰਨ ਗੱਡੀ ਏਜੰਸੀ 'ਚ ਪਹੁੰਚਾ ਕੇ ਸੁੱਖ ਦਾ ਸਾਹ ਆਇਆ। ਉੱਥੋਂ ਚਾਰ ਕੁ ਵਜੇ ਵਿਹਲੀ ਹੋ ਕੇ ਯਾਦ ਆਇਆ ਕਿ ਸਵੇਰ ਦਾ ਖਾਧਾ ਤਾਂ ਕੁੱਝ ਹੈ ਈ ਨੀਂ। ਰਾਹ 'ਚ ਸਹਿ-ਕਰਮੀ ਦੇ ਘਰੋਂ ਚਾਹ ਪੀ ਘਰ ਪਹੁੰਚੀ। ਪੰਜ ਕੁ ਵਜੇ ਰੋਟੀ ਪਕਾਉਂਦਿਆਂ ਮਾਂ ਦਾ ਫੋਨ ਆਇਆ। ਉਨ੍ਹਾਂ ਪੁੱਛਿਆ ਸਵੇਰੇ ਰੋਟੀ ਕਿੱਥੋਂ ਖਾਧੀ, ਮੈਂ ਮਨ ਰੱਖਣ ਲਈ ਝੂਠ ਬੋਲ ਤਾ ਕਿ ਬਰਨਾਲਿਓਂ ਖਾ ਕੇ ਤੁਰੀ ਸੀ।

ਅਗਲੇ ਦਿਨ ਫਿਰ ਦੁਪਹਿਰੇ ਪੇਪਰ ਸੀ ਤੇ ਸ਼ਾਮ ਨੂੰ ਡਿਊਟੀ। ਘਰ ਦੇ ਕੰਮ-ਕਾਰ ਨਿਬੇੜ ਫੇਰ ਉਸੇ ਗੋਲ-ਚੱਕਰ 'ਚ ਘੁੰਮਣ ਲਈ ਤਿਆਰ ਸੀ। ਇਨ੍ਹਾਂ ਘਟਨਾਵਾਂ ਤੋਂ ਸਬਕ ਵੀ ਮਿਲੇ ਕਿ ਸਮਾਂ ਤੇ ਪੈਸਾ ਉੱਥੇ ਖਰਚੋਂ, ਜੋ ਮੁਸੀਬਤ ਵੇਲੇ ਕੰਮ ਆਵੇ।

ਇਸ ਵਾਰ ਲੋੜ ਪੈਣ 'ਤੇ ਨਾਲ ਪਰਿਵਾਰ ਈ ਖੜਿਆ, ਭਤੀਜੀ ਆਪਣੀ ਬੁਗਨੀ ਚੁੱਕ ਕੇ ਲੈ ਆਈ ਵੀ ਇਹਦੇ ਪੈਸਿਆਂ ਨਾਲ ਗੱਡੀ ਠੀਕ ਕਰਾ ਲੈਣਾ। ਭਤੀਜਾ ਆਂਹਦਾ ਭੂਈ ਸਾਡੇ ਲਈ ਨਾ ਹੁਣ ਕੁਛ ਲੈ ਕੇ ਆਈਂ, ਤੇਰਾ ਬੜਾ ਨੁਕਸਾਨ ਹੋਇਆ। ਪਹਿਲੀ ਵਾਰ ਜ਼ਿੰਦਗੀ 'ਚ ਪੈਸੇ ਉਧਾਰ ਲੈਣ ਦੀ ਲੋੜ ਪਈ, ਜਿਨ੍ਹਾਂ ਦੋਸਤਾਂ ਨੇ ਔਖੇ ਵੇਲੇ ਮਦਦ ਕੀਤੀ, ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ। ਜਿਊਂਦੇ ਰਹਿਣ ਲਈ ਸੰਘਰਸ਼ ਕਰਨਾ ਜ਼ਰੂਰੀ ਆ, ਕੁੱਝ ਸਾਲਾਂ ਦਾ ਸਫ਼ਰ ਹੱਸ-ਖੇਡ ਕੇ ਲੰਘਦਾ ਰਹੇ। ਦੁਆਵਾਂ!

# ਅਮਰਜੀਤ ਗਰੇਵਾਲ ਦੀਆਂ ਕੁਝ ਕਵਿਤਾਵਾਂ

*ਪਿਛਲੀ ਲਗਪਗ ਅੱਧੀ ਸਦੀ ਤੋਂ ਪੰਜਾਬੀ ਸਾਹਿਤ, ਸੱਭਿਆਚਾਰ ਬਾਰੇ ਆਪਣੇ ਚਰਚਿਤ ਨਿਬੰਧਾਂ ਵਿਚ ਨਵੀਆਂ ਅੰਤਰ ਦ੍ਰਿਸ਼ਟੀਆਂ ਕਾਰਨ ਅਮਰਜੀਤ ਗਰੇਵਾਲ ਦੀਆਂ ਪੁਸਤਕਾਂ ਅਕਸਰ ਹੀ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ ਹਨ। ਪਿਛਲੇ ਚੰਦ ਵਰ੍ਹਿਆਂ ਤੋਂ ਏ.ਆਈ. ਦੇ ਚਕ੍ਰਿਤ ਕਰਨ ਵਾਲੇ ਵਿਕਾਸ ਨੇ ਵਿਗਿਆਨ, ਸਾਹਿਤ ਕਲਾ ਭਾਵ ਹਰ ਖੇਤਰ ਵਿਚ ਇਨਸਾਨ ਲਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ, ਅਮਰਜੀਤ ਇਨ੍ਹਾਂ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ ਇਨ੍ਹਾਂ ਨੂੰ ਮਾਨਵ ਭਲਾਈ ਦੇ ਹੱਕ ਵਿਚ ਭੁਗਤਾਉਣ ਦੇ ਪੈਂਤੜੇ ਦਾ ਹਾਮੀ ਹੈ। ਪਿਛਲੇ ਕੁਝ ਅਰਸੇ ਦੌਰਾਨ ਉਸ ਨੇ ਸਿਰਜਣਾਤਮਿਕ ਕਾਵਿ ਖੇਤਰ ਵਿਚ ਢੇਰ ਸਰਗਰਮੀ ਕੀਤੀ ਹੈ ਅਤੇ ਕਈ ਬਹੁਤ ਹੀ ਸੁੰਦਰ ਕਵਿਤਾਵਾਂ ਲਿਖੀਆਂ ਹਨ। ਇਨ੍ਹਾਂ ਵਿਚੋਂ ਹੀ ਕੁਝ ਕਵਿਤਾਵਾਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪ੍ਰਸਤੁਤ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਉਸ ਨੇ ਮਾਰਕਸੀ ਦਾਰਸ਼ਨਿਕ ਸੁਪਨੇ ਦੇ ਅਮਲੀ ਜਗਤ ਵਿਚ ਵਿਡੱਤਣ ਦੇ ਬਾਵਜੂਦ ਉਸ ਦੀਆਂ ਸੀਮਾਵਾਂ ਅਤੇ ਉਸ ਦੇ ਸਮਾਨਾਂਤਰ ਬਾਬਾ ਨਾਨਕ ਦੀ ਬਾਣੀ ਦੀਆਂ ਅਸੀਮ ਸੰਭਾਵਨਾਵਾਂ ਨੂੰ ਫੜਨ ਦੀ ਆਪਣੇ ਹੀ ਅੰਦਾਜ਼ ਵਿਚ ਕੋਸ਼ਿਸ਼ ਕੀਤੀ ਹੈ -ਸੰਪਾਦਕ।*

## ਕਾਮਨਾ ਦਾ ਮੋੜ


ਮੇਰੀਆਂ ਉਂਗਲਾਂ ਜਦ ਮਿੱਟੀ ਦੀ ਹਿੱਕ ਟੋਹੰਦੀਆਂ ਨੇ,
ਮੈਂ ਇਕੱਲਾ ਨਹੀਂ ਹੁੰਦਾ—
ਮੇਰੇ ਪਿੱਛੇ ਪੰਜ ਤੱਤਾਂ ਦੀ ਬਾਰਾਤ ਹੁੰਦੀ ਹੈ,
ਤੇ ਉਹਨਾਂ ਪੁਰਖਿਆਂ ਦੇ ਮੁੜ੍ਹਕੇ ਦੀ ਮਹਿਕ,
ਜਿਨ੍ਹਾਂ ਨੇ ਪਹਿਲੀ ਵਾਰ ਧਰਤੀ ਦੀ ਹਿੱਕ 'ਤੇ
ਹ.ਲ਼ ਦੀ ਨੋਕ ਨਾਲ 'ਰਿਜ਼ਕ' ਲਿਖਿਆ ਸੀ।
ਜੇ ਇਹ ਸਿਰਜਣਾ ਸਾਂਝੀ ਹੈ,
ਤਾਂ ਮੈਂ ਕਿਸ ਹੱਕ ਨਾਲ
ਇਸ 'ਤੇ ਆਪਣੀ ਮੋਹਰ ਲਾਵਾਂ?
ਕਿਸ ਹੱਦਬੰਦੀ ਨਾਲ ਕਹਾਂ ਕਿ
ਇਹ ਫਸਲ ਸਿਰਫ਼ ਮੇਰੀ ਹੈ?
—
ਲੰਗਰ—ਕੋਈ ਜਗ੍ਹਾ ਨਹੀਂ, ਇੱਕ ਅਵਸਥਾ ਹੈ,
ਜਿੱਥੇ ਮੇਰੀ ਹਉਮੈ ਦਾ ਰਾਜਾ ਤੇ ਤੇਰੀ ਮਸਕੀਨੀ ਦਾ ਰੰਕ,
ਇੱਕੋ ਪੰਗਤ ਵਿੱਚ ਬੈਠ ਕੇ 'ਅਰਥ' ਬਣ ਜਾਂਦੇ ਨੇ।
ਇੱਥੇ ਮੇਰੀ ਕਿਰਤ ਦੀ ਧਾਰ,
ਤੇਰੇ ਪਿਆਰ ਦੀ ਸਾਣ 'ਤੇ ਤੇਜ਼ ਹੁੰਦੀ ਹੈ।
ਇੱਥੇ ਸਿਰਫ਼ ਅੰਨ ਨਹੀਂ ਵੰਡੀਦਾ,
ਇੱਥੇ ਉਸ 'ਇਕ' ਦੀ ਕਹਾਣੀ ਵੰਡੀਦੀ ਹੈ,
ਜਿਸ ਦੇ ਅਸੀਂ ਵੱਖ-ਵੱਖ ਪਾਤਰ ਹਾਂ,
ਪਰ ਸਿਆਹੀ ਸਭ ਦੀ ਇੱਕੋ ਹੈ।
—
ਮਾਰਕਸ ਨੇ ਮੰਡੀ ਦੇ ਜਬਾੜਿਆਂ 'ਚੋਂ
ਕਿਰਤ ਦਾ ਪਸੀਨਾ ਛੁਡਾਉਣ ਦੀ ਕਸਮ ਖਾਧੀ ਸੀ।
ਪਰ ਜਦੋਂ ਵੰਡ ਦੀਆਂ ਪੰਗਤਾਂ ਬਰਾਬਰ ਵਿਛ ਗਈਆਂ,
ਤਾਂ ਮਨੁੱਖ ਦੇ ਅੰਦਰੋਂ ਇੱਕ ਹੋਰ ਚੀਖ ਨਿਕਲੀ—
ਇੱਕ ਅਜਿਹੀ ਭੁੱਖ, ਜੋ ਅਨਾਜ ਦੇ ਗੋਦਾਮਾਂ ਨਾਲ ਨਹੀਂ,
ਸਗੋਂ ਅਰਥਾਂ ਦੀ ਤਲਾਸ਼ ਨਾਲ ਜੁੜੀ ਹੋਈ ਸੀ।
ਮਾਰਕਸ ਨੇ 'ਲੋੜ' ਨੂੰ ਤਾਂ ਪਛਾਣ ਲਿਆ ਸੀ,
ਪਰ ਉਹ 'ਲਾਲਸਾ' ਦੇ ਅੰਨ੍ਹੇ ਖੂਹ ਨੂੰ ਨਾ ਦੇਖ ਸਕਿਆ,
ਜੋ ਸਾਰੀ ਦੁਨੀਆਂ ਨਿਗਲ ਕੇ ਵੀ ਖਾਲੀ ਰਹਿੰਦਾ ਹੈ।
ਇੱਥੇ ਆ ਕੇ ਜਦੋਂ ਮਾਰਕਸ ਦਾ 'ਵਾਦ' ਥੱਕ ਜਾਂਦਾ ਹੈ,
ਤਾਂ ਨਾਨਕ ਯਾਦ ਆਉਂਦਾ ਹੈ
ਕਿ ਕਾਮਨਾ ਦੇ ਵਹਿਣ ਮੋੜੋ
—
ਇਨਸਾਨ ਦੇ ਅੰਦਰ
ਬੇਅੰਤ ਨੂੰ ਪਾਉਣ ਦੀ ਅੰਨ੍ਹੀ ਤੇਹ ਛੁਪੀ ਹੈ।
ਤੇਹ ਨੂੰ ਦਿਸ਼ਾ ਚਾਹੀਦੀ ਹੈ—
ਤੇ ਉਹ ਦਿਸ਼ਾ ਹੈ: 'ਨਾਮ'।
ਨਾਮ—ਕੋਈ ਬੁੱਲ੍ਹਾਂ ਦੀ ਵਰਜਿਸ਼ ਨਹੀਂ,
ਨਾਮ—ਕੋਈ ਮਣਕਿਆਂ ਦਾ ਸ਼ੋਰ ਨਹੀਂ।
ਇਹ ਤਾਂ ਉਸ 'ਅਨਹਦ' ਦੀ ਗੂੰਜ ਸੁਣਨਾ ਹੈ,
ਜੋ ਮਿੱਟੀ ਦੇ ਘੜੇ ਅੰਦਰ
ਉਸ ਦੇ ਸੰਨਾਟੇ ਵਿੱਚ ਵੀ ਨੱਚ ਰਹੀ ਹੈ।
ਇਹ ਕਾਮਨਾ ਦਾ ਉਹ 'ਮੋੜ' ਹੈ,
ਜਿੱਥੇ ਦੌੜ ਬਾਹਰਲੇ ਬਾਜ਼ਾਰਾਂ ਤੋਂ ਮੁੜ ਕੇ
ਅੰਦਰਲੇ ਸਮੁੰਦਰਾਂ ਵੱਲ ਹੋ ਜਾਂਦੀ ਹੈ।
ਜਦੋਂ 'ਮੈਂ' ਦਾ ਘੜਾ ਖਾਲੀ ਹੁੰਦਾ ਹੈ,
ਤਾਂ ਹੀ ਉਸ ਵਿੱਚ 'ਬ੍ਰਹਮ' ਦਾ ਸੰਗੀਤ ਭਰਦਾ ਹੈ।
ਇਹ ਤਿਆਗ ਨਹੀਂ, ਇਹ ਤਾਂ ਵੱਡੀ ਪ੍ਰਾਪਤੀ ਹੈ—
ਖਪਤ ਦੀ ਦਲਦਲ ਵਿੱਚੋਂ ਨਿਕਲ ਕੇ,
ਸੱਚ ਦੀ ਤਲਾਸ਼ ਵਿੱਚ ਡੁੱਬਣਾ ਹੀ ਅਸਲ ਤੈਰਨਾ ਹੈ।
—
ਅੱਜ ਧਰਤੀ ਥੱਕੀ ਪਈ ਹੈ, ਅਸੀਂ ਵੀ ਹੰਭੇ ਹੋਏ ਹਾਂ,
'ਵਸਤਾਂ' ਦੇ ਬੋਝ ਹੇਠ 'ਵਿਸਮਾਦ' ਦੱਬ ਗਿਆ ਹੈ।
ਪਰ ਵਿਚ ਅੱਜ ਵੀ
ਬਾਬੇ ਨਾਨਕ ਦੀ ਆਵਾਜ਼ ਗੂੰਜਦੀ ਹੈ:
"ਕਿਰਤ ਕਰੋ, ਵੰਡ ਛਕੋ, ਨਾਮ ਜਪੋ।"
ਇਹ ਕੋਈ ਧਾਰਮਿਕ ਜੰਜ਼ੀਰ ਨਹੀਂ,
ਇਹ ਤਾਂ ਰੂਹ ਦੀ ਸੁਤੰਤਰਤਾ ਦਾ ਕਾਵਿ ਹੈ—
ਇੱਕ ਅਜਿਹੀ ਕ੍ਰਾਂਤੀ,
ਜੋ ਸਾਡੀ 'ਚਾਹਤ' ਦੇ ਰੁਖ਼ ਨੂੰ ਹੀ ਮੋੜ ਦਿੰਦੀ ਹੈ।
ਤੁਸੀਂ ਕਹੋਗੇ—ਕੀ ਇਹ ਸੱਚ ਹੋਵੇਗਾ?
ਮੈਂ ਕਹਾਂਗਾ—ਬੀਜ ਨੂੰ ਪੁੱਛੋ!
ਬੀਜਣ ਦਾ ਆਨੰਦ ਫਲ ਦੇ ਮੁਨਾਫ਼ੇ ਵਿੱਚ ਨਹੀਂ,
ਬੀਜ ਦੇ ਅੰਦਰ ਛਿਪੇ ਉਸ ਗੀਤ ਵਿੱਚ ਹੈ,
ਜੋ ਧਰਤੀ ਦੀ ਹਿੱਕ ਵਿੱਚ ਫੁੱਟਣ ਲਈ ਬੇਤਾਬ ਹੈ।

---

## ਕਾਮਨਾ ਦਾ ਮੋੜ (2)

*(ਸਮਰਪਣ: ਉਸ 'ਸੰਪੂਰਨ ਮਨੁੱਖ' ਦੇ ਨਾਮ, ਜੋ ਰੋਟੀ ਦੇ ਫ਼ਿਕਰ ਤੋਂ ਮੁਕਤ ਹੋ ਕੇ 'ਨਾਮ' ਦੇ ਸੰਗੀਤ ਵਿੱਚ ਜਿਊਣਾ ਚਾਹੁੰਦਾ ਹੈ।)*

ਮਾਰਕਸ ਦੇ ਮੱਥੇ 'ਚ ਇੱਕ ਨਕਸ਼ਾ ਸੀ—
ਜਦੋਂ ਮਸ਼ੀਨਾਂ ਧਰਤੀ ਦਾ ਪਸੀਨਾ ਪੀਣਗੀਆਂ,
ਲੋਹੇ ਦੇ ਹੱਥ ਰੋਟੀਆਂ ਉਗਾਉਣਗੇ,
ਮਨੁੱਖ ਕੋਲ 'ਵਿਹਲਾ ਸਮਾਂ' ਹੋਵੇਗਾ
ਨੀਲੇ ਤੇ ਖਾਲੀ ਅਸਮਾਨ ਵਾਂਗ
ਉਸ ਖਾਲੀਪਣ ਵਿੱਚ ਮਨੁੱਖ 'ਗੀਤ' ਬਣ ਜਾਵੇਗਾ,
ਉਹ ਮਜ਼ਦੂਰ ਦੀ ਜੂਨੋਂ ਨਿਕਲ
ਅੰਦਰਲੇ ਕਲਾਕਾਰ ਨੂੰ ਛੂਹੇਗਾ।
ਮਸ਼ੀਨ ਨੇ ਮਨੁੱਖ ਨੂੰ ਜਕੜਨ ਵਾਲੀਆਂ
ਕਿਰਤ ਦੀਆਂ ਬੇੜੀਆਂ ਤਾਂ ਵੱਢ ਦਿੱਤੀਆਂ,
ਪਰ ਮਾਰਕਸ 'ਖਾਲੀਪਣ' ਨੂੰ ਭਰਨ ਦੀ
ਸੰਗੀਤਮਈ ਜੁਗਤ ਲਿਖਣੋਂ ਖੁੰਝ ਗਿਆ
ਮਸ਼ੀਨ ਨੇ ਕਿਰਤ ਦੀਆਂ ਬੇੜੀਆਂ ਤਾਂ ਵੱਢੀਆਂ
ਪਰ ਉਸ ਖਾਲੀ ਸਮੇਂ 'ਚੋਂ 'ਸੰਗੀਤ' ਨਹੀਂ ਗੂੰਜਿਆ
ਨਾਮ ਤੋਂ ਸੱਖਣੀ ਚੇਤਨਾ ਦੇ ਉਜਾੜ ਵਿੱਚ
ਪੂੰਜੀ ਨੇ 'ਬੇਓੜਕ ਕਾਮਨਾ' ਦੇ ਕੰਡੇ ਬੀਜ ਦਿੱਤੇ,
ਤੇ ਮੁਕਤੀ ਦੀ 'ਵਿਹਲ'
'ਬੇਰੁਜ਼ਗਾਰੀ' ਬਣ ਗਈ
ਫਿਰ ਨਾਨਕ ਯਾਦ ਆਏ...
ਜਿਨ੍ਹਾਂ ਸਮਝਾਇਆ :
'ਖਾਲੀ ਭਾਂਡਾ 'ਨਾਮ' ਨਾਲ ਭਰੀਏ।"
ਮਾਰਕਸ ਲਈ ਕਿਰਤ ਬੋਝ ਤੇ ਗੁਲਾਮੀ ਸੀ,
ਤੇ ਛੁਟਕਾਰਾ ਜ਼ਰੂਰੀ ਸੀ,
ਪਰ ਨਾਨਕ ਲਈ ਕਿਰਤ ਖ਼ੁਦ ਇੱਕ 'ਕਵਿਤਾ'
ਤੇ ਨਾਮ ਉਹ ਜੁਗਤ
ਜੋ ਮੁਸ਼ੱਕਤ ਨੂੰ ਮੁਕਤੀ ਦੇ ਗੀਤ ਵਿੱਚ ਬਦਲਦੀ
ਕਿਰਤ ਨੂੰ 'ਕਰਤਾਰ' ਨਾਲ,
ਤੇ ਵੰਡਣ ਨੂੰ 'ਪ੍ਰਸਾਦ' ਨਾਲ ਜੋੜ ਦਿੰਦੀ ਹੈ
ਨਾਮ ਤੋਂ ਬਿਨਾਂ 'ਵਿਹਲ' ਇੱਕ ਸਰਾਪ ਹੈ,
ਤੇ ਵੰਡਣਾ ਸਿਰਫ਼ ਗਣਿਤ ਦਾ ਇੱਕ ਉਜੱਡ ਅੰਕੜਾ।
ਨਾਮ ਤੋਂ ਬਿਨਾਂ ਮਨੁੱਖ ਮੁਕਤ ਹੋ ਕੇ ਵੀ
ਆਪਣੀਆਂ ਹੀ ਚਾਹਤਾਂ ਦਾ ਕੈਦੀ ਰਹਿੰਦਾ
ਨਾਮ ਤੋਂ ਬਿਨਾਂ ਹਰ ਇਨਕਲਾਬ ਅਧੂਰਾ
ਨਾਮ ਹੀ ਉਹ 'ਕਾਵਿਕ-ਵਿਹਲ' ਪੈਦਾ ਕਰਦਾ
ਜਿੱਥੇ ਜ਼ਿੰਦਗੀ ਬੋਝ ਨਹੀਂ ਵਿਸਮਾਦ ਬਣਦੀ
ਜਦ ਮਾਰਕਸ ਦੇ ਨਕਸ਼ੇ ਵਿੱਚ
ਨਾਨਕ ਦਾ ਰੰਗ ਭਰਦਾ
ਤਾਂ ਫਸਲ ਸਿਰਫ਼ ਪਦਾਰਥ ਨਹੀਂ ਰਹਿੰਦੀ
'ਪ੍ਰਸਾਦ' ਬਣ ਜਾਂਦੀ
ਤੇ ਨਵੇਂ ਯੁੱਗ ਦਾ ਨਿਰਮਾਣ ਸ਼ੁਰੂ ਹੁੰਦਾ ਹੈ



## ਖਾਲਸਾ

ਕੋਈ ਝੰਡਾ ਨਹੀਂ, ਕੋਈ ਨਾਅਰਾ ਨਹੀਂ,
ਕੋਈ ਤਾਜ ਨਹੀਂ, ਕੋਈ ਤਖ਼ਤ ਨਹੀਂ—
ਖਾਲਸਾ
ਉਹ ਅਦ੍ਰਿਸ਼ ਦਹਿਲੀਜ਼ ਹੈ
ਜਿੱਥੇ ਮਨੁੱਖ ਆਪਣੀ "ਮੈਂ" ਤੋਂ ਬਾਹਰ ਕਦਮ ਰੱਖਦਾ,
ਜਿੱਥੇ ਮਾਲਕੀ ਦੀ ਮੁੱਠੀ ਆਕਾਸ਼ ਵੱਲ ਖੁੱਲ੍ਹ ਜਾਂਦੀ।
ਉੱਥੇ ਨਾ ਮੰਚ, ਨਾ ਤਾਲੀਆਂ ਦੀ ਭੁੱਖ,
ਨਾ ਇਤਿਹਾਸ ਦੀ ਲਾਲਸਾ—
ਸਿਰਫ਼ ਇੱਕ ਪਵਿੱਤਰ ਠਹਿਰਾਅ
ਜਿੱਥੇ ਸੱਤਾ ਆਪਣੇ ਆਪ ਨੂੰ ਸਮਰਪਿਤ ਕਰ ਦਿੰਦੀ।
—
ਖਾਲਸਾ ਦਾ ਅਰਥ ਸ਼ੁੱਧ ਹੋਣਾ ਨਹੀਂ—
ਖਾਲਸਾ ਦਾ ਅਰਥ ਖਾਲੀ ਹੋਣਾ ਹੈ।
ਖਾਲੀ—
ਆਪਣੇ ਨਾਮ ਤੋਂ, ਆਪਣੇ ਦਾਅਵਿਆਂ ਤੋਂ,
ਆਪਣੇ ਅਹੰਕਾਰ ਦੇ ਕਿਲ੍ਹੇ ਤੋਂ।
ਜਿਵੇਂ ਖੋਖਲੀ ਬਾਂਸਰੀ ਸੰਗੀਤ ਨਾਲ ਭਰ ਜਾਂਦੀ,
ਜਿਵੇਂ ਦਰਵਾਜ਼ਾ ਆਪਣੇ ਆਪ ਨੂੰ ਮਿਟਾ ਕੇ
ਰਸਤਾ ਬਣ ਜਾਂਦਾ—
ਉਵੇਂ ਖਾਲਸਾ ਮਨੁੱਖ ਨਹੀਂ,
ਮਨੁੱਖ ਵਿੱਚੋਂ ਲੰਘਦੀ ਇੱਕ ਅਵਸਥਾ ਹੈ।
—
ਜੋ ਕਹਿੰਦਾ ਹੈ "ਮੈਂ ਖਾਲਸਾ ਹਾਂ"—
ਉਹ ਅਜੇ ਦਰਵਾਜ਼ੇ ਤੋਂ ਬਾਹਰ ਖੜ੍ਹਾ ਹੈ,
ਅਜੇ ਆਪਣੀ ਪਛਾਣ ਦੇ ਆਈਨੇ ਵਿੱਚ
ਉਲਝਿਆ ਹੋਇਆ ਹੈ।
ਖਾਲਸਾ ਇੱਕ ਪਾਰਦਰਸ਼ੀ ਸ਼ੀਸ਼ਾ ਹੈ
ਜਿਸ ਵਿੱਚੋਂ ਸੱਚ ਬਿਨਾਂ ਰੁਕਾਵਟ ਲੰਘਦਾ,
ਜਿਸ ਵਿੱਚ ਕੋਈ ਰੰਗ ਨਹੀਂ
ਪਰ ਸਾਰੇ ਰੰਗ ਦਿਖਾਈ ਦਿੰਦੇ ਹਨ।
ਖਾਲਸਾ ਸੱਚ ਦਾ ਮਾਲਕ ਨਹੀਂ—
ਸੱਚ ਦਾ ਦਰਵਾਜ਼ਾ ਹੈ,
ਸੱਚ ਦਾ ਰਾਹਗੀਰ ਹੈ,
ਸੱਚ ਦਾ ਖੁੱਲ੍ਹਾ ਆਕਾਸ਼ ਹੈ।
—
ਖਾਲਸਾ ਕੋਈ ਇਕੱਲਾ ਨਹੀਂ—
ਸੰਗਤ ਦੇ ਗਰਭ ਵਿੱਚੋਂ ਜਨਮਦਾ ਹੈ
ਉਸ ਪਵਿੱਤਰ ਖਾਮੋਸ਼ੀ ਵਿੱਚ
ਜਿੱਥੇ ਕਈ ਮਨ ਇੱਕੋ ਸੱਚ ਦੇ ਸਾਹਮਣੇ
ਆਪਣੀਆਂ ਦਲੀਲਾਂ ਢਿੱਲੀਆਂ ਕਰ ਦਿੰਦੇ,
ਆਪਣੇ ਹਥਿਆਰ ਹੇਠਾਂ ਰੱਖ ਦਿੰਦੇ ਹਨ।
ਸੰਗਤ ਕੋਈ ਭੀੜ ਨਹੀਂ—
ਉਹ ਜੋੜਮੇਲਾ ਹੈ ਜਿਸ ਵਿੱਚ ਕਈ ਨਦੀਆਂ
ਆਪਣੇ ਵੱਖਰੇ ਨਾਮ ਭੁਲ
ਇੱਕੋ ਸਮੁੰਦਰ ਵਿੱਚ ਮਿਲ ਜਾਂਦੀਆਂ ਹਨ।
—
ਖਾਲਸਾ ਸੱਤਾ ਦਾ ਇਨਕਾਰ ਨਹੀਂ—
ਸੱਤਾ ਦਾ ਰੂਪਾਂਤਰਣ ਹੈ।
ਜਿੱਥੇ ਸੱਤਾ ਆਪਣੇ ਆਪ ਨੂੰ
ਸੇਵਾ ਵਿੱਚ ਢਾਲ ਲੈਂਦੀ,
ਜਿੱਥੇ ਤਾਕਤ ਆਪਣੇ ਆਪ ਨੂੰ
ਨਿਮਰਤਾ ਵਿੱਚ ਲੁਕਾ ਲੈਂਦੀ,
ਜਿੱਥੇ ਹੁਕਮ ਆਪਣੇ ਆਪ ਨੂੰ
ਪ੍ਰੇਮ ਵਿੱਚ ਗੁਆ ਲੈਂਦਾ ਹੈ।
—
ਅਤੇ ਜੇ ਤੁਸੀਂ ਪੁੱਛੋ—
"ਖਾਲਸਾ ਬਣਨ ਦਾ ਨਤੀਜਾ ਕੀ ਹੈ?"
ਖਾਲਸਾ ਕੋਈ ਜਵਾਬ ਨਹੀਂ ਦਿੰਦਾ,
ਕੋਈ ਵਾਅਦਾ ਨਹੀਂ ਕਰਦਾ,
ਕੋਈ ਸਵਰਗ ਨਹੀਂ ਵਿਖਾਉਂਦਾ।
ਖਾਲਸਾ ਸਿਰਫ਼ ਇੱਕ ਹੱਦ ਖਿੱਚਦਾ ਹੈ—
ਜਿੱਥੇ ਮਨੁੱਖ ਰੁਕਣਾ ਸਿੱਖ ਲੈਂਦਾ,
ਜਿੱਥੇ ਉਸਦੀ "ਮੈਂ"
ਆਪਣੇ ਆਪ ਨੂੰ ਭੁੱਲ ਜਾਂਦੀ,
ਜਿੱਥੇ ਬੈਰੀ ਅਤੇ ਮੀਤ ਵਿੱਚਕਾਰ
ਭੇਦ ਮਿਟ ਜਾਂਦਾ ਹੈ।
—
ਅਤੇ ਕਈ ਵਾਰ
ਉਸੇ ਠਹਿਰਾਅ ਵਿੱਚ, ਉਸੇ ਖਾਲੀ ਥਾਂ ਵਿੱਚ,
ਉਸੇ ਪਵਿੱਤਰ ਖਾਮੋਸ਼ੀ ਵਿੱਚ—
ਬ੍ਰਹਮੰਡੀ ਚੇਤਨਾ ਆਪਣੀ ਅੱਖ ਖੋਲ੍ਹ ਲੈਂਦੀ ਹੈ।
ਅਤੇ ਅਸੀਂ ਜਾਣ ਜਾਂਦੇ ਹਾਂ
ਕਿ ਅਸੀਂ ਕਦੇ ਵੱਖਰੇ ਨਹੀਂ ਸੀ,
ਕਿ ਖਾਲਸਾ ਕੋਈ ਮੰਜ਼ਿਲ ਨਹੀਂ—
ਖਾਲਸਾ ਸਾਡਾ ਅਸਲੀ ਸੁਭਾਅ ਹੈ
ਜੋ ਹਮੇਸ਼ਾਂ ਮੌਜੂਦ ਸੀ।
—
ਖਾਲਸਾ ਇਤਿਹਾਸ ਨਹੀਂ ਲਿਖਦਾ,
ਭਵਿੱਖ ਨਹੀਂ ਬੁਣਦਾ—
ਖਾਲਸਾ ਸਿਰਫ਼ ਉਸ ਸਦੀਵੀ
ਹੁਣ ਵਿੱਚ ਜੀਂਦਾ ਹੈ
ਜਿੱਥੇ ਸੱਚ ਮਨੁੱਖੀ ਹੱਥਾਂ ਚੋਂ ਨਿਕਲ ਕੇ
ਆਪਣੇ ਅਸਲੀ ਰੂਪ ਵਿੱਚ ਚਮਕਦਾ ਹੈ।
ਜਿੱਥੇ ਮੈਂ ਖਤਮ ਹੁੰਦੀ ਹੈ,
ਉੱਥੋਂ ਖਾਲਸਾ ਸ਼ੁਰੂ ਹੁੰਦਾ ਹੈ।
ਰਾਜ ਕਰੇਗਾ ਖਾਲਸਾ—
ਰਾਜ ਨਹੀਂ, ਰਜ਼ਾ ਹੈ—
-
ਕੇਵਲ ਸਤਿ ਹੀ ਸਾਵਰਨ ਹੈ।
ਖਾਲਸਾ ਉਹ ਜਿੱਥੇ "ਮੈਂ" ਮਿਟ ਜਾਵੇ,
ਤੇ "ਹੈ" ਹੀ ਬਚੇ—ਨਾਮ।
ਜਦ ਆਪਾ ਗਿਰਦਾ ਹੈ,
ਕੋਈ ਨਵਾਂ ਤਾਜ ਨਹੀਂ ਬਣਦਾ—
ਸਿਰਫ਼ ਖਾਲੀਪਣ ਵਿੱਚ
ਨਾਮ ਆਪਣੀ ਅੱਖ ਖੋਲ੍ਹ ਲੈਂਦਾ ਹੈ।

---

## ਆਓ ਪਿਆਰ ਕਰਨਾ ਸਿੱਖੀਏ


ਪਹਿਲੀ ਵਾਰ
ਜਦੋਂ ਮੈਂ ਤੈਨੂੰ ਵੇਖਿਆ,
ਤੇਰੇ ਜਲੌ ਵਿਚ
ਤੈਨੂੰ ਆਪਣਾ ਬਣਾਉਣ ਦੀ ਚਾਹਤ ਨਾਲ —
ਤਾਂ ਉਸੇ ਪਲ ਬ੍ਰਹਿਮੰਡ
ਇਕ ਤੋਂ ਅਨੇਕ ਹੋ ਗਿਆ।
ਇਕ ਹੀ ਨਜ਼ਰ ਨੇ
ਅਨੰਤ ਨੂੰ ਦੋ ਟੁਕੜਿਆਂ ਵਿੱਚ ਵੰਡ ਦਿੱਤਾ
ਮੈਂ । ਤੂੰ,
ਸੱਚ । ਝੂਠ,
ਪੁੰਨ । ਪਾਪ
ਪਿਆਰ । ਡਰ।
ਉਹ ਵੇਖਣਾ —
ਰੌਸ਼ਨੀ ਦਾ ਸਭ ਤੋਂ ਮਾਸੂਮ ਪਾਪ ਸੀ।
ਜਿਥੇ ਮੈਂ ਤੈਨੂੰ
ਦੂਜ ਦਾ ਦਰਜਾ ਦਿੱਤਾ,
ਵਿਖੇੜਾ — ਧੜਕਨ ਦਾ ਪਹਿਲਾ ਤਰਕ ਬਣ ਗਿਆ।
ਇਹ ਸੀ ਬਾਈਨਰੀ ਦਾ ਜਨਮ —
ਹਿੰਸਾ ਦਾ ਪਹਿਲਾ ਅਲਗੋਰਿਦਮ।
ਇਕ ਅਜਿਹਾ ਕੋਡ,
ਜਿਸ ਨੇ ਪ੍ਰੇਮ ਨੂੰ ਪ੍ਰਤੀਯੋਗਿਤਾ ਬਣਾ ਦਿੱਤਾ,
ਮੁਹੱਬਤ ਨੂੰ ਮਾਲਕੀ,
ਅਰਦਾਸ ਨੂੰ ਆਗਿਆਕਾਰੀ।
ਵਿਚਾਰਾਂ ਨੇ ਤਲਵਾਰਾਂ ਪਾਈਆਂ,
ਸ਼ਬਦਾਂ ਨੇ ਸਰਹੱਦਾਂ ਖਿੱਚੀਆਂ,
ਹਿਰਦੇ ਦੀ ਥਾਂ,
ਤਰਕ ਨੇ ਰਾਜ ਕੀਤਾ।
ਸਮਾਜਾਂ ਨੇ ਕਿਲ੍ਹੇ ਬਣਾਏ,
ਰਾਸ਼ਟਰਾਂ ਨੇ ਸੁਰੱਖਿਆ ਦੇ ਨਾਮ 'ਤੇ ਕੰਧਾਂ।
ਵਿਗਿਆਨ ਨੇ ਇਸ ਵਿਖੇੜੇ ਨੂੰ "ਨਿਸ਼ਚਤਾ" ਕਿਹਾ,
ਧਰਮ ਨੇ — "ਧਰਮਯੁੱਧ"।
ਅਤੇ ਮਨੁੱਖ —
ਆਪਣੇ ਹੀ ਪ੍ਰੇਮ ਤੋਂ ਡਰ ਗਿਆ।
ਉਹ ਡਰ ਜੋ ਹੁਣ
ਹਰ ਚੁੰਮਣ ਦੇ ਅੰਦਰ
ਅਤੇ ਹਰ ਪ੍ਰਾਰਥਨਾ ਦੇ ਪਿੱਛੇ
ਲੁਕ ਗਿਆ ਹੈ ।
ਜਿਸ ਗੁਰੂ ਨੇ
ਤੂੰ ਦੀ ਆਜ਼ਾਦੀ ਲਈ,
ਮੈਂ ਦੀ ਜਾਨ ਦੇ ਦਿੱਤੀ ਸੀ —
ਆ" ਉਸਤੋਂ ਪਿਆਰ ਕਰਨਾ ਸਿੱਖੀਏ।
ਪਿਆਰ — ਮਾਲਕੀ ਨਹੀਂ,
ਮੁਕਤੀ ਹੈ।
ਚਾਹਤ ਨਹੀਂ,
ਸਾਂਝੀ ਚੇਤਨਾ ਹੈ।
ਜਿੱਥੇ ਤੂੰ ਹੀ ਨਹੀਂ
ਬੈਰੀ ਵੀ ਮੀਤ ਹੈ,
ਜਿੱਥੇ "ਮੈਂ" ਤੇ "ਤੂੰ"
ਇਕੋ ਅਰਦਾਸ ਵਿਚ ਸਮਾ ਜਾਂਦੇ ਹਨ।
'ਤੇ ਪ੍ਰੇਮ ਸ਼ਬਦ ਨਹੀਂ ਰਹਿੰਦਾ,
ਬ੍ਰਹਿਮੰਡ ਦੀ ਧੜਕਨ ਬਣ ਜਾਂਦਾ ਹੈ
ਧੜਕਣ ਜੋ
ਅਨੇਕ ਨੂੰ
ਇੱਕ ਵਿਚ ਪਰੋ ਦਿੰਦੀ ਹੈ।

-0-

# ਮਉਲੀ ਧਰਤੀ ਮਉਲਿਆ ਅਕਾਸੁ



ਮੌਸਮ, ਰੁੱਤਾਂ ਆਉਂਦੀਆਂ ਜਾਂਦੀਆਂ, ਮਨੁੱਖ ਨੂੰ ਕੁਦਰਤ ਦੇ ਨਵੇਂ ਨਵੇਂ ਰੰਗ ਵਿਖਾਉਂਦੀਆਂ ਰਹਿੰਦੀਆਂ ਹਨ। ਆਮ ਦ੍ਰਿਸ਼ਟੀ ਧਾਰਕ ਇਨ੍ਹਾਂ ਰੰਗਾਂ ਦੀ ਦਿੱਖ 'ਚ ਹੀ ਉਲਝ ਕੇ ਰਹਿ ਜਾਂਦੀ ਹੈ। ਪ੍ਰਕ੍ਰਿਤੀ ਦੇ ਰੰਗਾਂ ਦੇ ਗੁਣਗਾਣ ਕਰਨ ਵਾਲੇ ਅਸੰਖ ਹੋਏ ਹਨ। ਪਰ ਕੁਦਰਤ ਦੇ ਇਹ ਰੰਗ ਇੱਕ ਖਾਸ ਮਕਸਦ ਰੱਖਦੇ ਹਨ ਜਿਸ ਨੂੰ ਵਿਰਲੇ ਹੀ ਸਮਝ ਸਕੇ। ਪ੍ਰਕ੍ਰਿਤੀ ਕੋਈ ਕੌਤਕ ਨਹੀਂ ਹੈ, ਇਸ ਰਾਹੀਂ ਪਰਮਾਤਮਾ ਦੇ ਗੁਣ ਪ੍ਰਗਟ ਹੁੰਦੇ ਹਨ। ਮੌਸਮਾਂ, ਰੁੱਤਾਂ ਕਾਰਨ ਸਦਾ ਜੀਵਨ ਵਿਚ ਇੱਕ ਅਦ੍ਰਿਸ਼ ਆਨੰਦ ਅਤੇ ਜਿਗਿਆਸਾ ਬਣੀ ਰਹਿੰਦੀ ਹੈ। ਇਸ ਨੂੰ ਅੰਤਰ ਪ੍ਰੇਰਨਾ ਤੇ ਅੰਤਰ ਦ੍ਰਿਸ਼ਟੀ ਰਾਹੀਂ ਹੀ ਮਹਿਸੂਸ ਕੀਤਾ ਜਾ ਸਕਦਾ ਹੈ ਜੋ ਕੇਵਲ ਗੁਰਬਾਣੀ ਤੋਂ ਪ੍ਰਾਪਤ ਹੁੰਦੀ ਹੈ। ਇਹ ਗੁਰੂ ਨਾਨਕ ਸਾਹਿਬ ਦਾ ਗੁਰਸਿੱਖ 'ਤੇ ਮਹਾਨ ਉਪਕਾਰ ਹੈ ਜਿਸ ਨੇ ਗੁਰਸਿੱਖ ਨੂੰ ਇਲਾਹੀ ਰਸ ਨਾਲ ਭਰਪੂਰ ਕਰ ਦਿੱਤਾ। ਗੁਰੂ ਨਾਨਕ ਸਾਹਿਬ ਕੋਮਲ ਭਾਵਨਾਵਾਂ ਅਤੇ ਪ੍ਰੇਮ ਸਿੰਝੀ ਦ੍ਰਿਸ਼ਟੀ ਦੇ ਯੁਗ ਨਾਇਕ ਸਨ। ਆਪ ਨੂੰ ਪਰਮਾਤਮਾ ਤੇ ਪਰਮਾਤਮਾ ਦੀ ਸਿਰਜੀ ਸ੍ਰਿਸ਼ਟੀ ਦੇ ਕਣ ਕਣ ਨਾਲ ਅਨੁਰਾਗ



**ਡਾ. ਸਤਿੰਦਰ ਪਾਲ ਸਿੰਘ, ਸਿਡਨੀ**
akaalpurkh.7@gmail.com

ਸੀ। ਆਪ ਸਦਾ ਹੀ ਕੁਦਰਤ ਦੇ ਨੇੜੇ ਰਹੇ, ਕੁਦਰਤ ਦੇ ਵਿਸਮਾਦ ਨੂੰ ਆਪਣੀ ਬਾਣੀ ਵਿਚ ਪ੍ਰਗਟ ਕਰ ਪ੍ਰਮਾਤਮਾ ਨਾਲ ਜੋੜਨ ਦਾ ਮਾਧਿਅਮ ਬਣਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਵਾਰ, ਦਿਵਸ, ਮਾਂਹ, ਰੁੱਤਾਂ ਦਾ ਵਿਸਤਾਰ ਨਾਲ ਵਰਣਨ ਮਿਲਦਾ ਹੈ। ਚੇਤ ਤੇ ਵੈਸਾਖ ਦੇ ਮਹੀਨਿਆਂ ਨੂੰ ਬਸੰਤ ਰੁੱਤ ਦਾ ਕਾਲ ਮੰਨਿਆ ਗਿਆ ਹੈ।

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥
ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ॥
ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ॥
ਸੁੰਦਰੁਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 727)

ਗੁਰੂ ਅਰਜਨ ਸਾਹਿਬ ਨੇ ਬਸੰਤ ਰੁੱਤ ਨੂੰ ਸਾਲ ਦੀ ਸਰਸ ਰੁੱਤ ਕਿਹਾ। ਇਹ ਰੁੱਤ ਸੁੱਖ ਪ੍ਰਦਾਨ ਕਰਨ ਵਾਲੀ ਹੈ ਕਿਉਂਕਿ ਮਨ ਅੰਦਰ ਪਰਮਾਤਮਾ ਦਾ ਪ੍ਰੇਮ ਵੱਸ ਗਿਆ ਹੈ ਜਿਸ ਨੇ ਸਵਾਸ ਸਵਾਸ ਪ੍ਰਫੁੱਲਿਤ ਕਰ ਦਿੱਤਾ ਹੈ। ਅੰਤਰ ਪ੍ਰਫੁੱਲਿਤ ਹੈ ਤਾਂ ਹੀ ਬਸੰਤ ਰੁੱਤ ਦੀ ਪ੍ਰਫੁੱਲਤਾ ਦਾ ਅਨੁਭਵ ਹੋ ਰਿਹਾ ਹੈ। ਅੰਤਰ ਮਨ ਵਿਚ ਸੁੱਖ ਹੈ ਤਾਂ ਹੀ ਬਾਹਰ ਵੀ ਸੁੱਖ ਦੀ ਸਘਨ ਪਰਤੀਤਿ ਹੋ ਰਹੀ ਹੈ। ਬਸੰਤ ਦੀ ਸਰਸਤਾ ਵਿਚ ਪਰਮਾਤਮਾ ਦੀ ਮਿਹਰ ਦੇ ਦਰਸ਼ਨ ਹੁੰਦੇ ਹਨ। ਮਨ ਇਸ ਸੁਖਦ ਕਾਲ ਲਈ ਪਰਮਾਤਮਾ ਦੇ ਸ਼ੁਕਰ ਦੀ ਅਵਸਥਾ ਵਿਚ ਆ ਜਾਂਦਾ ਹੈ। ਮਨ ਤ੍ਰਿਪਤ ਹੋ ਜਾਂਦਾ ਹੈ ਜਿਵੇਂ ਕਿਸੇ ਕਾਮਣੀ ਨਾਰ ਨੂੰ ਉਸ ਦਾ ਸੁਹਾਗ ਮਿਲ ਗਿਆ ਹੋਵੇ।

ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 928)

ਕੁਦਰਤ ਦੇ ਵਿਸਮਾਦ ਜਨਕ ਰੂਪ ਵਿਚ ਪਰਮਾਤਮਾ ਦੀ ਵਡਿਆਈ ਦਾ ਦਰਸ਼ਨ ਕਰ ਲੈਣਾ ਵਡਭਾਗੀ ਹੋਣ ਦੀ ਨਿਸ਼ਾਨੀ ਹੈ। ਸਾਰੇ ਦੁੱਖ, ਸੰਤਾਪ ਦੂਰ ਹੋ ਜਾਂਦੇ ਹਨ, ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰਨ ਹੋ ਜਾਂਦੀਆਂ ਹਨ। ਸੁੱਖ ਪ੍ਰਾਪਤ ਕਰਨ ਲਈ ਮਨੁੱਖ ਆਪਣੀ ਸਿਆਣਪ ਅਨੁਸਾਰ ਜੋ ਜਤਨ ਕਰਦਾ ਹੈ ਉਹ ਅਪੂਰਨ ਹੁੰਦੇ ਹਨ। ਸੁੱਖ ਦਾ ਭੁਲੇਖਾ ਹੁੰਦਾ ਹੈ, ਮਨ ਸਦਾ ਅਤ੍ਰਿਪਤ ਰਹਿੰਦਾ ਹੈ। ਪਰਮਾਤਮਾ ਦਾ ਸੁੱਖ ਬਖਸ਼ਣ ਦਾ ਆਪਣਾ ਢੰਗ ਹੈ। ਇਸ ਸੱਚੇ ਸੁੱਖ ਨੂੰ ਪ੍ਰਾਪਤ ਕਰਨ ਲਈ ਆਪਣੇ ਅੰਦਰ ਵੱਸੀ 'ਸਵੈ' ਦੀ ਭਾਵਨਾ ਨੂੰ ਦੂਰ ਕਰਨ ਦੀ ਲੋੜ ਹੈ ਜੋ ਸਦਾ ਦੁੱਖ ਦਾ ਕਾਰਨ ਬਣਦੀ ਰਹਿੰਦੀ ਹੈ। ਸੁੱਖ ਨੇੜੇ ਹੀ ਨਹੀਂ ਆਉਂਦਾ ਭਾਵੇਂ ਬਸੰਤ ਰੁੱਤ ਦੀ ਪ੍ਰਫੁੱਲਤਾ ਚੁਫੇਰੇ ਵਿਆਪਤ ਹੋ ਰਹੀ ਹੋਵੇ।

ਭੋਲਿਆ ਹਉਮੈ ਸੁਰਤਿ ਵਿਸਾਰਿ॥
ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ॥1 ॥ ਰਹਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1168)

ਗੁਰੂ ਨਾਨਕ ਸਾਹਿਬ ਨੇ ਵਚਨ ਕੀਤਾ ਕਿ ਬਸੰਤ ਰੁੱਤ ਦੀ ਸਰਸਤਾ ਨਾਲ ਜੁੜਨਾ ਹੈ ਤਾਂ ਮਨੁੱਖ ਆਪਣਾ ਹੰਕਾਰ ਤਿਆਗੇ। ਹੰਕਾਰ ਦਾ ਔਗੁਣ ਮਨੁੱਖ ਦੀ ਅਗਿਆਨਤਾ ਤੋਂ ਪੈਦਾ ਹੋਇਆ ਹੈ। ਹੰਕਾਰ ਮੁਕਤ ਹੋ ਕੇ ਪਰਮਾਤਮਾ ਦੀ ਵਡਿਆਈ ਦਾ ਕੀਤਾ ਗਿਆ ਚਿੰਤਨ ਪਰਮਾਤਮਾ ਤੇ ਉਸ ਦੀ ਸ੍ਰਿਸ਼ਟੀ ਨਾਲ ਜੋੜਦਾ ਹੈ। ਦਿਆਲੂ ਪਰਮਾਤਮਾ ਤਾਂ ਆਨੰਦ ਵੰਡ ਰਿਹਾ ਹੈ। ਇਸ ਨੂੰ ਪ੍ਰਾਪਤ ਕਰਨ ਜੋਗ ਬਣਨ ਲਈ ਬਸੰਤ ਰੁੱਤ ਤੋਂ ਸਿੱਖਣ ਦੀ ਲੋੜ ਹੈ।

ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥
ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1168)

ਜਿਵੇਂ ਬਸੰਤ ਰੁੱਤ ਆਉਂਦਿਆਂ ਹੀ ਬਿਰਖ ਭਰੇ ਹੋ ਜਾਂਦੇ ਹਨ, ਸੁੰਦਰ ਫੁੱਲਾਂ, ਫਲਾਂ ਨਾਲ ਭਰ ਜਾਂਦੇ ਹਨ ਮਨੁੱਖ ਦਾ ਜੀਵਨ ਵੀ ਅਜਿਹਾ ਹੀ ਮਨੋਹਰ ਬਣ ਸਕਦਾ ਹੈ। ਇਸ ਲਈ ਮਨੁੱਖ ਆਪਣੇ ਕਰਮਾਂ ਨੂੰ ਵੱਡੇ ਬਿਰਖ ਦੇ ਤਨੇ ਵਾਂਗੂੰ ਸੁਚੱਜਾ, ਅਡੋਲ ਬਣਾਏ। ਪਰਮਾਤਮਾ 'ਤੇ ਭਰੋਸਾ ਅਤੇ ਭਾਵਨਾ ਬਿਰਖ ਦੀਆਂ ਟਾਹਣੀਆਂ ਦੀ ਤਰ੍ਹਾਂ ਆਪ ਹੀ ਪ੍ਰਗਟ ਹੋਵੇ। ਉਸ ਦਾ ਆਚਾਰ ਵਿਵਹਾਰ ਫੁੱਲਾਂ ਵਾਂਗੂੰ ਸੁੰਦਰ ਤੇ ਮਹਿਕ ਦੇਣ ਵਾਲਾ ਭਾਵ ਸੁੱਖਦਾਇਕ ਹੋਵੇ। ਉਸ ਦੀ ਬੁੱਧੀ ਤੇ ਵਿਵੇਕ ਬਿਰਖ 'ਤੇ ਲੱਗੇ ਸੁਆਦ ਭਰੇ ਫਲ ਵਾਂਗੂੰ ਜੀਵਨ ਸਫਲਤਾ ਵਿੱਚ ਸਹਾਇਕ ਹੋਣ। ਜਿਵੇਂ ਬਿਰਖ ਦੀਆਂ ਪੱਤੀਆਂ ਹਰੀਆਂ ਭਰੀਆਂ ਹਨ, ਮਨੁੱਖ ਦਾ ਰੋਮ ਰੋਮ ਪਰਮਾਤਮਾ ਲਈ ਪ੍ਰੇਮ ਭਾਵ ਨਾਲ ਭਰਿਆ ਹੋਵੇ। ਉਸ ਦੇ ਮਨ ਦਾ ਵਿਸ਼ਵਾਸ ਬਿਰਖ ਦੀ ਸੰਘਣੀ ਛਾਂ ਜਿਹਾ ਹੋਵੇ ਜਿਸ ਅੰਦਰ ਹੰਕਾਰ ਲਈ ਕੋਈ ਥਾਂ ਨਾ ਹੋਵੇ, ਕੇਵਲ ਪਰਮਾਤਮਾ ਪ੍ਰੇਮ ਦੀ ਭਾਵਨਾ ਦਾ ਪੱਕਾ ਆਸਨ ਵਿਛਿਆ ਹੋਵੇ। ਸੰਸਾਰ ਅੰਦਰ ਬਹੁਤ ਸਾਰੇ ਧਰਮ ਪੁਰਖ ਹੋਏ, ਧਰਮ ਗ੍ਰੰਥ ਲਿਖੇ ਗਏ ਪਰ ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਵਿਲੱਖਣ ਹੀ ਸੀ। ਕੁਦਰਤ ਦੇ ਰੰਗ ਲੋਗਾਂ ਲਈ ਨੇਤਰਾਂ ਦਾ ਸੁੱਖ ਸਨ ਪਰ ਗੁਰੂ ਨਾਨਕ ਸਾਹਿਬ ਨੇ ਇਸ ਵਿਚ ਆਤਮਿਕ ਸੁੱਖ ਦੀ ਖੋਜ ਕੀਤੀ। ਨੇਤਰ ਸੁੱਖ ਅਲਪ ਕਾਲਿਕ ਸੀ ਕਿਉਂਕਿ ਅੰਤਰ ਦੇ ਤਾਪ ਭਖਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਦਾ ਖੋਜਿਆ ਆਤਮਿਕ ਸੁੱਖ ਸਥਾਈ ਸੀ ਕਿਉਂਕਿ ਇਹ ਅੰਤ ਦੇ ਤਾਪ ਨੂੰ ਮਿਟਾ ਕੇ ਜਨਮ ਲੈਣ ਵਾਲਾ ਸੀ। ਗੁਰੂ ਨਾਨਕ ਸਾਹਿਬ ਨੂੰ ਕੁਦਰਤ ਦੇ ਕਣ ਕਣ ਵਿਚ ਪਰਮਾਤਮਾ ਬਖਸ਼ਿਸ਼ਾਂ ਕਰਦਾ ਨਜ਼ਰ ਆਇਆ ਸੀ। ਕੁਦਰਤ ਨਾਲ ਜੁੜਨਾ ਪਰਮਾਤਮਾ ਨਾਲ ਜੁੜਨਾ ਸੀ।

ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1168 )

ਗੁਰੂ ਨਾਨਕ ਸਾਹਿਬ ਨੇ ਬਸੰਤ ਰੁੱਤ ਨੂੰ ਸਾਰੀਆਂ ਰੁੱਤਾਂ ਵਿਚ ਸ੍ਰੇਸ਼ਟ ਕਿਹਾ ਸੀ। ਇਸ ਰੁੱਤ ਅੰਦਰ ਪ੍ਰਗਟ ਹੋਣ ਵਾਲੀ ਕੁਦਰਤ ਦੀ ਸੁੰਦਰਤਾ ਵੇਖ ਕੇ ਕੰਨਾਂ ਵਿਚ ਪਰਮਾਤਮਾ ਦੀ ਵਡਿਆਈ ਗੂੰਜਣ ਲੱਗ ਪੈਂਦੀ ਹੈ। ਰਸਨਾ 'ਤੇ ਆਪ ਹੀ ਪਰਮਾਤਮਾ ਦਾ ਜਸ ਮੁਖਰ ਹੋਣ ਲੱਗਦਾ ਹੈ। ਇੱਕ ਰੁੱਤ ਕੁਦਰਤ ਦੇ ਪਰਿਵਰਤਨ ਚਕ੍ਰ ਕਾਰਨ ਆਉਂਦੀ ਜਾਂਦੀ ਹੈ ਇੱਕ ਰੁੱਤ ਮਨ ਅੰਦਰ ਹੈ ਜੋ ਬਣ ਜਾਏ ਤਾਂ ਕਦੇ ਨਹੀਂ ਬਦਲਦੀ। ਇਸ ਲਈ ਕਰਮ ਕਮਾਉਣੇ ਪੈਂਦੇ ਹਨ। ਗੁਰੂ ਦੀ ਮਤਿ ਅਨੁਸਾਰ ਜੀਵਨ ਨੂੰ ਢਾਲ ਕੇ ਪਰਮਾਤਮਾ ਵਿਚ ਲਿਵ ਲਾਉਣੀ ਪੈਂਦੀ ਹੈ।

ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ॥
ਨਾਨਕ ਹਰੇ ਨ ਸੂਕਈ ਜਿ ਗੁਰਮੁਖਿ ਰਹੇ ਸਮਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1168)

ਅੱਜ ਚੇਤ ਹੈ ਵੈਸਾਖ ਹੈ ਕਲ ਮਹੀਨੇ ਬਦਲ ਜਾਣਗੇ, ਅੱਜ ਬਸੰਤ ਹੈ ਕੱਲ ਦੂਜੀ ਰੁੱਤ ਆ ਜਾਵੇਗੀ। ਇਹ ਪਰਿਵਰਤਨ ਦਾ ਸੁਭਾਵਕ ਫੇਰ ਹੈ। ਬਸੰਤ ਰੁੱਤ ਨੇ ਜੋ ਪ੍ਰਫੁੱਲਤਾ ਮਨ ਅੰਦਰ ਭਰੀ ਹੈ, ਗੁਰਸਿੱਖ ਇਸ ਨੂੰ ਆਪਣੀ ਭਗਤੀ ਭਾਵਨਾ ਰਾਹੀਂ ਸਦਾ ਲਈ ਬਣਾਈ ਰੱਖ ਸਕਦਾ ਹੈ। ਬੰਸਤ ਰੁੱਤ ਦੇ ਬੀਤ ਜਾਣ ਤੋਂ ਬਾਅਦ ਵੀ ਉਸ ਦਾ ਮਨ ਉਮੰਗ ਵਿਚ ਰਹਿ ਸਕਦਾ ਹੈ ਕਿਉਂਕਿ ਇਹ ਭਾਵਨਾ ਤਾਂ ਉਸ ਨੇ ਬਸੰਤ ਰੁੱਤ ਰਾਹੀਂ ਪਰਮਾਤਮਾ ਦੀ ਵਡਿਆਈ ਦਾ ਦਰਸ਼ਨ ਕਰ ਕੇ ਪ੍ਰਾਪਤ ਕੀਤੀ ਹੈ। ਪਰਮਾਤਮਾ ਦੀ ਵਡਿਆਈ ਸਦਾ ਕਾਇਮ ਹੈ। ਉਸ ਵਡਿਆਈ ਨਾਲ ਜੁੜਿਆ ਮਨ ਸਦਾ ਹੀ ਉਸ ਵਡਿਆਈ ਦੀ ਉਮੰਗ ਮਾਣ ਸਕਦਾ ਹੈ। ਗੁਰਸਿੱਖ ਦੇ ਮਨ ਦਾ ਬਿਰਖ ਸਦਾ ਹੀ ਪਰਮਾਤਮਾ ਦੀ ਭਾਵਨਾ ਨਾਲ ਹਰਿਆ ਭਰਿਆ ਤੇ ਧਰਮ ਦੇ ਫੁੱਲਾਂ, ਗਿਆਨ ਦੇ ਫਲਾਂ ਨਾਲ ਮਾਲਾਮਾਲ ਰਹਿੰਦਾ ਹੈ।

ਨਾਨਕ ਤਿਨਾ ਬਸੰਤੁ ਹੈ ਜਿਨਾ ਘਰਿ ਵਸਿਆ ਕੰਤੁ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 791 )

ਕਾਮਿਨੀ ਲਈ ਉਸ ਦਾ ਪਤੀ ਹੀ ਆਨੰਦ ਦਾ ਇਕੱਲਾ ਸਰੋਤ ਹੁੰਦਾ ਹੈ। ਆਪਣੇ ਪਤੀ ਦੀ ਸੰਗਤ ਵਿਚ ਹੀ ਉਹ ਸੱਚਾ ਆਨੰਦ ਮਾਣਦੀ ਹੈ। ਜੀਵ ਲਈ ਪਰਮਾਤਮਾ ਹੀ ਉਸ ਦਾ ਪਤੀ ਹੈ। ਇੱਕ ਪਰਮਾਤਮਾ ਹੀ ਸੰਸਾਰ ਅੰਦਰ ਪੁਰਖ ਹੈ, ਬਾਕੀ ਸਾਰੇ ਹੀ ਉਸ ਦੀਆਂ ਨਾਰੀਆਂ ਹਨ। ਸੱਚਾ ਆਨੰਦ ਉਸ ਪਤੀ ਪਰਮਾਤਮਾ ਨੂੰ ਆਪਣੇ ਮਨ ਅੰਦਰ ਸੁਹਾਗਣ ਨਾਰ ਜਿਹਾ ਵਸਾ ਲੈਣ 'ਚ ਹੈ। ਜਿਸ ਪਰਮਾਤਮਾ ਨੇ ਬਸੰਤ ਦਾ ਅਦੁੱਤੀ ਆਨੰਦ ਬਖਸ਼ਿਆ ਹੈ, ਮਨ ਅੰਦਰ ਵੱਸਿਆ ਹੋਵੇ ਤਾਂ ਸਦਾ ਹੀ ਜੀਵਨ ਅੰਦਰ ਬਸੰਤ ਜਿਹਾ ਆਨੰਦ ਬਣ ਜਾਂਦਾ ਹੈ। ਗੁਰੂ ਅੰਗਦ ਸਾਹਿਬ ਨੇ ਵਚਨ ਕੀਤਾ ਕਿ ਗੁਰਸਿੱਖ ਨੂੰ ਤਾਂ ਬਸੰਤ ਰੁੱਤ ਦੀ ਉਡੀਕ ਵੀ ਕਰਨ ਦੀ ਲੋੜ ਨਹੀਂ ਹੈ। ਉਸ ਦੇ ਮਨ ਅੰਦਰ ਵੱਸ ਰਿਹਾ ਪਰਮਾਤਮਾ ਤਾਂ ਬਸੰਤ ਰੁੱਤ ਆਉਣ ਤੋਂ ਪਹਿਲਾਂ ਹੀ ਉਸ ਨੂੰ ਪ੍ਰਫੁੱਲਿਤ ਕਰ ਦੇਣ ਵਾਲਾ ਹੈ' ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ' । ਗੁਰਸਿੱਖ ਉਸ ਪਰਮਾਤਮਾ ਨੂੰ ਸਦਾ ਧਿਆਉਂਦਾ ਹੈ ਤੇ ਸਦਾ ਹੀ ਆਨੰਦ ਵਿਚ ਰਹਿੰਦਾ ਹੈ।

ਗੁਰਬਾਣੀ ਅੰਦਰ ਕੁਦਰਤ ਦੀ ਸੁੰਦਰਤਾ ਦਾ ਵਰਣਨ ਕੁਦਰਤ ਪ੍ਰੇਮੀ ਬਣਾਉਣ ਲਈ ਨਹੀਂ ਕੁਦਰਤ ਰਾਹੀਂ ਪਰਮਾਤਮਾ ਲਈ ਪ੍ਰੇਮ ਭਾਵਨਾ ਦ੍ਰਿੜ੍ਹ ਕਰਨ ਲਈ ਕੀਤਾ ਗਿਆ। ਕੁਦਰਤ ਦੀ ਸੁੰਦਰਤਾ ਵਿਚ ਰਮ ਜਾਣਾ ਮਨੋ ਵਿਲਾਸ ਸੀ ਪਰ ਕੁਦਰਤ ਰਾਹੀਂ ਪਰਮਾਤਮਾ ਦੀ ਵਡਿਆਈ ਤੱਕ ਪੁੱਜ ਜਾਣਾ ਭਗਤੀ ਸੀ ਜਿਸ ਨਾਲ ਜੀਵਨ ਦਾ ਉੱਧਾਰ ਹੋਣਾ ਹੈ।

ਰੁਤਿ ਆਈਲੇ ਸਰਸ ਬਸੰਤ ਮਾਹਿ॥
ਰੰਗਿ ਰਾਤੇ ਰਵਹਿ ਸਿ ਤੇਰੈ ਚਾਇ॥
ਕਿਸੁ ਪੂਜ ਚੜਾਵਉ ਲਗਉ ਪਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1168)

ਗੁਰੂ ਨਾਨਕ ਸਾਹਿਬ ਨੇ ਬਸੰਤ ਰੁੱਤ ਦੇ ਆਗਮਨ ਦਾ ਇੱਕ ਹੋਰ ਪੱਖ ਵੇਖਿਆ। ਆਪ ਨੇ ਕਿਹਾ ਕਿ ਬਸੰਤ ਰੁੱਤ ਆਉਣ ਨਾਲ ਪਰਮਾਤਮਾ ਦੇ ਭਗਤ ਦਾ ਮਨ ਹੋਰ ਵਿਗਾਸ ਨਾਲ ਭਰ ਜਾਂਦਾ ਹੈ। ਉਸ ਅੰਦਰ ਪਰਮਾਤਮਾ ਦੀ ਭਗਤੀ ਦਾ ਚਾਉ ਵਧ ਜਾਂਦਾ ਹੈ। ਇੱਕ ਪਰਮਾਤਮਾ ਹੀ ਤਾਂ ਹੈ ਜਿਸ ਦੇ ਚਰਨਾਂ ਵਿਚ ਉਹ ਆਪਣੀ ਉਮੰਗ ਭਰੀ ਭਾਵਨਾ ਅਰਪਣ ਕਰ ਸਕਦਾ ਹੈ। ਕੁਦਰਤ ਦਾ ਆਪਣਾ ਨਿਅਮ ਹੈ। ਬਸੰਤ ਰੁੱਤ ਆਉਣ ਦੇ ਧਰਤੀ ਦੀਆਂ ਸਾਰੀਆਂ ਵਨਸਪਤੀਆਂ ਖਿੜ ਉੱਠਦੀਆਂ ਹਨ, ਉਨ੍ਹਾਂ 'ਤੇ ਭਿੰਨ ਭਿੰਨ ਰੰਗਾਂ ਦੇ ਫੁੱਲਾਂ, ਫਲਾਂ ਦਾ ਨਿਖਾਰ ਆ ਜਾਂਦਾ ਹੈ। ਗੁਰਸਿੱਖ ਦਾ ਮਨ ਵੀ ਇਸ ਨਿਅਮ ਅਨੁਸਾਰ ਹੀ ਚੱਲਦਾ ਹੈ। ਉਸ ਦਾ ਮਨ ਵਾਹਿਗੁਰੂ ਪਰਮਾਤਮਾ ਦਾ ਸੰਗ ਪ੍ਰਾਪਤ ਕਰ ਕੇ ਖਿੜ ਜਾਂਦਾ ਹੈ' ਇਹੁ ਮਨੁ ਮਉਲਿਆ ਸਤਿਗੁਰੂ ਸੰਗਿ"। ਪਰਮਾਤਮਾ ਨੂੰ ਧਿਆਉਣ ਵਿਚ ਹੀ ਆਨੰਦ ਹੈ। ਮਨ ਪਰਮਾਤਮਾ ਤੋਂ ਦੂਰ ਹੈ ਤਾਂ ਬਸੰਤ ਰੁੱਤ ਦੀ ਪ੍ਰਫੁੱਲਤਾ ਵੀ ਮਨ ਅੰਦਰ ਵਿਗਾਸ ਨਹੀਂ ਪੈਦਾ ਕਰਦੀ' ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥ ਇਹੁ ਮਨੁ ਜਲਿਆ ਦੂਜੈ ਦੋਇ॥" ਪਰਮਾਤਮਾ ਨੂੰ ਵਿਸਾਰ ਕੇ, ਮਨ ਅੰਦਰ ਦਵੈਤ ਭਾਵ ਰੱਖ ਕੇ ਮਨੁੱਖ ਆਪਣੇ ਆਪ ਨੂੰ ਸੁੱਖ ਤੋਂ ਦੂਰ ਕਰ ਲੈਂਦਾ ਹੈ। ਬਸੰਤ ਦੀ ਸਰਸਤਾ ਤੋਂ ਵੀ ਵਾਂਝਾ ਰਹਿੰਦਾ ਹੈ ਅਤੇ ਸੰਤਾਪ ਵਿਚ ਬਲਦਾ ਰਹਿੰਦਾ ਹੈ।

ਦਰਅਸਲ ਬਸੰਤ ਦੀ ਸ਼ੋਭਾ ਅਤੇ ਮਨੁੱਖ ਦੇ ਮਨ ਦਾ ਵਿਗਾਸ ਦੋਵੇਂ ਹੀ ਪਰਮਾਤਮਾ ਦੀ ਨਦਰਿ ਕਾਰਨ ਹੀ ਹਨ।

ਬਸੰਤੁ ਚੜਿਆ ਫੂਲੀ ਬਨਰਾਇ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1176)

ਬੰਸਤ ਰੁੱਤ ਦੀ ਸ਼ੋਭਾ ਇਸ ਕਾਰਨ ਹੈ ਕਿ ਉਹ ਪਰਮਾਤਮਾ ਦੇ ਹੁਕਮ ਅੰਦਰ ਹੈ। ਪਰਮਾਤਮਾ ਭਾਣੇ ਅੰਦਰ ਵਿਗਾਸ ਪੈਦਾ ਹੁੰਦਾ ਹੈ ਅਤੇ ਉਸ ਵਿਗਾਸ ਦਾ ਅੰਤ ਹੁੰਦਾ ਹੈ। ਬਸੰਤ ਰੁੱਤ ਆਵਾਗਮਨ ਦੀ ਮਰਿਆਦਾ ਨੂੰ ਸਮਝਦੀ ਤੇ ਸਵੀਕਾਰ ਕਰਦੀ ਹੈ। ਗੁਰਸਿੱਖ ਵੀ ਪਰਮਾਤਮਾ ਦੇ ਭਾਣੇ ਅੰਦਰ ਰਹਿੰਦਾ ਹੈ ਤਾਂ ਆਨੰਦ ਮਾਣਦਾ ਹੈ, ਉਸ ਦੇ ਜੀਵਨ ਅੰਦਰ ਬਸੰਤ ਜਿਹੀ ਸ਼ੋਭਾ ਬੰਦੀ ਹੈ। ਗੁਰੂ ਨਾਨਕ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1190 'ਤੇ ਸੁਸ਼ੋਭਿਤ ਆਪਣੀ ਬਾਣੀ ਵਿਚ ਇਸ ਨੂੰ ਸਪਸ਼ਟ ਕੀਤਾ ਕਿ ਪਰਮਾਤਮਾ ਆਪ ਹੀ ਭੰਵਰਾ ਹੈ ਤੇ ਆਪ ਹੀ ਫੁਲ - ਬੇਲ ਹੈ, ਆਪ ਹੀ ਫੁਲ ਦੀ ਸੁਗੰਧ ਲੈ ਰਿਹਾ ਹੈ। ਪਰਮਾਤਮਾ ਹੀ ਸਾਧ ਸੰਗਤ ਕਰਾਉਣ ਵਾਲਾ, ਮਨ ਅੰਦਰ ਭਗਤੀ ਭਾਵਨਾ ਪੈਦਾ ਕਰਨ ਵਾਲਾ ਹੈ। ਭਗਤ ਕਬੀਰ ਜੀ ਨੇ ਕਿਹਾ ਕਿ ਪਰਮਾਤਮਾ ਤਾਂ ਘਟ ਘਟ ਵਿਚ ਖਿੜਿਆ ਹੋਇਆ ਹੈ' ਘਟਿ ਘਟਿ ਮਉਲਿਆ ਆਤਮ ਪਰਗਾਸੁ"। ਉਹ ਤਾਂ ਅਨੰਤ ਰੂਪ ਧਾਰ ਕੇ ਆਨੰਦ ਦੀ ਦਾਤ ਵੰਡ ਰਿਹਾ ਹੈ।

ਗੁਰੂ ਅਰਜਨ ਸਾਹਿਬ ਨੇ ਬਸੰਤ ਰੁੱਤ ਨੂੰ ਆਤਮਿਕ ਉੱਧਾਰ ਦੇ ਅਉਸਰ ਦੇ ਰੂਪ ਵਿਚ ਵੇਖਿਆ।

ਦੇਖੁ ਫੂਲ ਫੂਲ ਫੂਲੇ।
ਅਹੰ ਤਿਆਗਿ ਤਿਆਗੇ॥
ਚਰਨ ਕਮਲ ਪਾਗੇ।।
ਤੁਮ ਮਿਲਹੁ ਪ੍ਰਭ ਸਭਾਗੇ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1185)

ਬਸੰਤ ਰੁੱਤ ਦੀ ਪ੍ਰਫੁੱਲਤਾ ਵੇਖ ਕੇ ਮਨ ਅੰਦਰ ਪ੍ਰਫੁੱਲਤਾ ਆ ਜਾਏ। ਜਿਵੇਂ ਖੁੱਲ੍ਹੇ ਮਨ ਨਾਲ ਵਨਸਪਤੀਆਂ ਖਿੜੀਆਂ ਹਨ, ਮਨ ਅੰਦਰ ਵੀ ਸਾਰੇ ਵਿਕਾਰ ਦੂਰ ਕਰ ਕੇ ਪਰਮਾਤਮਾ ਲਈ ਅਪਾਰ ਭਾਵਨਾ ਤੇ ਗੂੜ੍ਹਾ ਪ੍ਰੇਮ ਪੈਦਾ ਹੋਵੇ। ਪਰਮਾਤਮਾ ਦੀ ਸ਼ਰਣ ਪ੍ਰਾਪਤ ਕਰਨ ਲਈ ਮਨ ਵਿਚ ਤਾਂਘ ਪੈਦਾ ਹੋਵੇ। ਪਰਮਾਤਮਾ ਨਾਲ ਮੇਲ ਵਿਚ ਹੀ ਜੀਵਨ ਦੀ ਸਾਰਥਕਤਾ ਹੈ। ਜਿਵੇਂ ਬਸੰਤ ਰੁੱਤ ਹੀ ਪ੍ਰਫੁੱਲਤਾ ਦੀ ਰੁੱਤ ਹੈ, ਮਨੁੱਖੀ ਜੀਵਨ ਵੀ ਪਰਮਾਤਮਾ ਦੀ ਭਗਤੀ ਕਰ ਜੀਵਨ ਮੁਕਤ ਹੋਣ ਦਾ ਅਵਸਰ ਹੈ। ਬਸੰਤ ਰੁੱਤ ਤਾਂ ਅਗਲੇ ਸਾਲ ਮੁੜ ਆਵੇਗੀ ਪਰ ਇਹ ਜੀਵਨ ਮੁੜ ਕਦੋਂ ਮਿਲੇਗਾ ਕਹਿਆ ਨਹੀਂ ਜਾ ਸਕਦਾ। ਗੁਰੂ ਅਰਜਨ ਸਾਹਿਬ ਨੇ ਸੁਚੇਤ ਕੀਤਾ 'ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥'। ਇਸ ਜੀਵਨ ਅੰਦਰ ਹੀ ਪ੍ਰਫੁੱਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਜੀਵਨ ਪਰਮਾਤਮਾ ਭਗਤੀ ਦੀ ਰੁੱਤ ਹੈ ਜਿਸ ਵਿਚ ਨਾਮ ਦਾ ਬੀਜ ਬੀਜਿਆ ਜਾਂਦਾ ਹੈ 'ਇਕੁ ਨਾਮੁ ਬੋਵਹੁ ਬੋਵਹੁ'। ਅੰਤਰ ਅਤੇ ਬਾਹਰ ਦੇ ਵਿਗਾਸ ਦੀ ਇੱਕਰੂਪਤਾ ਹੀ ਬਸੰਤ ਹੀ ਮਉਲੀ ਧਰਤੀ ਮਉਲਿਆ ਅਕਾਸ' ਹੈ।

## ਕਲਵੰਤ ਸਿੰਘ ਸਹੋਤਾ ਦੀਆਂ ਦੋ ਕਵਿਤਾਵਾਂ

### ਹਾਲ਼ੀ

ਖੂਹ 'ਤੇ ਮੰਜਾ ਡਾਹ
ਦਰੀ ਤੇ ਤਲ਼ਾਈ
ਉੱਪਰ ਚਾਦਰ ਵਿਛਾਈ
ਸਿਰ ਸਿਰਹਾਣਾ ਲਈ ਰਜਾਈ
ਰਾਤੀਂ ਖ਼ੂਬ ਨੀਂਦ ਆਈ।

ਵਹਿੰਗੀ ਚੜ੍ਹੇ ਉੱਠ
ਬਲਦਾਂ ਗਲ ਪੰਜਾਲੀ ਪਾਈ
ਪਹੁ ਫੁੱਟਣ ਵੇਲੇ ਤੱਕ
ਦੋ ਘੁਮਾਂ ਦੀ ਕਰੀ ਵਹਾਈ
ਹਾਲ਼ੀ ਵਾਹੁਣ ਖੇਤੀਂ ਚੱਲੇ
ਬਲਦਾਂ ਟੱਲੀਆਂ ਖੜਕਾਈ।

ਬਾਪੂ ਵਾਹ ਕੇ ਮੁੜਿਆ ਆਵੇ
ਪੱਠੇ ਵੱਢ ਕਰੀ ਕੁਤਰਾਈ
ਵਿੱਚੇ ਬਾਜਰਾ ਤੇ ਚਰ੍ਹੀ
ਨਾਲ ਗੁਆਰਾ ਵੀ ਰਲਾਈ।

ਹਾਲ਼ੀ ਹੈਰਾਨ ਹੋ ਹੋ ਪੁੱਛਣ
ਰਾਤੀਂ ਅੱਖ ਵੀ ਤੈਂ ਲਾਈ
ਸਾਡੀਆਂ ਤਾਂ ਅੱਖਾਂ ਵੀ ਨਾ ਖੁੱਲ੍ਹਣ
ਤੂੰ ਘਰ ਨੂੰ ਮੋੜਾ ਲਾਈ
ਸੱਚ ਤਾਂ ਤੂੰ ਦੱਸ
ਕਿੰਨੀ ਕਰੀ ਹੈ ਵਹਾਈ।
ਤੁਸੀਂ ਧੁੱਪੇ ਹੁਣ ਰੜ੍ਹਨਾ
ਮੈਂ ਤਾਰਿਆਂ ਦੀ ਛਾਵੇਂ
ਕੀਤੀ ਰੱਜ ਕੇ ਵਹਾਈ
ਦੋ ਘੁਮਾਂ ਦੇ ਸਿਆੜ ਕੱਢ
ਮੁੰਨਾ ਪੰਜਾਲੀ ਤੇ ਧਰਾਈ
ਹੁਣ ਖੂਹ ਨੂੰ ਮੋੜਾ ਲਾਈ
ਇੰਜ ਕਰੀ ਮੈਂ ਵਹਾਈ
ਇਹੋ ਮੇਰੀ ਰੋਜ਼ ਦੀ ਕਮਾਈ।

---

### ਬੰਦੇ

ਸੜਕਾਂ ਵੀ ਓਹੀ, ਚੌਂਕੇ ਚੁਬਾਰੇ ਵੀ ਓਹੀ
ਲਗਦੇ ਸਭ ਕੁੱਝ ਓਹੀ
ਪਰ ਬੰਦੇ ਤੇ ਰਿਸ਼ਤੇ ਨਾ ਓਹੀ।
ਘਰ ਵੀ ਓਹੀ, ਦਰਵਾਜ਼ੇ ਬਾਰੀਆਂ ਵੀ ਓਹੀ
ਘਰ ਦੇ ਅੰਦਰ ਵਸਦੇ, ਬੰਦੇ ਬਥੇਰੇ
ਦੇਖਣ ਨੂੰ ਲਗਦੇ, ਚੰਗੇ ਚਗੇਰੇ
ਪਰ ਹਿਰਦੇ ਉਹਨਾਂ ਦੇ, ਕਠੋਰ ਕਠੇਰੇ
ਨਾ ਬੋਲਣ ਨੂੰ ਚੰਗੇ, ਨਾ ਦੇਖਣ ਨੂੰ ਸੋਹਣੇ
ਕਰੂਪ ਜਿਹੇ ਲਗਦੇ, ਨਾ ਹਿਰਦੇ ਮਨਮੋਹਣੇ
ਚਿਹਰੇ 'ਤੇ ਫ਼ਰਜ਼ੀ ਮੁਸਕਰਾਹਟ ਦਿਖਾਉਣ
ਅੰਦਰ ਦੇ ਕਪਟ ਨੂੰ, ਲੁਕ ਲੁਕ ਲੁਕੋਣ
ਕੱਖੋਂ ਵੀ ਹੌਲ਼ੇ ਤੇ, ਪੱਖੋਂ ਵੀ ਹੌਲ਼ੇ
ਕੱਦੋਂ ਵੀ ਮਧਰੇ, ਫਿਰਦੇ ਰੋਲੇ ਘਚੋਲੇ
ਮੱਤ ਤੋਂ ਵੀ ਸੱਖਣੇ, ਕੁਮੱਤ ਦੇ ਪਤੀਣੇ
ਬੌਣੇ ਕੱਦ ਨੂੰ ਉੱਚਾ, ਪੈਰ ਇੱਟਾਂ ਧਰ ਕਰਦੇ
ਨਾ ਏਧਰ ਦੇ ਹੁੰਦੇ, ਨਾ ਓਧਰ ਦੇ ਰਹਿੰਦੇ
ਵਿੱਚ ਵਿਚਾਲੇ ਪਲਟੇ, ਮਾਰਦੇ ਘੁਮੇਂਦੇ
ਉਹ ਬੰਦੇ।

-0-

# ਆਮ ਮਨੁੱਖ ਦੀ ਵੇਦਨਾ, ਸੰਵੇਦਨਾ, ਸਿਰੜ ਤੇ ਸੰਘਰਸ਼ ਦਾ ਮਹਾਂ ਬਿਰਤਾਂਤ

## ‘ਵਿੰਗੀ ਗਲੀ...ਸਿੱਧੀ ਗਲੀ- ਕੋਰਟ ਕੇਸ ਦੀ ਸਿਲਵਰ ਜੁਬਲੀ’

ਸਰੂਪ ਸਿਆਲਵੀ ਦੀ ਸਵੈ-ਜੀਵਨੀ ਦੇ ਦੂਜੇ ਭਾਗ ਵਜੋਂ ਲਿਖੀ ਗਈ ਪੁਸਤਕ ‘ਵਿੰਗੀ ਗਲੀ...ਸਿੱਧੀ ਗਲੀ- ਕੋਰਟ ਕੇਸ ਦੀ ਸਿਲਵਰ ਜੁਬਲੀ’ ਜ਼ਾਹਰਾ ਤੌਰ ’ਤੇ ਤਾਂ ਇਸ ਲੇਖਕ ਦੇ ਹਿੱਸੇ ਵਿਚ ਆਏ ਦੁੱਖਾਂ-ਸੁੱਖਾਂ, ਉਤਰਾਵਾਂ-ਚੜ੍ਹਾਵਾਂ, ਖੁਸ਼ੀਆਂ-ਉਦਾਸੀਆਂ ਅਤੇ ਸੰਘਰਸ਼ਾਂ ਦਾ ਲੇਖਾ-ਜੋਖਾ ਕਰਦੀ ਹੈ, ਪਰ ਇਸਦੇ ਦੂਰ-ਅੰਦੇਸ਼ੀ ਅਰਥ ਸਮਕਾਲੀਨ ਸਮਾਜਿਕ, ਆਰਥਿਕ, ਰਾਜਨੀਤਕ ਤੇ ਨਿਆਂਇਕ ਵਿਵਸਥਾ ਵੱਲੋਂ ਸਤਾਏ ਤੇ ਤੜਫਾਏ ਜਾ ਰਹੇ ਆਮ ਮਨੁੱਖ ਦੀ ਵੇਦਨਾ, ਸੰਵੇਦਨਾ, ਸੰਘਰਸ਼ ਤੇ ਸਿਰੜ ਦਾ ਮਹਾਂ ਬਿਰਤਾਂਤ ਸਿਰਜਦੇ ਹਨ। ਇਹ ਪੁਸਤਕ ਵਿਚਲਾ ਬਿਰਤਾਂਤ ਮੈਨੂੰ ਯੁੱਗ ਕਵੀ ਸੁਰਜੀਤ ਪਾਤਰ ਦੇ ਉਸ ਗੀਤ ਦਾ ਅਗਲਾ ਵਿਸਥਾਰ ਸਿਰਜਦਾ ਲੱਗਦਾ ਹੈ ਜਿਸ ਵਿਚ ਅਦਾਲਤ ਵਿੱਚ ਨਿਆਂ ਦੀ ਉਡੀਕ ਕਰਦੇ




**ਨਿਰੰਜਣ ਬੋਹਾ**
**ਫੋਨ: 89682-82700**

ਬੰਦਿਆਂ ਦੇ ਬਿਰਖ ਹੋਣ ਦੀ ਗੱਲ ਕੀਤੀ ਗਈ ਹੈ ਪਰ ਇਸ ਸਵੈਜੀਵਨੀ ਦਾ ਪਾਤਰ ਆਪਣੀ ਰਹਿੰਦੀ ਉਮਰ ਵਿੱਚ ਨਿਆਂ ਮਿਲਣ ਦੀ ਆਸ ਤੇ ਉਡੀਕ ਮੁੱਕਾ ਕੇ ਘਰ ਪਰਤਣ ਜੋਗਾ ਵੀ ਨਹੀਂ ਰਹਿੰਦਾ। ਪੁਸਤਕ ਪਾਠਕਾਂ ਦੇ ਸੋਚਣ ਲਈ ਵੱਡਾ ਸਵਾਲ ਛੱਡ ਜਾਂਦੀ ਹੈ ਕਿ ਸਰੂਪ ਸਿਆਲਵੀ ਵਰਗੇ ਉਮੀਦ ਤੇ ਉਡੀਕ ਰਹਿਤ ਹੋਏ ਲੇਖਕ ਤਾਂ ਆਪਣੇ ਨਾਲ ਹੋਣ ਹੋਏ ਅਨਿਆਂ ਬਾਰੇ ਕਥਾ ਕਹਾਣੀਆਂ ਲਿਖ ਕੇ ਮਨ ਹੌਲਾ ਕਰ ਲੈਂਦੇ ਹਨ, ਪਰ ਉਨ੍ਹਾਂ ਲੋਕਾਂ ਦੇ ਮਨ ਤੇ ਕੀ ਬੀਤਦੀ ਹੋਵੇਗੀ, ਜਿਨ੍ਹਾਂ ਦੇ ਅਦਾਲਤਾਂ ਵਿਚ ਲਮਕਦੇ ਕੇਸ ਸਿਲਵਰ ਜੁਬਲੀ ਤੋਂ ਗੋਲਡਨ ਜੁਬਲੀ ਦੇ ਨੇੜੇ ਜਾ ਪਹੁੰਚੇ ਹਨ ਤੇ ਉਹ ਕੁਝ ਲਿਖ ਕੇ ਆਪਣੇ ਮਨ ਦਾ ਭਾਰ ਵੀ ਨਹੀਂ ਲਾਹ ਸਕਦੇ। ਉਨ੍ਹਾਂ ਵਿਚੋਂ ਕਈ ਵਿਚਾਰੇ ਤਾਂ ਆਪਣੇ ਘਰ ਪਰਤਣ ਦੀ ਬਜਾਏ ਰੱਬ ਦੇ ਘਰ ਵੀ ਜਾ ਪਹੁੰਚੇ ਹੋਣਗੇ।

ਪੁਸਤਕ ਪਿੰਡ ਦੀ ਇਕ ਵਿੰਗੀ ਗਲੀ ਨੂੰ ਸਿੱਧੀ ਕਰਨ ਦੇ ਹਵਾਲੇ ਨਾਲ ਦੇਸ਼ ਦੀ ਪ੍ਰਬੰਧਕੀ ਵਿਵਸਥਾ ਵਿਚਲੇ ਵਿੰਗ-ਟੇਡ ਨੂੰ ਆਪਣੇ ਗਹਿਰ-ਗੰਭੀਰ ਕਟਾਖਸ਼ ਦਾ ਨਿਸ਼ਾਨਾ ਬਣਾਉਂਦੀ ਹੈ। ਲਿਖਤ ਦੇ ਵਿਸ਼ਲੇਸ਼ਣੀ ਬੋਧ ਅਨੁਸਾਰ ਪ੍ਰਬੰਧਕੀ ਵਿਵਸਥਾ ਵਿਚ ਆਏ ਵਿਗਾੜ ਨੇ ਹੁਣ ਪਿੰਡਾਂ ਦੀਆਂ ਪੰਚਾਇਤਾਂ ਦੇ ਪੰਚਾਂ ਨੂੰ ਪਰਮੇਸ਼ਵਰ ਨਹੀਂ ਰਹਿਣ ਦਿੱਤਾ, ਸਗੋਂ ਆਪਣੀ ਮਰਜ਼ੀ ਪੁਗਾਉਣ ਵਾਲੇ ਹੁਕਮਰਾਨ ਬਣਾ ਦਿੱਤਾ ਹੈ। ਲੇਖਕ ਜਗਰੂਪ ਸਿੰਘ (ਬਦਲਿਆ ਨਾਂ) ਦੇ ਪਿੰਡ ਵਿਚ ਵਿਕਾਸ ਨੂੰ ਪਹਿਲ ਦੇਣ ਵਾਲੀਆਂ ਅਤੇ ਵਿੰਗੀਆਂ ਗਲੀਆਂ ਨੂੰ ਸਿੱਧੀਆਂ ਕਰਨ ਵਾਲੀਆਂ ਪੰਚਾਇਤਾਂ ਵੀ ਰਹੀਆਂ ਹਨ ਅਤੇ ਗਰੁੱਪਬਾਜ਼ੀ ਤੇ ਨਿੱਜੀ ਕਿੜਾਂ ਕੱਢਣ ਵਾਲੀਆਂ ਪੰਚਾਇਤਾਂ ਨੇ ਆਪਣੀ ਹਿੰਡ ਪੁਗਾਈ ਤੇ ਸਿਆਸਤ ਕੀਤੀ ਹੈ। ਇਸ ਲਿਖਤ ਅਨੁਸਾਰ ਪਿੰਡ ਦੀ ਇਕ ਸਿੱਧੀ ਨੀਅਤ ਵਾਲੀ ਪੰਚਾਇਤ ਲੋਕਾਂ ਦੀ ਸਹੂਲਤ ਲਈ ਪਿੰਡ ਦੀ ਵਿੰਗੀ ਗਲੀ ਨੂੰ ਸਿਧਾ ਕਰਨ ਲਈ ਲੇਖਕ ਨਾਲ ਉਸਦੇ ਘਰ ਦੀ ਥਾਂ ਦਾ ਵਟਾਂਦਰਾ ਕਰਦੀ ਹੈ। ਭਾਵੇਂ ਪੰਚਾਇਤ ਨੇ ਇਸ ਵਟਾਂਦਰੇ ਲਈ ਸਾਰੀਆਂ ਵਿਭਾਗੀ ਕਾਰਵਾਈਆਂ ਪੂਰੀਆਂ ਕੀਤੀਆਂ ਹਨ ਪਰ ਇਸਦਾ ਕਾਰਜ਼ਕਾਲ ਸਮਾਪਤ ਹੋਣ ’ਤੇ ਨਵੀਂ ਆਈ ਪੰਚਾਇਤ ਨੂੰ ਇਹ ਗੱਲ ਮਨਜ਼ੂਰ ਨਹੀਂ ਕਿ ਪੁਰਾਣੀ ਪੰਚਾਇਤ ਵੱਲੋਂ ਕੀਤਾ ਕੋਈ ਵੀ ਫੈਸਲਾ ਲਾਗੂ ਰਹੇ। ਸਿਆਸੀ ਕਿੜ ਤਾਂ ਨਵੀਂ ਤੇ ਪੁਰਾਣੀ ਪੰਚਾਇਤ ਵਿਚਕਾਰ ਹੈ, ਪਰ ਇਸਦਾ ਭੁਗਤਾਨ ਦੋਵੇਂ ਪੰਚਾਇਤਾਂ ਦੀ ਬਜਾਇ ਪਿੰਡ ਦੀ ਭਲਾਈ ਲਈ ਥਾਂ ਦਾ ਵਟਾਂਦਰਾ ਕਰਨ ਵਾਲੇ ਲੇਖਕ ਨੂੰ ਹੇਠਲੀ ਅਦਾਲਤ ਤੋਂ ਲੈ ਕੇ ਹਾਈ ਕੋਰਟ ਤੱਕ ਪੇਸ਼ੀਆਂ ਭੁਗਤਣ ਦੇ ਰੂਪ ਵਿਚ ਕਰਨਾ ਪੈਂਦਾ ਹੈ।

ਲੇਖਕ ਆਪਣੀ ਆਮਦਨ ਦੇ ਸਾਰੇ ਵਸੀਲੇ ਵਰਤ ਕੇ ਅਤੇ ਕਰਜ਼ਾ ਚੁੱਕ ਕੇ ਪੂਰੇ ਪੱਚੀ ਸਾਲ ਅਦਾਲਤਾਂ ਤੇ ਸਰਕਾਰੀ ਦਫਤਰਾਂ ਵਿਚ ਖੱਜਲ-ਖੁਆਰ ਹੁੰਦਾ ਹੈ। ਆਰਥਿਕ, ਸਮਾਜਿਕ ਤੇ ਮਾਨਸਿਕ ਤੌਰ ’ਤੇ ਗਹਿਰੇ ਸੰਕਟ ਦਾ ਸਾਹਮਣਾ ਕਰ ਰਹੇ ਲੇਖਕ ਦੀ ਵੇਦਨਾ ਪਾਠਕਾਂ ਦੇ ਕੰਨਾਂ ਤੇ ਦਿਲ ਦਿਮਾਗ ਤੱਕ ਤਾਂ ਪਹੁੰਚਦੀ ਹੈ ਪਰ ਦੇਸ਼ ਦੀ ਪ੍ਰਬੰਧਕੀ ਤੇ ਨਿਆਂਇਕ ਵਿਵਸਥਾ ਨੂੰ ਇਸਦੀ ਜ਼ਰਾ ਜਿੰਨੀ ਵੀ ਪ੍ਰਵਾਹ ਨਹੀਂ ਹੈ। ਭਾਵੇਂ ਲੇਖਕ ’ਤੇ ਵਿੰਗੀ ਗਲੀ ਦੀਆਂ ਇੱਟਾਂ ਪੁਟਣ ਦਾ ਕੇਸ ਕਰਨ ਪੰਚਾਇਤ ਦੀ ਮਿਆਦ ਪੁੱਗ ਜਾਣ ਤੋਂ ਬਾਅਦ ਪਿੰਡ ਵਿਚ ਉਹ ਪੰਚਾਇਤਾਂ ਵੀ ਰਹੀਆਂ ਹਨ ਜਿਨ੍ਹਾਂ ਨੂੰ ਵਿੰਗੀ ਗਲੀ...ਸਿੱਧੀ ਗਲੀ ਵਾਲੇ ਕੇਸ ਵਿਚ ਕੋਈ ਦਿਲਸਚਪੀ ਨਹੀਂ ਹੈ ਪਰ ਕੇਸ ਕਰਨ ਵਾਲੇ ਪੰਚ ਵੱਲੋਂ ਕੇਸ ਵਾਪਸ ਨਾ ਲਏ ਜਾਣ ਕਾਰਨ ਨਿਆਂਪ੍ਰਣਾਲੀ ਨੂੰ ਇਹ ਗੱਲ ਸਵੀਕਾਰ ਨਹੀਂ ਕਿ ਇਸ ਕੇਸ ਨੂੰ ਖਤਮ ਕਰ ਕੇ ਆਮ ਬੰਦੇ ਦੇ ਮਨ ਉੱਤਲਾ ਬੋਝ ਲਾਹ ਦਿੱਤਾ ਜਾਵੇ। ਪੰਚੀ ਸਾਲ ਤੋਂ ਪੈਂਦੀਆਂ ਅਦਾਲਤੀ ਤਰੀਕਾਂ ਨੇ ਉਸ ਨੂੰ ਕੁਝ ਨਵੀਆਂ ਕਹਾਣੀਆਂ ਤੇ ਆਪਣੀ ਸਵੈ ਜੀਵਨੀ ਦਾ ਦੂਜਾ ਭਾਗ ਲਿਖਣ ਦਾ ਕੱਚਾ ਮਸਾਲਾ ਤਾਂ ਦਿੱਤਾ ਪਰ ਨਿਆਂ ਨਾ ਦਿੱਤਾ। ਨਿਆਂਪ੍ਰਣਾਲੀ ਦੀ ਸੰਵੇਦਨਹੀਣਤਾ ਦੇ ਚਲਦਿਆਂ ਉਹ ਉਦੋਂ ਤੋਂ ਲੈ ਕੇ ਹੁਣ ਤੱਕ ਮਾਨਸਿਕ ਰੂਪ ਵਿਚ ਬੇਚੈਨ ਹੀ ਚਲਿਆ ਆ ਰਿਹਾ ਹੈ। ਹੁਣ 77 ਸਾਲ ਦੀ ਉਮਰ ਵਿਚ ਪਹੁੰਚ ਕੇ ਉਹ ਆਪਣੇ ਜਿਉਂਦੇ-ਜੀਅ ਇਸ ਕੇਸ ਦਾ ਫੈਸਲਾ ਹੋਣ ਦੀ ਆਸ ਹੀ ਖਤਮ ਕਰ ਚੁੱਕਾ ਹੈ।

ਪੁਸਤਕ ਲੇਖਕ ਅੰਦਰਲੇ ਸਿਰੜ ਤੇ ਸੰਘਰਸ਼ ਨੂੰ ਉਸ ਅੰਦਰਲੀ ਗੈਰਤ ਤੇ ਜ਼ਮੀਰ ਨਾਲ ਜੋੜ ਕੇ ਵਾਚਦੀ ਹੈ ਤਾਂ ਉਹ ਪੰਜਾਬ ਦੀ ਉਸ ਰਵਾਇਤੀ ਅਣਖ ਨੂੰ ਜਿਉਂਦਾ ਰੱਖਣ ਵਾਲਾ ਅਜਿਹਾ ਗੈਰਤਮੰਦ ਮਨੁੱਖ ਲੱਗਦਾ ਹੈ, ਜਿਹੜਾ ਟੁੱਟ ਤਾਂ ਸਕਦਾ ਹੈ ਪਰ ਝੁਕ ਨਹੀਂ ਸਕਦਾ। ਉਸ ਅੰਦਰਲੀ ਰਵਾਇਤੀ ਗੈਰਤ ਹੀ ਪਹਿਲਾਂ ਉਸ ਨੂੰ ਪਿੰਡ ਦੇ ਖੂਹ ਤੋਂ ਦਲਿਤ ਲੋਕਾਂ ਨੂੰ ਪਾਣੀ ਭਰਨ ਦਾ ਅਧਿਕਾਰ ਦਿਵਾਉਣ ਲਈ ਲੜਨ ਲਈ ਪ੍ਰੇਰਦੀ ਹੈ, ਤੇ ਫਿਰ ਪੰਚਾਇਤ ਅੱਗੇ ਝੁਕਣ ਦੀ ਬਜਾਇ ਆਪਣੇ ਹੱਕਾਂ ਤੇ ਸੱਚ ਲਈ ਲੜਨ ਲਈ ਤਿਆਰ ਕਰਦੀ ਹੈ। ਵਿੰਗੀ ਤੇ ਸਿੱਧੀ ਗਲੀ ਵਾਲੇ ਕੇਸ ਦੀਆਂ ਕੁਝ ਤਾਰਾਂ ਉਸ ਲੜਾਈ ਨਾਲ ਵੀ ਜੁੜੀਆਂ ਹੋਈਆਂ ਹਨ, ਜੋ ਉਸ ਦਲਿਤ ਲੋਕਾਂ ਦੇ ਹੱਕਾਂ ਤੇ ਹਿੱਤਾਂ ਲਈ ਲੜੀ ਸੀ। ਪੰਚਾਇਤ ਉਸ ਕੋਲ ਵਿਚੋਲਾ ਭੇਜ ਕੇ






*ਪੁਸਤਕ ‘ਵਿੰਗੀ ਗਲੀ...ਸਿੱਧੀ ਗਲੀ- ਕੋਰਟ ਕੇਸ ਦੀ ਸਿਲਵਰ ਜੁਬਲੀ’ ਦਾ ਸਰਵਰਕ ਅਤੇ ਲੇਖਕ ਸਰੂਪ ਸਿਆਲਵੀ ਦੀ ਤਸਵੀਰ।*

ਇਹ ਸੁਝਾਅ ਦਿੰਦੀ ਹੈ ਕਿ ਜੇ ਉਹ ਵਿੰਗੀ ਗਲੀ ਦੀਆਂ ਇੱਟਾਂ ਪੁੱਟਣ ਬਦਲੇ ਵੀਹ ਹਜਾਰ ਰੁਪਏ ਦਾ ਹਰਜਾਨਾ ਭਰਨ ‘ਤੇ ਪੰਚਾਇਤ ਪਾਸੋਂ ਸਰਵਜਨਕ ਤੌਰ ’ਤੇ ਮੁਆਫੀ ਮੰਗਣ ਲਈ ਤਿਆਰ ਹੋ ਜਾਵੇ ਤਾਂ ਪੰਚਾਇਤ ਇਹ ਕੇਸ ਵਾਪਸ ਲੈ ਸਕਦੀ ਹੈ, ਪਰ ਉਸ ਅੰਦਰਲੀ ਗੈਰਤ ਉਸਨੂੰ ਅਨਿਆਂ ਤੇ ਧੱਕੇਸ਼ਾਹੀ ਅੱਗੇ ਝੁੱਕਣ ਦੀ ਇਜਾਜ਼ਤ ਨਹੀਂ ਦਿੰਦੀ ਤੇ ਉਹ ਜਿੱਤ-ਹਾਰ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਹੱਕਾਂ ਲਈ ਲੜਨ ਨੂੰ ਹੀ ਪਹਿਲ ਦਿੰਦਾ ਹੈ।

ਪੁਸਤਕ ਦੇ ਅੰਤਲੇ ਭਾਗ ਵਿਚ ਉਸਦੇ ਜਵਾਨ ਤੇ ਹੋਣਹਾਰ ਪੁੱਤਰ ਦੀ ਸੜਕ ਹਾਦਸੇ ਵਿਚ ਹੋਈ ਮੌਤ ਤੋਂ ਬਾਅਦ ਉਸਦੀ ਡਾਵਾਂ-ਡੋਲ ਹੋਈ ਮਨੋਦਸ਼ਾ ਦੇ ਵੇਰਵੇ ਪਾਠਕੀ ਮਨਾਂ ਨੂੰ ਵਿਚਲਿਤ ਕਰਨ ਵਾਲੇ ਹਨ। ਉਸ ਦੇ ਮਨ ਵਿਚ ਇਹ ਮਲਾਲ ਵੀ ਹੈ ਕਿ ਪਿੰਡ ਵਾਲੇ ਘਰ ’ਤੇ ਅਦਾਲਤੀ ਕੇਸ ਚਲਦੇ ਹੋਣ ਕਾਰਨ ਹੀ ਉਹ ਇਸ ਨੂੰ ਵੇਚ ਕੇ ਸ਼ਹਿਰ ਰਿਹਾਇਸ਼ ਨਹੀਂ ਕਰ ਸਕਿਆ ਤੇ ਇਸੇ ਕਾਰਨ ਹੀ ਉਸਦਾ ਸ਼ਹਿਰ ਤੋਂ ਪਿੰਡ ਆਉਂਦਾ ਪੁੱਤਰ ਸੜਕੀ ਹਾਦਸੇ ਦਾ ਸ਼ਿਕਾਰ ਹੋ ਕੇ ਉਸਦੇ ਜੀਵਨ ਨੂੰ ਹਨੇਰਾ ਕਰ ਗਿਆ ਹੈ। ਕੁਲ ਮਿਲਾ ਕੇ ਇਸ ਪੁਸਤਕ ਦਾ ਪਾਠ ਪਾਠਕਾਂ ਦੇ ਸੋਚਣ ਲਈ ਬਹੁਤ ਕੁਝ ਛੱਡ ਜਾਂਦਾ ਹੈ। ਪੁਸਤਕ ਇਸ ਗੱਲ ਦੀ ਭਰਵੀਂ ਗਵਾਹੀ ਦਿੰਦੀ ਹੈ ਕਿ ਲੇਖਕ ਨੇ ਆਪਣੀਆਂ ਵਧੇਰੇ ਕਥਾ-ਕਹਾਣੀਆਂ ਦਲਿਤ ਸਰੋਕਾਰਾਂ ਨੂੰ ਆਪਣੇ ਨੰਗੇ ਪਿੰਡੇ ‘ਤੇ ਹੰਢਾ ਕੇ ਹੀ ਲਿਖੀਆਂ ਹਨ। ਉਸਦੀ ਭਾਸ਼ਾ ਕਈ ਵਾਰ ਵਿਅੰਗਾਤਮਕ ਤੇ ਕਟਾਖਸ਼ੀ ਵੀ ਹੋ ਜਾਂਦੀ ਹੈ ਪਰ ਇਹ ਕਟਾਖਸ਼ ਵਿਵਸਥਾ ਦਾ ਪਾਜ਼ ਉਘੇੜਣ ਵਾਲੇ ਹਨ। ਪੁਸਤਕ ਵਿਚ ਸ਼ਾਮਿਲ ਸਾਰੀਆਂ ਸਵੈ ਜੀਵਨੀ ਮੂਲਕ ਕਹਾਣੀਆਂ ਕਥਾ ਰਸ ਨਾਲ ਭਰਪੂਰ ਹਨ। ਮੈਂ ਇਸ ਵਿਚਾਰ ਉਤੇਜਕ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ।

# ਪਵਿੱਤਰ ਸੌਦਾ

ਬੁਟੀਕ ਦੇ ਸਿਲਸਿਲੇ ਵਿਚ ਜਦੋਂ ਕਦੀ ਵੀ ਵੱਡੇ ਬਜ਼ਾਰ ਜਾਣ ਦਾ ਮੌਕਾ ਲੱਗਦਾ ਤਾਂ ਵੇਖਦੀ ਉਹ ਅੰਕਲ ਜੀ ਨੁੱਕਰ ਵਾਲੇ ਸ਼ੋ ਰੂਮ ਦੇ ਬਾਹਰ ਬੈਠੇ ਹਮੇਸ਼ਾਂ ਰੰਗਦਾਰ ਝੋਲੇ ਵੇਚ ਰਹੇ ਹੁੰਦੇ!

ਇਕ ਦਿਨ ਕੋਲ ਜਾ ਬ੍ਰੇਕ ਮਾਰ ਹੀ ਲਈ....ਕਿੰਨੀਆਂ ਗੱਲਾਂ ਕੀਤੀਆਂ...ਸਵਾਲ ਪੁੱਛੇ... ਓਹਨਾਂ ਹੱਸਦੇ ਹੋਏ ਹੀ ਜਵਾਬ ਦਿੱਤਾ...ਫੇਰ ਜਦੋਂ ਬੋਝੇ ‘ਚੋਂ ਕੱਢ ਇੱਕ ਦਵਾਈ ਖਾਣ ਲੱਗੇ ਤਾਂ ਪਤਾ ਲੱਗਾ ਕੇ ਦਿਲ ਦੀ ਬਿਮਾਰੀ ਵੀ ਏ!

ਉਮਰ ਕੋਈ ਅੱਸੀ ਸਾਲ...ਦੋ ਪੁੱਤਰ ਸਨ...ਇੱਕ ਕੁਝ ਸਾਲ ਪਹਿਲਾਂ ਪੂਰਾ ਹੋ ਗਿਆ ਤੇ ਦੂਜਾ ਜਮਾਂਦੂਰ ਅਪਾਹਜ...ਇੱਕ ਨੂੰਹ ਪੱਕੀ ਪੇਕੇ ਚਲੀ ਗਈ ਸੀ ਤੇ ਦੂਜੀ ਸਾਰਾ ਦਿਨ ਘਰੇ ਝੋਲੇ ਸਿਉਂਦੀ ਰਹਿੰਦੀ...ਨਾਲਦੀ ਵੀ ਦੋ ਸਾਲ ਪਹਿਲਾਂ ਹੀ ਰਵਾਨਗੀ ਪਾ ਗਈ!

ਨੁੱਚੜੇ ਹੋਏ ਦਿਲ ਨਾਲ ਪੁੱਛ ਲਿਆ...ਅੰਕਲ ਜੀ ਦਿਹਾੜੀ ਦੇ ਕਿੰਨੇ ਕੁ ਝੋਲੇ ਵਿਕ ਜਾਂਦੇ ਨੇ...?

ਆਖਣ ਲੱਗੇ ਹੁਣ ਬਹੁਤ ਦੇਰ ਬੈਠਿਆ ਨੀ ਜਾਂਦਾ ਫੇਰ ਵੀ ਦਸ ਬਾਰਾਂ ਕੁ ਤਾਂ ਨਿੱਕਲ ਹੀ ਜਾਂਦੇ ਨੇ...ਤੀਹਾਂ ਦਾ ਇੱਕ ਤੇ ਪੰਜਾਹਾਂ ਦੇ ਦੋ ਵੇਚਦਾ...ਮਹੀਨੇ ਦਾ ਸੱਤ ਸੌ ਇਹਨਾਂ ਸ਼ੋ ਰੂਮ ਵਾਲਿਆਂ ਨੂੰ ਇਥੇ ਬੈਠਣ ਦਾ ਕਿਰਾਇਆ ਦੇਣਾ ਪੈਂਦਾ ਏ!

ਮਜਬੂਰੀ ਦੇ ਨਾਲ ਨਾਲ ਖੁੱਦਾਰੀ ਵੀ ਸਾਫ ਝਲਕ ਰਹੀ ਸੀ...ਮੈਂ ਸ਼ਸ਼ੋਪੰਝ ਵਿਚ ਪੈ ਗਈ...ਕਿੱਦਾਂ ਮਦਤ ਕੀਤੀ ਜਾ ਸਕਦੀ ਏ?

ਫੇਰ ਦਿਮਾਗ ਵਿਚ ਇੱਕ ਗੱਲ ਆਈ ਕੇ ਮੇਰੇ ਗ੍ਰਾਹਕ...ਔਸਤਨ ਪੰਜ ਪੰਜ ਹਜ਼ਾਰ ਦਾ ਇੱਕ ਸੂਟ...ਜੇ ਪੰਜਾਹ ਸੱਠ ਰੁਪਈਏ ਝੋਲੇ ਦੇ ਵੀ ਇਕ ਬਿੱਲ ਵਿਚ ਜੋੜ ਲਿਆ ਕਰਾਂਗੀ ਤਾਂ ਕਿਸਨੂੰ ਇਤਰਾਜ਼ ਹੋ ਸਕਦਾ...ਨਾਲੇ ਪਲਾਸਟਿਕ ਤੋਂ ਵੀ ਪੱਕਾ ਛੁਟਕਾਰਾ!

ਫੇਰ ਤਰੀਕੇ ਜਿਹੇ ਨਾਲ ਗੱਲ ਸ਼ੁਰੂ ਕੀਤੀ...“ਅੰਕਲ



ਜੀ ਮੇਰੇ ਲਈ ਝੋਲੇ ਬਣਾਉਗੇ...ਸ਼ੁਰੂ ਵਿਚ ਹਫਤੇ ਦੇ ਸੌ ਪੀਸ ਲਵਾਂਗੀ ਤੇ ਮਗਰੋਂ ਆਡਰ ਵਧਾ ਵੀ ਦਿਆਂਗੀ...ਇਕ ਝੋਲੇ ਦੇ ਪੰਜਾਹ ਰੁਪਈਏ”!

ਐਨਕ ਠੀਕ ਕਰਦੇ ਹੋਏ ਅੰਕਲ ਜੀ ਨੇ ਬੋਝੇ ‘ਚੋਂ ਪੈਨ ਕੱਢਿਆ...ਡਾਇਰੀ ਵਿਚ ਕੁਝ ਹਿਸਾਬ ਕਿਤਾਬ ਜਿਹਾ ਕੀਤਾ ਤੇ ਮੁੜ ਅੱਖਾਂ ਵਿਚ ਚਮਕ ਲਿਆਉਂਦੇ ਹੋਏ ਆਖਣ ਲੱਗੇ “ਠੀਕ ਏ ਬੇਟਾ ਜੀ...ਬਣ ਜਾਣਗੇ”!

ਮੈਂ ਛੇਤੀ ਨਾਲ ਓਹਨਾਂ ਦੇ ਬਾਕੀ ਦੇ ਬਚੇ ਹੋਏ ਝੋਲੇ ਆਪਣੀ ਡਿੱਗੀ ਵਿਚ ਰੱਖ ਲਏ ਤੇ ਆਖਿਆ ਪੰਜਾਹ ਝੋਲਿਆਂ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ ‘ਜ਼ਿੰਦਗੀ ਨਾਮਾ’ ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਦੀ ਪੇਸ਼ਗੀ ਹੁਣੇ ਦੇ ਦਿੰਦੀ ਹਾਂ...ਮੇਰੇ ਨਾਲ ਹੁਣੇ ਮੇਰੀ ਦੁਕਾਨ ‘ਤੇ ਚੱਲੋ!

ਅਗਲੇ ਹੀ ਪਲ ਦੋ ਇਨਸਾਨ ਸਾਂਝੇਦਾਰੀ ਦੇ ਨਵੇਂ ਸਫ਼ਰ ਦੀ ਤਿਆਰੀ ਵਿਚ ਸਕੂਟੀ ‘ਤੇ ਚੜ੍ਹੇ ਵਾਹੋਦਾਹੀ ਮੰਜ਼ਿਲ ਵੱਲ ਵਧ ਰਹੇ ਸਨ...!

ਅਚਾਨਕ ਹੀ ਤਪਦੀ ਹੋਈ ਸਿਖਰ ਦੁਪਹਿਰ ਵਿਚ ਠੰਡੀ ਹਵਾ ਦੇ ਬੁੱਲ੍ਹੇ ਵਗਣੇ ਸ਼ੁਰੂ ਹੋ ਗਏ...ਕੁਲ ਜਹਾਨ ਦੇ ਵਹੀ ਖਾਤੇ ਆਪਣੇ ਸਾਹਮਣੇ ਖਿਲਾਰ ਉੱਪਰ ਬੈਠੇ ਇੱਕ ਵੱਡੇ ਹਿਸਾਬੀ ਨੇ ਵੀ ਸ਼ਾਇਦ ਇਸ ਪਵਿੱਤਰ ਸੌਦੇ ਦੀ ਖੁਸ਼ੀ ਵਿਚ ਇੱਕ ਠੰਡਾ ਮਿੱਠਾ ਸਾਹ ਲਿਆ ਜਾਪਦਾ ਸੀ...!

ਮੈਂ ਧੌਣ ਘੁਮਾ ਕੇ ਮਗਰ ਨੂੰ ਵੇਖਿਆ...ਸ਼ੋ ਰੂਮ ਦਾ ਮਾਲਕ ਗੁੱਸੇ ਨਾਲ ਮੇਰੇ ਵੱਲ ਵੇਖਦਾ ਹੋਇਆ ਕੁਝ ਬੁੜ-ਬੁੜ ਕਰ ਰਿਹਾ ਸੀ...ਸੱਤ ਸੌ ਰੁਪਏ ਮਹੀਨੇ ਦਾ ਪਿਆ ਘਾਟਾ ਸ਼ਾਇਦ ਉਸਦੀ ਬਰਦਾਸ਼ਤ ਤੋਂ ਬਾਹਰ ਹੋ ਰਿਹਾ ਸੀ!

## ਕਵਿਤਾ

### ਚੁੱਪ ਕਰਕੇ ਸੁਣ ਲੈਨੇ ਆਂ

ਗੱਲ ਕੁੱਝ ਵੀ ਨਾ ਹੁੰਦੀ ਹੋਵੇ
ਫਿਰ ਵੀ ਸੁਣ ਲੈਨੇ ਆਂ,
ਅੱਗੋਂ ਕੁੱਝ ਕਰ ਨਹੀਂ ਸਕਦੇ
ਇਸ ਕਰਕੇ ਸੁਣ ਲੈਨੇ ਆਂ।

ਕਦੇ ਘਰ ਦੇ ਮਾਹੌਲ ਨੂੰ ਖ਼ਰਾਬ
ਨਾ ਹੋਣ ਕਰਕੇ ਸੁਣ ਲੈਨੇ ਆਂ,
ਕਦੇ ਬਾਹਰੋਂ ਮਿਲਦੇ ਧੱਕਿਆਂ ਨੂੰ
ਚੁੱਪ ਚਾਪ ਹੀ ਜਰ ਲੈਨੇ ਆਂ।

ਹਿੰਮਤ ਬਥੇਰੀ ਹੈ ਜਿਗਰੇ ਵਿੱਚ
ਆਪ ਹਾਰ ਮੰਨ ਲੈਨੇ ਆਂ,
ਚੁੱਪ ਕਰਕੇ ਵਕਤ ਲੰਘਾਉਂਦੇ ਹੋਏ
ਦੰਦਲਾਂ ਮੂੰਹ ਨੂੰ ਪਾ ਲੈਨੇ ਆਂ।

ਕੋਈ ਨਾ, ਵਕਤ ਦਾ ਗੇੜ੍ਹ ਸਦਾ
ਇੱਕੋ ਪਾਸੇ ਵੱਲ ਦਾ ਨਾ ਹੋਵੇ,
ਜੋ ਅੱਜ ਹੈ ਉਹ ਕੱਲ੍ਹ ਨਹੀਂ ਹੋਣਾ
ਇਹ ਦੇਖ ਫ਼ੋਟੋ ਵੱਲ ਹੰਝੂ ਚੋਵੇ।

ਢਿੱਲੋਂ, ਮਜਬੂਰ ਘੜੀਆਂ ਤੋਂ ਕਹਿੰਦਾ
ਹੁਣ ਨਹੀਂ ਵੱਸ ਚੱਲਦਾ ਮੇਰਾ,
ਧੰਨ ਗੁਰੂ ਰਾਮਦਾਸ ਜੀ ਮਹਾਰਾਜ
ਕਿਰਪਾ ਸਦਕੇ ਸਬਰ ਬਥੇਰਾ।

*-ਅਵਤਾਰ ਸਿੰਘ ਢਿੱਲੋਂ (ਅੰਬਰਸਰੀਆ)*

# ਫ਼ਿਲਮ ਲੋਕ

## ਅਸ਼ੋਕ, ਕਿਸ਼ੋਰ ਅਤੇ ਅਨੂਪ ਦੀ ਕਹਾਣੀ

ਅੱਜ ਅਸੀਂ ਜਿਸ 70 ਦੇ ਦਹਾਕੇ ਦੇ ਸਟਾਰ ਬਾਰੇ ਗੱਲ ਕਰ ਰਹੇ ਹਾਂ ਉਹ ਅਨੂਪ ਕੁਮਾਰ ਹੈ, ਜੋ ਕਿ ਕਿਸ਼ੋਰ ਕੁਮਾਰ ਅਤੇ ਅਸ਼ੋਕ ਕੁਮਾਰ ਦਾ ਛੋਟਾ ਭਰਾ ਸੀ। ਅਨੂਪ ਕੁਮਾਰ ਅਦਾਕਾਰੀ ਅਤੇ ਗਾਇਕੀ ਦੋਵਾਂ ਵਿੱਚ ਸਰਗਰਮ ਸਨ। ਉਨ੍ਹਾਂ ਨੇ ਆਪਣੇ ਭਰਾ ਅਸ਼ੋਕ ਕੁਮਾਰ ਵਾਂਗ ਕੰਮ ਕੀਤਾ ਅਤੇ, ਕਿਸ਼ੋਰ ਕੁਮਾਰ ਵਾਂਗ, ਇੱਕ ਸੰਗੀਤ ਪ੍ਰੇਮੀ ਵੀ ਸਨ।

ਉਨ੍ਹਾਂ ਨੇ ਕਿਸ਼ੋਰ ਕੁਮਾਰ ਨੂੰ ਸੰਗੀਤ ਦੀ ਸਿਖਲਾਈ ਵੀ ਦਿੱਤੀ। ਭਾਰਤੀ ਸਿਨੇਮਾ ਦੇ ਦੋ ਮਹਾਨ ਕਲਾਕਾਰਾਂ ਨਾਲ ਡੂੰਘਾਈ ਨਾਲ ਜੁੜੇ ਹੋਣ ਦੇ ਬਾਵਜੂਦ, ਉਨ੍ਹਾਂ ਦੇ ਯੋਗਦਾਨ ਨੂੰ ਅਕਸਰ ਘੱਟ ਗਿਣਿਆ ਜਾਂਦਾ ਹੈ, ਪਰ ਕਦੇ ਭੁੱਲਿਆ ਨਹੀਂ ਗਿਆ। 9 ਜਨਵਰੀ, 1926 ਨੂੰ ਜਨਮੇ, ਅਨੂਪ ਕੁਮਾਰ ਅਸ਼ੋਕ ਕੁਮਾਰ ਅਤੇ ਕਿਸ਼ੋਰ ਕੁਮਾਰ ਦੇ ਅਸਲੀ ਭਰਾ ਸਨ। ਜਦੋਂ ਕਿ ਉਨ੍ਹਾਂ ਦੇ ਭਰਾਵਾਂ ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ, ਅਨੂਪ ਕੁਮਾਰ ਨੇ ਆਪਣੀ ਇਮਾਨਦਾਰੀ, ਹੁਨਰ ਅਤੇ ਸੰਗੀਤਕ ਪ੍ਰਤਿਭਾ ਨਾਲ ਆਪਣੇ ਲਈ ਇੱਕ ਸਥਾਨ ਬਣਾਇਆ।



ਮੱਧ ਪ੍ਰਦੇਸ਼ ਦੇ ਇੱਕ ਹਿੰਦੂ ਬੰਗਾਲੀ ਪਰਿਵਾਰ ਵਿੱਚ ਜਨਮੇ, ਅਨੂਪ ਕੁਮਾਰ ਦੇ ਪਿਤਾ, ਕੁੰਜਾਲਾਲ ਗਾਂਗੁਲੀ, ਇੱਕ ਵਕੀਲ ਸਨ ਅਤੇ ਉਨ੍ਹਾਂ ਦੀ ਮਾਂ, ਗੌਰੀ ਦੇਵੀ, ਇੱਕ ਘਰੇਲੂ ਔਰਤ ਸੀ। ਉਨ੍ਹਾਂ ਨੇ ਇੰਦੌਰ ਕ੍ਰਿਸ਼ਚੀਅਨ ਕਾਲਜ ਤੋਂ ਪੜ੍ਹਾਈ ਕੀਤੀ, ਜਿੱਥੇ ਉਨ੍ਹਾਂ ਨੇ ਸੰਗੀਤ ਦੀ ਡਿਗਰੀ ਪ੍ਰਾਪਤ ਕੀਤੀ। ਆਪਣੇ ਭਰਾਵਾਂ ਦੇ ਉਲਟ, ਉਨ੍ਹਾਂ ਨੇ ਸ਼ਾਸਤਰੀ ਸੰਗੀਤ ਦੀ ਸਿਖਲਾਈਪ੍ਰਾਪਤ ਕੀਤੀ। ਉਨ੍ਹਾਂ ਨੇ ਕਿਸ਼ੋਰ ਕੁਮਾਰ ਨੂੰ ਯੋਡੇਲਿੰਗ ਦੀ ਕਲਾ ਸਿਖਾਈ, ਜੋ ਬਾਅਦ ਵਿੱਚ ਇਸ ਪ੍ਰਸਿੱਧ ਗਾਇਕ ਦੀ ਗਾਇਕੀ ਦੀ ਇੱਕ ਪਛਾਣ ਬਣ ਗਈ।ਅਨੂਪ ਕੁਮਾਰ 1940 ਦੇ ਦਹਾਕੇ ਦੇ ਅਖੀਰ ਵਿੱਚ ਮੁੰਬਈ ਚਲੇ ਗਏ ਅਤੇ ਆਪਣੇ ਵੱਡੇ ਭਰਾ, ਅਸ਼ੋਕ ਕੁਮਾਰ ਦੇ ਨਕਸ਼ੇ ਕਦਮਾਂ 'ਤੇ ਚੱਲਦੇ ਹੋਏ, ਸਿਲਵਰ ਸਕ੍ਰੀਨ 'ਤੇ ਆਪਣੀ ਕਿਸਮਤ ਅਜ਼ਮਾਈ।

ਉਨ੍ਹਾਂ ਨੇ 1950 ਵਿੱਚ ਫਿਲਮ "ਖਿਲਾੜੀ" ਵਿੱਚ ਸਹਾਇਕ ਭੂਮਿਕਾ ਨਾਲ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ। ਉਸੇ ਸਾਲ ਬਾਅਦ ਵਿੱਚ, ਉਨ੍ਹਾਂ ਨੇ ਊਸ਼ਾ ਕਿਰਨ ਅਤੇ ਪੂਰਨਿਮਾ ਦੇ ਨਾਲ "ਗੌਨਾ" ਵਿੱਚ ਆਪਣੀ ਪਹਿਲੀ ਮੁੱਖ ਭੂਮਿਕਾ ਨਿਭਾਈ। ਹਾਲਾਂਕਿ ਸਫਲਤਾ ਹੌਲੀ-ਹੌਲੀ ਆਈ, ਅਨੂਪ ਆਪਣੇ ਕੰਮ 'ਤੇ ਕੇਂਦ੍ਰਿਤ ਰਿਹਾ।ਅਦਾਕਾਰ ਨੂੰ ਅਮੀਆ ਚੱਕਰਵਰਤੀ ਦੀ ਰੋਮਾਂਟਿਕ ਕਾਮੇਡੀ "ਦੇਖ ਕਬੀਰਾ ਰੋਇਆ" (1957) ਨਾਲ ਅਸਲ ਮਾਨਤਾ ਮਿਲੀ। ਗਾਇਕ ਮੋਹਨ ਦੀ ਭੂਮਿਕਾ ਨਿਭਾਉਂਦੇ ਹੋਏ, ਅਨੂਪ ਨੇ ਹਾਸੇ ਅਤੇ ਬੁੱਧੀ ਦੀ ਇੱਕ ਸ਼ਾਨਦਾਰ ਭਾਵਨਾ ਦਿਖਾਈ। ਇਸ ਫ਼ਿਲਮ ਨੇ ਉਨ੍ਹਾਂ ਨੂੰ ਹਲਕੇ-ਫੁਲਕੇ ਅਤੇ ਕਿਰਦਾਰ-ਸੰਚਾਲਿਤ ਭੂਮਿਕਾਵਾਂ ਲਈ ਇੱਕ ਭਰੋਸੇਯੋਗ ਕਲਾਕਾਰ ਵਜੋਂ ਸਥਾਪਿਤ ਕੀਤਾ। ਅਨੂਪ ਕੁਮਾਰ ਦਾ ਸਭ ਤੋਂ ਯਾਦਗਾਰ ਪ੍ਰਦਰਸ਼ਨ ''ਚਲਤੀ ਕਾ ਨਾਮ ਗੱਡੀ'' (1958) ਸੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਭਰਾਵਾਂ ਅਸ਼ੋਕ ਕੁਮਾਰ ਅਤੇ ਕਿਸ਼ੋਰ ਕੁਮਾਰ ਨਾਲ ਸਕ੍ਰੀਨ ਸਾਂਝੀ ਕੀਤੀ ਸੀ। ਮਾਸੂਮ, ਚੰਚਲ ਅਤੇ ਮਜ਼ਾਕੀਆ ਜਗਮੋਹਨ "ਜੱਗੂ" ਸ਼ਰਮਾ ਦੇ ਉਨ੍ਹਾਂ ਦੇ ਕਿਰਦਾਰ ਨੇ ਪੀੜ੍ਹੀਆਂ ਦੇ ਦਿਲ ਜਿੱਤ ਲਏ।-ਲਗਭਗ ਚਾਰ ਦਹਾਕਿਆ ਦੇ ਕਰੀਅਰ ਵਿੱਚ, ਉਹ ਲਗਭਗ 75 ਫਿਲਮਾਂ ਵਿੱਚ ਨਜ਼ਰ ਆਏ। ਭਾਵੇਂ ਮੁੱਖ ਭੂਮਿਕਾਵਾਂ ਵਿੱਚ ਹੋਵੇ ਜਾਂ ਸਹਾਇਕ ਭੂਮਿਕਾਵਾਂ ਵਿੱਚ, ਉਨ੍ਹਾਂ ਨੇ ਹਰ ਭੂਮਿਕਾ ਵਿੱਚ ਨਿੱਘ ਅਤੇ ਸੱਚਾਈ ਭਰੀ। ਉਸ ਨੇ 'ਲੁਕੋਚੂਰੀ' (1958), 'ਚਾਚਾ ਜ਼ਿੰਦਾਬਾਦ' (1959), 'ਨੱਚ ' (1959), 'ਮਹਾਭਾਰਤ' (1965), 'ਤੁਮਹਾਰੇ ਬੀਨਾ' (1982), 'ਓਵਰ ਮੈਰਿਜ' (1989), 'ਐੱਚ.ਬੀ. ਜ਼ਮਾਨਾ' (1992), 'ਦਿਲ ਔਰ ਮੁਹੱਬਤ' (1968), 'ਆਂਸੂ ਬਨ ਗਏ ਫੂਲ' (1969) (ਜਿਸ ਦਾ ਉਸ ਨੇ ਨਿਰਮਾਣ ਵੀ ਕੀਤਾ), 'ਪ੍ਰੇਮ ਪੁਜਾਰੀ' (1970) ਅਤੇ 'ਅਮਰ ਪ੍ਰੇਮ' (1972)।

ਅਨੂਪ ਕੁਮਾਰ ਨੇ "ਝੁਮਰੂ" (1961), "ਜੰਗਲੀ" (1961), "ਕਸ਼ਮੀਰ ਕੀ ਕਲੀ" (1964), "ਰਾਤ ਔਰ ਦਿਨ" (1967), ਅਤੇ "ਵਿਕਟੋਰੀਆ ਨੰਬਰ 203" (1972) ਵਰਗੀਆਂ ਕਲਾਸਿਕ ਫਿਲਮਾਂ ਵਿੱਚ ਵੀ ਕੰਮ ਕੀਤਾ। ਉਸਦੀ ਆਖਰੀ ਫਿਲਮ 1995 ਵਿੱਚ "ਰਾਕ ਡਾਂਸਰ" ਸੀ। ਬਾਅਦ ਦੇ ਸਾਲਾਂ ਵਿੱਚ, ਅਭਿਨੇਤਾ ਨੇ ਫਿਲਮਾਂ ਛੱਡ ਦਿੱਤੀਆਂ ਅਤੇ ਟੈਲੀਵਿਜ਼ਨ ਵੱਲ ਮੁੜੇ। ਉਨ੍ਹਾਂ ਨੇ ਦੂਰਦਰਸ਼ਨ ਦੇ ਜਾਸੂਸੀ ਸੀਰੀਅਲ "ਭੀਮ ਭਵਾਨੀ" (1990) ਵਿੱਚ ਅਸ਼ੋਕ ਕੁਮਾਰ ਦੇ ਨਾਲ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਇੱਕ ਪਛਾਣ ਬਣਾਈ। ਉਹ 'ਦਾਦਾ ਦਾਦੀ ਕੀ ਕਹਾਣੀ' ਅਤੇ 'ਏਕ ਰਾਜਾ ਏਕ ਰਾਣੀ' ਵਰਗੇ ਸ਼ੋਅ 'ਚ ਵੀ ਨਜ਼ਰ ਆਏ।

ਅਨੂਪ ਕੁਮਾਰ ਨੇ "ਯੇ ਮੁਹੱਬਤ ਕਯਾ ਕਰੇਂਗੇ" (ਚਲਤੀ ਕਾ ਨਾਮ ਜ਼ਿੰਦਗੀ, 1982), "ਅੱਲ੍ਹਾ ਖੈਰ ਬਾਬਾ ਖੈਰ" (ਹਮ ਦੋ ਡਾਕੂ, 1967), ਅਤੇ "ਲਿਆ ਲਿਆ ਰੇ" (ਰੌਕ ਡਾਂਸਰ, 1995) ਵਰਗੇ ਗੀਤ ਨੂੰ ਆਪਣੀ ਆਵਾਜ਼ ਦਿੱਤੀ। ਅਨੂਪ ਕੁਮਾਰ ਲਈ, ਉਨ੍ਹਾਂ ਦੇ ਭਰਾ ਕਿਸ਼ੋਰ ਕੁਮਾਰ ਨੇ, ਆਪਣੇ ਸਿਧਾਂਤਾਂ ਨੂੰ ਪਾਸੇ ਰੱਖ ਕੇ, ਦੋ ਫਿਲਮਾਂ ਵਿੱਚ ਉਨ੍ਹਾਂ ਦੇ ਲਈ ਗਾਇਆ, ਜਦੋਂ ਕਿ ਕਿਸ਼ੋਰ ਕੁਮਾਰ ਨੇ ਕਦੇ ਆਪਣੇ ਰਿਸ਼ਤੇਦਾਰਾਂ ਲਈ ਨਹੀਂ ਗਾਇਆ।

## ਦੀਪਿਕਾ ਪਾਦੂਕੋਨ ਇਸ ਸਾਲ ਪਾਏਗੀ ਧਮਾਲ

ਫਿਲਮ ਫੇਅਰ ਐਵਾਰਡ ਹਾਸਿਲ ਕਰਨ ਵਾਲੀ ਅਭਿਨੇਤਰੀ ਦੀਪਿਕਾ ਪਾਦੂਕੋਨ ਨੂੰ ਵਿਸ਼ਵ ਦੇ ਹਰਮਨਪਿਆਰੇ ਮੈਗਜ਼ੀਨ 'ਟਾਈਮ' ਨੇ ਸੰਸਾਰ ਦੀਆਂ ਸੌ ਪ੍ਰਭਾਵਸ਼ਾਲੀ ਨਾਰੀਆਂ ਦੀ ਸ਼੍ਰੇਣੀ 'ਚ ਸ਼ਾਮਿਲ ਕਰ ਕੇ ਪ੍ਰਭਾਵ ਦਿੱਤਾ ਹੈ ਕਿ ਭਾਰਤ ਦੀ ਪ੍ਰਤੀਨਿਧਤਾ ਸੰਸਾਰ ਦੀਆਂ ਸ਼ਕਤੀਸ਼ਾਲੀ ਔਰਤਾਂ 'ਚ ਦੀਪਿਕਾ ਪਾਦੂਕੋਨ ਹੀ ਕਰਦੀ ਹੈ। ਇਕ ਪਾਸੇ ਉਸ ਦਾ 40ਵਾਂ ਜਨਮ ਦਿਨ ਮਨਾਉਣ ਦਾ ਜਸ਼ਨ ਤੇ ਦੂਸਰੇ ਪਾਸੇ ਪਤੀ ਰਣਵੀਰ ਸਿੰਘ ਦੀ 'ਧੁਰੰਧਰ' ਦੀ ਕਾਮਯਾਬੀ ਦੇ ਜਸ਼ਨ ਤੋਂ ਦੀਪਿਕਾ ਬਹੁਤ ਜ਼ਿਆਦਾ ਖੁਸ਼ ਹੈ। ਦੋ ਸਾਲ ਪਹਿਲਾਂ ਉਸ ਦੀਆਂ ਤਿੰਨ ਫਿਲਮਾਂ 'ਕਲਕੀ 2898 ਏ.ਡੀ.', 'ਸਿੰਘਮ ਅਗੇਨ' ਤੇ 'ਫਾਈਟਰ' ਆਈਆਂ ਸਨ ਤੇ ਹੁਣ ਉਸ ਦੀ ਧੀ ਦੁਆ ਵੀ ਦੋ ਸਾਲ ਦੀ ਹੋ ਗਈ ਹੈ ਪਰ ਉਸ ਦੇ ਚਹੇਤੇ ਉਸ ਦੀ ਫ਼ਿਲਮਾਂ 'ਚ ਗ਼ੈਰ-ਹਾਜ਼ਰੀ ਨੂੰ ਹੁਣ ਜ਼ਿਆਦਾ ਦੇਰ ਦੇਖਣਾ ਨਹੀਂ ਚਾਹੁੰਦੇ। ਦੀਪਿਕਾ ਨੇ ਅੱਠ ਘੰਟੇ ਹੀ ਕੰਮ ਕਰਨ ਦਾ ਐਲਾਨ ਕਰਕੇ ਇੰਡਸਟਰੀ ਵਿਚ ਬਹਿਸ ਛੇੜ ਦਿੱਤੀ ਤੇ ਇਸ ਕਾਰਨ 'ਕਲਕੀ ਏ.ਡੀ. 2898' ਦੇ ਅਗਲੇ ਹਿੱਸੇ 'ਚ ਚਾਹੁਣ ਦੇ ਬਾਵਜੂਦ ਨਿਰਮਾਤਾ ਉਸ ਨੂੰ ਨਹੀਂ ਲੈ ਰਹੇ ਹਨ। ਸੰਦੀਪ ਰੈਡੀ ਵਾਂਗਾ ਦੀ ਫਿਲਮ 'ਸਪਿਰਟ' ਵੀ। ਦੀਪਿਕਾ ਨਹੀਂ ਕਰ ਰਹੀ ਹੈ। ਤਿੰਨ ਸਾਲ ਬਾਅਦ ਸ਼ਾਹਰੁਖ ਖਾਨ ਫਿਰ ਵੱਡੇ ਪਰਦੇ 'ਤੇ ਆਉਣ ਵਾਲੇ ਹਨ। ਖ਼ਬਰਾਂ ਅਨੁਸਾਰ ਸ਼ਾਹਰੁਖ ਨਾਲ ਹੀਰੋਇਨ ਦੀਪਿਕਾ ਹੀ ਹੋਵੇਗੀ ਤੇ ਇਹ ਫਿਲਮ ਇਸ ਸਾਲ ਬਣੇਗੀ। ਇਟਲੀ ਕੁਮਾਰ ਨੇ ਅਲੂ ਅਰਜਨ ਨਾਲ ਦੀਪਿਕਾ ਨੂੰ ਲੈਣ ਦੀ ਗੱਲ ਆਖੀ ਹੈ ਤੇ ਡਿੰਪੀ ਦੀਆਂ ਫਿਲਮੀ ਗਤੀਵਿਧੀਆਂ ਦੀ ਖ਼ਬਰ ਉਸ ਦੇ ਚਹੇਤੇ ਚਾਅ ਨਾਲ ਦੇਖ ਰਹੇ ਹਨ।



ਹੋ ਸਕਦਾ ਹੈ ਕਿ ਵਿੱਕੀ ਕੌਸ਼ਲ ਨਾਲ ਫਿਲਮ 'ਮਹਾਂਅਵਤਾਰ' ਵੀ ਦੀਪਿਕਾ ਕਰੇ ਤੇ ਇਸ ਤਰ੍ਹਾਂ 2024 ਵਾਂਗ ਦੀਪਿਕਾ ਨੇ ਤਿੰਨ ਫਿਲਮਾਂ ਕੀਤੀਆਂ ਸਨ ਤੇ ਹੁਣ ਵੀ ਡਿੰਪੀ ਤਿੰਨ ਫਿਲਮਾਂ ਕਰਨ ਵਾਲੀ ਹੈ। ਨਵਾਂ ਸਾਲ ਯੂ.ਐਸ.ਏ. ਦੇ ਨਿਊਯਾਰਕ ਸ਼ਹਿਰ ਮਨਾਉਣ ਵਾਲੀ ਦੀਪਿਕਾ ਨੇ ਇਸ ਵਾਰ ਆਪਣਾ ਜਨਮ ਦਿਨ ਮੁੰਬਈ ਵਿਖੇ ਆਪਣੇ ਪ੍ਰਸੰਸਕਾਂ ਦੀ ਹਾਜ਼ਰੀ 'ਚ ਮਨਾਇਆ ਤੇ ਇਸ ਦਾ ਵੀਡੀਓ ਵੀ ਸਾਰੇ ਪਾਸੇ ਉਂਝ ਹੀ ਤੇਜ਼ੀ ਨਾਲ ਵਾਇਰਲ ਹੋਇਆ ਜਿਵੇਂ ਕਿਸੇ ਦੋਸਤ ਦੇ ਵਿਆਹ 'ਤੇ ਅਮਰੀਕਾ ਵਿਖੇ ਗਈ ਦੀਪਿਕਾ ਤੇ ਰਣਵੀਰ ਸਿੰਘ ਦੀ ਸੈਲਫ਼ੀ ਵਾਇਰਲ ਹੋ ਰਹੀ ਹੈ। ਦਸ ਸਾਲ ਬਾਅਦ ਡਿੰਪੀ ਫਿਰ ਰਣਬੀਰ ਕਪੂਰ ਨਾਲ ਪਰਦੇ 'ਤੇ ਸਾਂਝ ਪਾਉਂਦੀ ਦਿਖਾਈ ਦੇਵੇਗੀ ਤੇ ਇਹ ਨਵੀਂ ਫਿਲਮ 'ਚੋਰੀ ਚੋਗੇ' ਰਾਜ ਕਪੂਰ ਦੀ ਕਲਾਸਿਕ ਫਿਲਮ ਤੋਂ ਪ੍ਰੇਰਿਤ ਹੋਵੇਗੀ ਤੇ ਨਰਗਿਸ ਵਾਲਾ ਕਿਰਦਾਰ ਦੀਪਿਕਾ ਨਿਭਾਉਣ ਜਾ ਰਹੀ ਹੈ। ਇਧਰ ਕਾਰਤਿਕ ਆਰੀਅਨ ਨੇ ਕਿਹਾ ਹੈ ਕਿ ਉਸ ਦੀ ਤੀਬਰ ਇੱਛਾ ਹੈ ਕਿ ਉਹ ਦੀਪਿਕਾ ਪਾਦੂਕੋਨ ਨਾਲ ਹੀਰੋ ਆਵੇ ਤੇ ਇਹ ਬਹੁਤ ਕੁਝ ਇਸ ਸਾਲ ਦੇਖਣ ਸੁਣਨ ਨੂੰ ਮਿਲੇਗਾ।

## 'ਬਾਰਡਰ-2' ਵਿਚ ਸਹਿਯੋਗੀ ਕਲਾਕਾਰਾਂ 'ਤੇ ਭਾਰੀ ਪੈਣ ਵਾਲੀ ਹੈ ਮੇਧਾ ਰਾਣਾ



ਮਲਟੀ ਸਟਾਰਰ ਫ਼ਿਲਮ 'ਬਾਰਡਰ-2' ਵਿਚ ਵਰੁਣ ਧਵਨ, ਦਿਲਜੀਤ ਦੋਸਾਂਝ ਅਤੇ ਅਹਾਨ ਸ਼ੈਟੀ ਮੁੱਖ ਭੂਮਿਕਾ ਵਿਚ ਹਨ। ਉਨ੍ਹਾਂ ਨਾਲ ਅਦਾਕਾਰਾ ਮੋਨਾ ਸਿੰਘ, ਸੋਨਮ ਬਾਜਵਾ ਅਤੇ ਆਨਿਆ ਸਿੰਘ ਨਜ਼ਰ ਆਵੇਗੀ।

ਫ਼ਿਲਮ 'ਬਾਰਡਰ-2' ਸਾਲ 1997 ਦੀ ਬੇਹੱਦ ਕਾਮਯਾਬ ਫ਼ਿਲਮ 'ਬਾਰਡਰ' ਦਾ ਵਿਸਥਾਰ ਹੈ। ਜੇ.ਪੀ. ਦੱਤਾ ਵਲੋਂ ਨਿਰਦੇਸ਼ਿਤ ਕੀਤੀ ਗਈ 'ਬਾਰਡਰ' (1997) ਨੂੰ ਭਾਰਤੀ ਸਿਨੇਮਾ ਦੀ ਸਭ ਤੋਂ ਪ੍ਰਭਾਵਸ਼ਾਲੀ ਦੇਸ਼ ਭਗਤੀ ਵਾਲੀਆਂ ਫ਼ਿਲਮਾਂ ਵਿਚੋਂ ਇਕ ਮੰਨਿਆ ਜਾਂਦਾ ਹੈ। 'ਬਾਰਡਰ' (1997) ਦੇ ਵਿਸਥਾਰ 'ਬਾਰਡਰ-2' ਦਾ ਨਿਰਦੇਸ਼ਨ ਅਨੁਰਾਗ ਸਿੰਘ ਨੇ ਕੀਤਾ ਹੈ। ਇਹ ਫ਼ਿਲਮ 23 ਜਨਵਰੀ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਵਾਲੀ ਹੈ।


ਸੋਸ਼ਲ ਮੀਡੀਆ 'ਤੇ ਗਲੈਮਰਸ ਤਸਵੀਰਾਂ ਜ਼ਰੀਏ ਪ੍ਰਸੰਸਕਾਂ ਦਾ ਦਿਲ ਜਿੱਤ ਚੁੱਕੀ ਅਦਾਕਾਰਾ ਮੇਧਾ ਰਾਣਾ, 'ਬਾਰਡਰ-2' ਤੋਂ ਬਾਲੀਵੁੱਡ ਵਿਚ ਡੈਬਿਊ ਕਰਨ ਜਾ ਰਹੀ ਹੈ। ਫ਼ਿਲਮ ਵਿਚ ਉਹ ਵਰੁਣ ਧਵਨ ਦੇ ਨਾਲ ਦਿਖਾਈ ਦੇਵੇਗੀ। ਮੇਧਾ ਦੇ ਕਰੀਅਰ ਲਈ ਇਹ ਫ਼ਿਲਮ ਬਹੁਤ ਅਹਿਮ ਸਾਬਿਤ ਹੋਣ ਵਾਲੀ ਹੈ। ਮੇਧਾ ਰਾਣਾ ਫ਼ਿਲਮ ਵਿਚ ਉਸ ਦੀ ਕਾਸਟਿੰਗ ਦੇ ਨਾਲ ਹੀ ਚਰਚਾ ਵਿਚ ਆ ਗਈ ਸੀ। ਟੀ-ਸੀਰੀਜ਼ ਨੇ ਜਿਵੇਂ ਉਸ ਨੂੰ ਫ਼ਿਲਮ ਦੀ ਮੁੱਖ ਅਦਾਕਾਰਾ ਐਲਾਨਿਆ, ਮੇਧਾ ਦੀਆਂ ਖੂਬਸੂਰਤ ਤਸਵੀਰਾਂ ਸੋਸ਼ਲ ਮੀਡੀਆ 'ਤੇ ਜੰਮ ਕੇ ਵਾਇਰਲ ਹੋਣ ਲੱਗੀਆਂ ਸਨ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

‘ਏਕ ਪਿਤਾ ਏਕਸ ਕੇ ਹਮ ਬਾਰਿਕ’ ਦਾ ਸੁਨੇਹਾ ਦੇਣ ਵਾਲੇ

ਸ੍ਰੀ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੀ ਸੰਗਤ ਨੂੰ




ਲੱਖ ਲੱਖ ਵਧਾਈ ਹੋਵੇ

ਵਲੋਂ: ਤੂਰਾ ਪਰਿਵਾਰ, ਵੈਸਟਫੀਲਡ (ਇੰਡੀਆਨਾ)
ਫੋਨ ਨੰਬਰ: 317-702- 0481